
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 4-5
May 10, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਬੁੱਧ ਪੂਰਣਿਮਾ ਦਿਵਸ ਦੀਆਂ ਲੱਖ-ਲੱਖ ਵਧਾਈਆਂ। ਮਹਾਤਮਾ ਬੁੱਧ ਦੇ ਜੀਵਨ ਅਤੇ ਉਪਦੇਸ਼ਾਂ ਨੂੰ ਦਰਸਾਉਂਦਾ ਪ੍ਰੋ. ਐਚ. ਐਲ. ਕਪੂਰ ਦਾ ਲੇਖ ਦੇਖੋ ਸਫਾ 15 'ਤੇ।

# ਲਗਾਤਾਰ ਹਾਰਾਂ ਤੋਂ ਬਾਅਦ ਕਸੂਤੀ ਫਸੀ ਆਮ ਆਦਮੀ ਪਾਰਟੀ

## ਸੀਬੀਆਈ ਕਰੇਗੀ ਜਾਂਚ, ਪੰਜਾਬ ਵਿਚ ਵੱਡੀ ਬਗਾਵਤ ਦੇ ਆਸਾਰ

ਸਰਕਾਰ ਵਿੱਚੋਂ ਹਟਾਏ ਗਏ ਮੰਤਰੀ ਕਪਿਲ ਮਿਸ਼ਰਾ ਨੇ ਸੀਬੀਆਈ ਕੋਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਮੰਤਰੀ ਸਤਿੰਦਰ ਜੈਨ ਤੇ ਪਾਰਟੀ ਦੇ ਕੁਝ ਹੋਰਨਾਂ ਆਗੂਆਂ ਖ਼ਿਲਾਫ਼ ਤਿੰਨ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਸਾਬਕਾ ਜਲ ਮੰਤਰੀ ਨੇ ਧਮਕੀ ਦਿੱਤੀ ਹੈ ਕਿ ਜੇਕਰ ਪਾਰਟੀ ਨੇ ਕੁਝ ਆਗੂਆਂ ਵੱਲੋਂ ਕੀਤੇ ਗਏ ਵਿਦੇਸ਼ੀ ਦੌਰਿਆਂ ਦੇ ਵੇਰਵੇ ਨਸ਼ਰ ਨਾ ਕੀਤੇ ਤਾਂ ਉਹ ਅਣ-ਮਿੱਥੇ ਸਮੇਂ ਲਈ ਭੁੱਖ ਹੜਤਾਲ ਕਰਨਗੇ। ਇਸ ਦੌਰਾਨ ਐਂਟੀ ਕਰੱਪਸ਼ਨ ਬਿਊਰੋ ਨੇ ਸਾਬਕਾ ਮੰਤਰੀ ਨੂੰ 11 ਮਈ ਨੂੰ ਟੈਂਕਰ ਘੁਟਾਲਾ ਮਾਮਲੇ ਵਿੱਚ ਬਿਆਨ ਦਰਜ ਕਰ-ਾਉਣ ਲਈ ਸੱਦਿਆ ਹੈ।



ਸਾਬਕਾ ਮੰਤਰੀ ਨੇ ਸੀਬੀਆਈ ਕੋਲ ਪੇਸ਼ ਹੋ ਤਿੰਨ ਸ਼ਿਕਾਇਤਾਂ ਕੀਤੀਆਂ। ਪਹਿਲੀ ਸ਼ਿਕਾਇਤ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਸਤਿੰਦਰ ਜੈਨ ਦਰਮਿਆਨ 2 ਕਰੋੜ ਦੇ ਨਗ਼ਦ ਲੈਣ-ਦੇਣ, ਦੂਜੀ 50 ਕਰੋੜ ਦਾ ਕਥਿਤ ਜ਼ਮੀਨ ਸੌਦਾ ਕਰਨ ਲਈ ਸ੍ਰੀ ਜੈਨ ਵੱਲੋਂ ਕੀਤੀ ਗਈ ਮਦਦ ਅਤੇ ਤੀਜੀ ਸ਼ਿਕਾਇਤ 'ਆਪ' ਆਗੂਆਂ ਵੱਲੋਂ ਵਿਦੇਸ਼ ਦੌਰਿਆਂ ਲਈ ਪਾਰਟੀ ਚੰਦੇ ਦੀ ਕਥਿਤ ਦੁਰਵਰਤੋਂ ਨਾਲ ਸਬੰਧਤ ਸੀ। ਸਾਬਕਾ ਮੰਤਰੀ ਨੇ ਐਂਟੀ ਕਰੱਪਸ਼ਨ ਬਿਊਰੋ (ਏਸੀਬੀ) ਨੂੰ 400 ਕਰੋੜ ਦੇ ਟੈਂਕਰ ਘੁਟਾਲੇ ਦੀ ਜਾਂਚ ਵਿੱਚ ਮੁੱਖ ਮੰਤਰੀ ਕੇਜਰੀਵਾਲ ਵੱਲੋਂ ਕਥਿਤ ਦੇਰੀ ਕੀਤੇ ਜਾਣ ਨਾਲ ਸਬੰਧਤ ਮਾਮਲੇ ਵਿੱਚ ਸਬੂਤ ਦੇਣ ਦਾ ਦਾਅਵਾ ਕੀਤਾ ਸੀ। ਏਸੀਬੀ ਵੱਲੋਂ ਇਸ ਮਾਮਲੇ ਵਿੱਚ ਤਤਕਾਲੀਨ ਉਪ ਰਾਜਪਾਲ ਨਜੀਬ ਜੰਗ ਦੀ ਹਦਾਇਤ ਉੱਤੇ ਕੇਸ ਪਹਿਲਾਂ ਹੀ

(ਬਾਕੀ ਸਫਾ 7 ਤੇ)

## 11 ਵਿਧਾਇਕ 'ਆਪ' ਛੱਡਣ ਨੂੰ ਤਿਆਰ: ਵਿਨੀਤ ਜੋਸ਼ੀ

ਚੰਡੀਗੜ੍ਹ- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਦੇ ਅਹੁਦੇ ਤੋਂ ਗੁਰਪ੍ਰੀਤ ਸਿੰਘ ਵੜੈਚ ਨੂੰ ਹਟਾ ਕੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਪ੍ਰਧਾਨ ਬਣਾਉਣ ਦੇ ਨਾਲ ਹੀ ਇਕ ਵਾਰ ਮੁੜ ਪਾਰਟੀ ਵਿਚ ਵੱਡੇ ਧਮਾਕੇ ਹੋਣ ਦੀ ਸੰਭਾਵਨਾ ਬਣ ਗਈ ਹੈ। ਇਸ ਕਾਰਨ ਪਾਰਟੀ ਦੇ ਅੰਦਰ ਭੂਚਾਲ ਵਰਗੀ ਸਥਿਤੀ ਬਣੀ ਪਈ ਹੈ। ਸੂਤਰਾਂ ਅਨੁਸਾਰ ਸ੍ਰੀ ਮਾਨ ਨੂੰ ਪ੍ਰਧਾਨ ਬਣਾਉਣ ਤੋਂ ਨਿਰਾਸ਼ ਗੁਰਪ੍ਰੀਤ ਵੜੈਚ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੀਟਿੰਗ ਕਰ ਕੇ ਸਾਰੀ ਸਥਿਤੀ ਉਪਰ ਵਿਚਾਰ ਕੀਤਾ। ਸੰਪਰਕ ਕਰਨ 'ਤੇ ਸ੍ਰੀ ਖਹਿਰਾ ਨੇ ਪੁਸ਼ਟੀ ਕੀਤੀ ਕਿ ਅੱਜ ਸ੍ਰੀ ਵੜੈਚ ਉਨ੍ਹਾਂ ਕੋਲ ਆਏ ਸੀ ਅਤੇ ਉਨ੍ਹਾਂ ਨੇ ਸ੍ਰੀ ਮਾਨ ਨੂੰ ਪ੍ਰਧਾਨ ਬਣਾਉਣ ਤੋਂ ਬਾਅਦ ਪੈਦਾ ਹੋਈ ਸਥਿਤੀ ਉਪਰ ਚਰਚਾ ਕੀਤੀ ਹੈ। ਸ੍ਰੀ ਖਹਿਰਾ ਨੇ ਦੱਸਿਆ ਕਿ ਜਦੋਂ ਸ੍ਰੀ ਵੜੈਚ ਉਨ੍ਹਾਂ ਨੂੰ ਮਿਲਣ ਆਏ ਤਾਂ ਉਸੇ ਵੇਲੇ ਪਾਰਟੀ ਦੇ ਸਹਿ-ਪ੍ਰਧਾਨ ਬਣਾਏ ਵਿਧਾਇਕ ਅਮਨ ਅਰੋੜਾ ਵੀ ਉਨ੍ਹਾਂ ਨੂੰ ਮਿਲਣ ਆ ਗਏ। ਉਨ੍ਹਾਂ ਅਜਿਹੀਆਂ ਅਫ਼ਵਾਹਾਂ ਦਾ ਖੰਡਨ ਕੀਤਾ ਕਿ ਉਨ੍ਹਾਂ ਪਾਰਟੀ ਦੇ 11 ਵਿਧਾਇਕਾਂ ਨਾਲ ਮੀਟਿੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਵੀ ਆਪਣੇ ਸਟੈਂਡ



(ਬਾਕੀ ਸਫਾ 7 ਤੇ)




ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਸੈਕਰਾਮੈਂਟੋ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ। **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 20 'ਤੇ)**

## ਪੀ. ਸੀ. ਐਸ. ਸੈਕਰਾਮੈਂਟੋ ਦੇ 28ਵੇਂ ਵਿਸਾਖੀ ਮੇਲੇ ਨੇ ਕਰਾਈ ਬੱਲੇ-ਬੱਲੇ



ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 19 ਅਤੇ 20 'ਤੇ


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)


ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828

Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Buy/ Sell Real Estate Residential or Commercial

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE
ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL
JEWELRY, SWEETS,
FRESH VEGETABLES
& MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow
Threading Now Open
Eyebrow Threading
& Henna Tattoo
7 times,
Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916-338-5511
Email:
IndiaMarketRoseville@gmail.com

# 1951 ਵਿਚ ਡਾ.ਅੰਬੇਡਕਰ ਨੇ ਡੀ.ਏ.ਵੀ ਵਿਚ ਬਣਵਾਈ ਸੀ ਪਹਿਲੀ ਯੂਥ ਪਾਰਲੀਮੈਂਟ

**ਜਲੰਧਰ–** 27 ਅਕਤੂਬਰ 1951 ਦਾ ਦਿਨ ਸੀ। ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜਲੰਧਰ ਵਿਚ ਸਨ। ਦਿਨ ਵਿਚ ਉਹਨਾਂ ਨੇ ਲੱਖਾਂ ਦੀ ਗਿਣਤੀ ਵਿਚ ਪੰਜਾਬ ਭਰ ਤੋਂ ਆਏ ਲੋਕਾਂ ਨੂੰ ਸੰਬੋਧਨ ਕੀਤਾ। ਉਸੇ ਦਿਨ ਡੀ. ਏ. ਵੀ. ਦੇ ਇੰਗਲਿਸ਼ ਦੇ ਪ੍ਰੋਫੈਸਰ ਜੀ. ਕਾਰ ਉਹਨਾਂ ਦੇ ਕੋਲ ਪਹੁੰਚੇ ਅਤੇ ਕਾਲਜ ਆ ਕੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਨ ਲਈ ਕਿਹਾ। ਬਾਬਾ ਸਾਹਿਬ ਨੇ ਕਿਹਾ ਕਿ 'ਠੀਕ ਹੈ ਮੈਂ ਕੱਲ੍ਹ ਸ਼ਾਮ ਨੂੰ ਜ਼ਰੂਰ ਆਵਾਂਗਾ। ਵਿਦਿਆਰਥੀਆਂ ਨੂੰ ਮਿਲਾਂਗਾ ਪਰ ਤੁਸੀਂ ਇਕ ਕੰਮ ਕਰੋ, ਕਾਲਜ ਵਿਚ ਮਾਕ ਯੂਥ ਪਾਰਲੀਮੈਂਟ ਬਣਵਾਓ ਤਾਂ ਜੋ ਨੌਜਵਾਨ ਪੀੜ੍ਹੀ ਦੇਸ਼ ਦੀ ਨਵੀਂ ਬਣੀ ਸੰਸਦੀ ਪ੍ਰਣਾਲੀ ਨੂੰ ਜਾਣ ਸਕੇ। ਜਾਣ ਸਕੇ ਕਿ ਲੋਕਤੰਤਰ ਵਿਚ ਕਿਵੇਂ ਸੱਤਾਧਾਰੀ ਪਾਰਟੀ ਤੋਂ ਵਿਰੋਧੀ ਧਿਰ ਉਹਨਾਂ ਦੇ ਕੰਮਾਂ ਨੂੰ ਲੈ ਕੇ ਸਵਾਲ-ਜਵਾਬ ਕਰ ਸਕਦਾ ਹੈ। ਅਜਿਹਾ ਹੀ ਹੋਇਆ। ਡੀ. ਏ. ਵੀ. ਵਿਚ 28 ਅਕਤੂਬਰ ਨੂੰ ਪਹਿਲੀ ਯੂਥ ਪਾਰਲੀਮੈਂਟ ਬਣੀ। ਡਾ. ਅੰਬੇਡਕਰ ਦੀ ਮੌਜੂਦਗੀ ਵਿਚ ਹੂਬਹੂ ਸੰਸਦ ਵਾਂਗ ਸਟੂਡੈਂਟਸ ਸੱਤਾਧਾਰੀ ਪਾਰਟੀ, ਵਿਰੋਧੀ ਧਿਰ ਅਤੇ ਸਪੀਕਰ ਦੇ ਰੂਪ ਵਿਚ ਬੈਠੇ ਅਤੇ ਦੇਸ਼ ਦੇ ਮੁੱਦਿਆਂ 'ਤੇ ਚਰਚਾ ਕੀਤੀ। ਇਹ ਦੇਸ਼ ਵਿਚ ਪਹਿਲਾ ਮੌਕਾ ਸੀ ਜਦੋਂ ਯੂਥ ਪਾਰਲੀਮੈਂਟ ਤਿਆਰ ਕੀਤੀ ਗਈ ਸੀ। ਇਹ ਮੌਕਾ ਡੀ. ਏ. ਵੀ. ਕਾਲਜ ਨੂੰ ਮਿਲਿਆ ਸੀ।



**ਡਾ. ਜੀ.ਸੀ. ਕੌਲ,**
ਐਮ.ਏ., ਪੀ. ਐਚ. ਡੀ.,
91-94632-23223




ਇਸ ਨੂੰ ਯਾਦ ਕਰਦੇ ਹੋਏ ਡੀ. ਏ. ਵੀ. ਦੇ ਪੰਜਾਬੀ ਵਿਭਾਗ ਦੇ ਬਤੌਰ ਐਚ. ਓ. ਡੀ. ਰਿਟਾਇਰ ਹੋਏ ਡਾ. ਜੀ. ਸੀ. ਕੌਲ ਕਹਿੰਦੇ ਹਨ ਕਿ ਅੱਜ ਵੀ ਡੀ. ਏ. ਵੀ. ਦੇ ਕੋਲ ਬਾਬਾ ਸਾਹਿਬ ਦੀਆਂ ਗੱਲਾਂ ਚਾਰ ਪੱਖਾਂ ਦੀ ਸਪੀਚ ਦੇ ਰੂਪ ਵਿਚ ਸੰਭਾਲੀਆਂ ਹੋਈਆਂ ਹਨ। ਜਿਸ ਯੂਥ ਪਾਰਲੀਮੈਂਟ ਕਨਸੈਪਟ ਦੀ ਸਥਾਪਨਾ ਬਾਬਾ ਸਾਹਿਬ ਨੇ 1951 ਵਿਚ ਡੀ. ਏ. ਵੀ. ਵਿਚ ਕਰਵਾ ਦਿੱਤੀ ਸੀ, ਉਸਨੂੰ ਮਨਿਸਟਰੀ ਆਫ ਪਾਰਲੀਮੈਂਟਰੀ ਅਫੇਅਰਜ਼ ਨੇ ਸਕੂਲਾਂ ਵਿਚ ਮੁਕਾਬਲੇ ਦੇ ਤੌਰ ਤੇ 1966 ਵਿਚ ਆਰੰਪ ਕਰਵਾਇਆ।

1997 ਵਿਚ ਇਹ ਮੁਕਾਬਲੇ ਦੇ ਤੌਰ ਤੇ ਕਾਲਜਾਂ ਵਿਚ ਆਰੰਭ ਹੋਈ।

ਡੀ. ਏ. ਵੀ. ਕਾਲਜ ਹੁਣ ਤੱਕ 13 ਯੂਥ ਪਾਰਲੀਮੈਂਟ ਵਿਚ ਹਿੱਸਾ ਲੈ ਚੁੱਕਾ ਹੈ। 2012 ਅਤੇ 2014 ਵਿਚ ਨੈਸ਼ਨਲ ਪੱਧਰ ਤੇ ਜੇਤੂ ਰਿਹਾ ਡੀ. ਏ. ਵੀ. ਕਾਲਜ ਇਯ ਵਾਰ ਵੀ ਜੋਨਲ ਪੱਧਰ 'ਤੇ ਜੇਤੂ ਰਿਹਾ।

### ਤਾਂ ਜੋ ਲੋਕਤੰਤਰੀ ਸਿਸਟਮ ਬਰਕਰਾਰ ਰਹੇ

ਡਾ. ਜੀ. ਸੀ. ਕੌਲ ਨੇ ਦੱਸਿਆ ਕਿ ਬਾਬਾ ਸਾਹਿਬ ਨੇ ਡੀ. ਏ. ਵੀ. ਵਿਚ ਫਿਊਚਰ ਆਫ ਪਾਰਲੀਮੈਂਟ ਡੈਮੋਕ੍ਰੇਸੀ ਯਾਨਿ ਸੰਸਦੀ ਲੋਕਤੰਤਰ ਦੇ ਭਵਿੱਖ ਤੇ ਗੱਲ ਕੀਤੀ। ਉਹਨਾਂ ਨੇ ਕਿਹਾ ਸੀ ਕਿ ਅਸੀਂ ਦੇਸ਼ ਵਿਚ ਪ੍ਰੈਜ਼ੀਡੈਂਸ਼ੀਅਲ ਸਿਸਟਮ ਵੀ ਫਾਰਮ ਕਰ ਸਕਦੇ ਸੀ ਪਰ ਇੱਥੇ ਮਨਮਰਜ਼ੀ ਹੋ ਸਕਦੀ ਸੀ। ਸੋ ਅਸੀਂ ਦੇਸ਼ ਸੰਸਦੀ ਪ੍ਰਣਾਲੀ ਲੈ ਕੇ ਆਏ ਤਾਂ ਜੋ ਲੋਕਤੰਤਰੀ ਸਿਸਟਮ ਬਰਕਰਾਰ ਰਹੇ।

### ਬਾਬਾ ਸਾਹਿਬ ਨੇ ਪ੍ਰਗਟ ਕੀਤੇ ਸਨ ਤਿੰਨ ਖਦਸ਼ੇ

1. ਉਹਨਾਂ ਨੇ ਉਦੋਂ ਕਿਹਾ ਸੀ ਕਿ ਸੰਸਦੀ ਲੋਕਤੰਤਰੀ ਸਿਸਟਮ ਤਾਂ ਹੀ ਬਚਿਆ ਰਹਿ ਸਕਦਾ ਹੈ, ਜਦੋਂ ਵਿਰੋਧੀ ਧਿਰ ਮਜ਼ਬੂਤ ਹੋਵੇਗੀ। ਵਿਰੋਧੀ ਮਜ਼ਬੂਤ ਨਹੀਂ ਹੋਵੇਗਾ ਤਾਂ ਸ਼ਾਸਕ ਵਰਗ ਯਾਨਿ ਸੱਤਾਧਾਰੀ ਪਾਰਟੀ ਮਨਮਰਜ਼ੀ ਕਰੇਗੀ।
2. ਲੋਕਤੰਤਰ ਦੀ ਸਫਲਤਾ ਉਦੋਂ ਹੈ ਜੇਕਰ ਇਲੈਕਸ਼ਨ ਸਿਸਟਮ ਵਿਚ ਧਨਾਢ ਲੋਕ ਕਾਬਜ ਨਹੀਂ ਹੋਣਗੇ। ਜੇਕਰ ਸਿਸਟਮ ਪੈਸੇ ਦੇ ਪ੍ਰਭਾਵ ਦੇ ਹੇਠਾਂ ਆਉਂਦਾ ਹੈ ਤਾਂ ਲੋਕਤੰਤਰੀ ਸਿਸਟਮ ਸਫਲ ਨਹੀਂ ਹੋਵੇਗਾ।
3. ਨੌਜਵਾਨਾਂ ਨੂੰ ਕਿਹਾ ਸੀ ਕਿ ਤੁਹਾਡਾ ਵੋਟ ਤੁਹਾਡਾ ਹਥਿਆਰ ਹੈ, ਇਸ ਹਥਿਆਰ ਨੂੰ ਦੂਜੇ ਦੇ ਹੱਥੀਂ ਇਸਤੇਮਾਲ ਨਾ ਹੋਣ ਦਿਓ। ਜੇਕਰ ਅਜਿਹਾ ਹੋਇਆ ਤਾਂ ਦੇਸ਼ ਫਿਰ ਤੋਂ ਗੁਲਾਮ ਹੋ ਸਕਦਾ ਹੈ।

# ਸੰਗਰਾਮੀ ਲਹਿਰ ਵਲੋਂ 'ਕਮਿਊਨਿਸਟ ਪੱਤਰਕਾਰੀ ਅਤੇ ਅਜੋਕੀਆਂ ਚਣੌਤੀਆਂ' ਬਾਰੇ ਸੈਮੀਨਾਰ ਆਯੋਜਿਤ





ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)









**ਜਲੰਧਰ–** ਅਦਾਰਾ 'ਸੰਗਰਾਮੀ' ਲਹਿਰ ਨੇ ਆਪਣੇ ਮਹੀਨਾਵਾਰ ਤ੍ਰੈਭਾਸ਼ੀ ਪਰਚੇ 'ਸੰਗਰਾਮੀ ਲਹਿਰ' ਦਾ 15ਵਾਂ ਸਥਾਪਨਾ ਦਿਵਸ ਮਨਾਉਣ ਲਈ ਵਿਸ਼ਣੂ ਗਣੇਸ਼ ਪਿੰਗਲੇ ਹਾਲ, ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਇੱਕ ਪ੍ਰਭਾਵਸ਼ਾਲੀ ਸੈਮੀਨਾਰ ਕੀਤਾ, ਜਿਸ ਦੀ ਪ੍ਰਧਾਨਗੀ ਉੱਘੇ ਲੋਕ ਪੱਖੀ ਸਾਹਿਤਕਾਰ ਅਤੇ ਆਲਮੀ ਪ੍ਰਸਿੱਧੀ ਵਾਲੇ ਕਵੀ ਸਾਥੀ ਹਰਭਜਨ ਸਿੰਘ ਹੁੰਦਲ ਨੇ ਕੀਤੀ। 'ਸੰਗਰਾਮੀ' ਲਹਿਰ ਦੇ ਸੰਸਥਾਪਕ ਸੰਪਾਦਕ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ. ਪੀ. ਆਈ.) ਦੇ ਕੇਂਦਰੀ ਕਮੇਟੀ ਮੈਂਬਰ ਸਾਥੀ ਹਰਕੰਵਲ ਸਿੰਘ ਨੇ 'ਇਨਕਲਾਬੀ ਪੱਤਰਕਾਰੀ ਅਤੇ ਅਜੋਕੀਆਂ ਚਣੌਤੀਆਂ' ਬਾਰੇ ਕੂੰਜੀਵਤ ਭਾਸ਼ਣ ਦਿੱਤਾ। ਉਨ੍ਹਾਂ ਕਿਹਾ ਕਿ ਰਿਵਾਇਤੀ ਪੱਤਰਕਾਰੀ ਕੇਵਲ ਘਟਨਾਵਾਂ ਅਤੇ ਵਰਤਾਰਿਆਂ ਬਾਰੇ ਸੂਚਨਾਵਾਂ ਪ੍ਰਦਾਨ ਕਰਨ ਤੱਕ ਹੀ ਸੀਮਤ ਰਹਿੰਦੀ ਹੈ ਪਰ ਇਨਕਲਾਬੀ ਪੱਤਰਕਾਰੀ ਇਸ ਤੋਂ ਅਗਾਂਹ ਜਾਕੇ ਸਮਾਜ ਲਈ ਘਾਤਕ ਨਾਂਹਪੱਖੀ ਵਰਤਾਰਿਆਂ ਖਿਲਾਫ ਲੋਕਾਂ ਨੂੰ ਜਥੇਬੰਦ ਕਰਦਿਆਂ ਸੰਗਰਾਮਾਂ ਦੀ ਉਸਾਰੀ ਕਰਨ 'ਚ ਯੋਗਦਾਨ ਪਾਉਂਦੀ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਸਾਮਰਾਜੀ ਦੇਸ਼, ਉਨ੍ਹਾਂ ਦੇ ਹਿਤ ਪਾਲਕ ਵਿੱਤੀ ਅਦਾਰੇ ਅਤੇ ਸਾਮਰਾਜੀਆਂ ਦੇ ਦੇਸੀ-ਵਿਦੇਸ਼ੀ ਭਾਈਵਾਲਾਂ 'ਤੇ ਅਧਾਰਤ ਗੱਠਜੋੜ ਨਵਉਦਾਰਵਾਦੀ ਨੀਤੀਆਂ ਦੇ ਨਾਪਾਕ ਹਥਿਆਰ ਦੀ ਵਰਤੋਂ ਕਰਦਿਆਂ ਭਾਰਤ ਸਮੇਤ ਸਾਰੇ ਨਵੇਂ ਅਜਾਦ ਹੋਏ ਦੇਸ਼ਾਂ ਦੀ ਕਿਰਤ ਸ਼ਕਤੀ ਅਤੇ ਕੁਦਰਤੀ ਵਸੀਲਿਆਂ ਦੀ ਬੇਕਿਰਕ ਲੁੱਟ ਰਾਹੀਂ ਭਾਰੀ ਮੁਨਾਫੇ ਕਮਾ ਰਿਹਾ ਹੈ। ਲੋਕਾਂ ਨੂੰ ਇਸ ਲੁੱਟ ਖਿਲਾਫ ਸੁਚੇਤ ਹੋਣੋਂ, ਜਥੇਬੰਦ ਹੋ ਕੇ ਸੰਘਰਸ਼ਾਂ ਦੇ ਰਾਹੇ ਪੈਣੋਂ ਰੋਕਣ ਲਈ ਸਾਰੇ ਸੰਸਾਰ 'ਚ ਫਿਰਕੂ, ਨਸਲੀ, ਭਾਸ਼ਾਈ, ਇਲਾਕਾਈ ਅਤੇ ਹੋਰ ਹਰ ਤਰ੍ਹਾਂ ਦੇ ਫੁੱਟਪਾਊ ਢੰਗ ਤਰੀਕੇ ਅਮਲ 'ਚ ਲਿਆਂਦੇ ਜਾ ਰਹੇ ਹਨ। ਅਜੋਕੇ ਦੌਰ 'ਚ ਇਨਕਲਾਬੀ ਪੱਤਰਕਾਰੀ ਨੂੰ ਦਰਪੇਸ਼ ਚੁਣੌਤੀਆਂ ਅਤੇ ਔਕੜਾਂ ਨੂੰ ਸਾਨੂੰ ਉਪਰੋਕਤ ਪਰਿਪੇਖ 'ਚ ਹੀ ਸਮਝਣ ਅਤੇ ਸਿੱਝਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੋਕਾਈ ਦੇ ਦੁਸ਼ਮਣ ਉਪਰੋਕਤ ਲੋਟੂ ਤਾਣੇ-ਬਾਣੇ ਵਲੋਂ ਅੱਜ ਮੀਡੀਆ 'ਤੇ ਕਬਜੇ ਰਾਹੀਂ ਲੋਕਾਂ ਨੂੰ ਗਲਤ ਜਾਣਕਾਰੀਆਂ ਪ੍ਰਦਾਨ ਕਰਦਿਆਂ ਲੋਕ ਚੇਤਨਾਂ ਨੂੰ ਗੰਧਲਾ ਕੀਤੇ ਜਾਣ ਦੀ ਇਕ ਹੋਰ ਵੱਡੀ ਚਣੌਤੀ ਹੈ। ਪਿਛਲੇ ਕਿਸੇ ਵੀ ਸਮਿਆਂ ਨਾਲੋਂ ਅੱਜ ਬੁੱਧੀਜੀਵੀਆਂ, ਮਾਨਵਵਾਦੀ ਪੱਤਰਕਾਰਾਂ, ਵਿਗਿਆਨਕ ਅਤੇ ਤਕਰਕਸ਼ੀਲ ਵਿਚਾਰਾਂ ਲਈ ਜੂਝਣ ਵਾਲਿਆਂ, ਵੇਲਾ ਵਿਹਾ ਚੁੱਕੀਆਂ ਰਸਮਾਂ 'ਤੇ ਕਿੰਤੂ ਕਰਨ ਵਾਲਿਆਂ, ਸਰਕਾਰ ਦੇ ਜਾਬਰ 'ਤੇ ਲੋਕ ਦੋਖੀ ਕਦਮਾਂ ਖਿਲਾਫ ਬੋਲਣ ਵਾਲਿਆਂ 'ਤੇ ਹਮਲੇ ਦਿਨੋਂ ਦਿਨ ਤਿੱਖੇ ਹੁੰਦੇ ਜਾ ਰਹੇ ਹਨ। ਇਸ ਲਈ ਅੱਜ ਇਨਕਲਾਬੀ ਪੱਤਰਕਾਰੀ ਦੇ ਖੇਤਰ 'ਚ ਸਰਗਰਮ ਕਾਰਕੁੰਨਾਂ ਨੂੰ ਵਧੇਰੇ ਸਮਰਪਨ ਅਤੇ ਤਿਆਗ ਦੀ ਲੋੜ ਹੈ ਪਰ ਲੋਕਾਂ ਨੂੰ ਵੀ ਇਸ ਮਾਨਵਾਦੀ, ਭਵਿੱਖ ਮੁੱਖੀ ਪੱਤਰਕਾਰੀ ਦਾ ਪੂਰਾ ਸਾਥ ਦੇਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਸੀਮਤ ਸਾਧਨਾਂ ਦੇ ਬਾਵਜੂਦ 'ਸੰਗਰਾਮੀ ਲਹਿਰ' ਨੇ ਪਾਠਕਾਂ ਨਾਲ ਪੰਦਰਾਂ ਵਰ੍ਹੇ ਦੀ ਸਾਂਝ ਨਿਭਾਈ ਹੈ ਪਰ ਇਹ ਸਾਂਝ ਸਦੀਵੀ ਬਣਨਾ ਲੋਚਦੀ ਹੈ।

'ਸੰਗਰਮੀ ਲਹਿਰ' ਦੇ ਸੰਪਾਦਕ ਸਾਥੀ ਮੰਗਤ ਰਾਮ ਪਾਸਲਾ ਜਨਰਲ ਸਕੱਤਰ ਆਰਐਮਪੀਆਈ ਨੇ ਕਿਹਾ ਕਿ ਧਰਮ ਨਿਰਪੱਖਤਾ, ਜਮਹੂਰੀਅਤ, ਸਮਾਜਵਾਦ ਦੇ ਉਦੇਸ਼ਾਂ ਦੀ ਪੂਰਤੀ ਲਈ ਸ਼ੁਰੂ ਕੀਤਾ ਗਿਆ ਪਰਚਾ ਆਪਣੇ ਬੁਨਿਆਦੀ ਆਸ਼ਿਆਂ ਨਾਲ ਇਨਸਾਫ ਕਰਨ ਦੀ ਦਿਸ਼ਾ ਵਿੱਚ ਅਡੋਲ ਸਾਬਤ ਕਦਮੀਂ ਤੁਰਿਆ ਹੈ। ਹਰ ਕਿਸਮ ਦੇ ਜਬਰ-ਜ਼ੁਲਮ ਖਿਲਾਫ, ਕਿਰਤੀਆਂ ਦੇ ਸਾਰੇ ਭਾਗਾਂ ਦੇ ਰੋਜਾਨਾ ਦੇ ਮਸਲੇ ਉਭਾਰਨ ਪੱਖੋਂ, ਪਰਿਆਵਰਣ ਸਮੇਤ ਸਾਰੇ ਮਾਨਵਵਾਦੀ ਸਰੋਕਾਰਾਂ ਦੀ ਰਾਖੀ ਲਈ, ਪ੍ਰਗਤੀਵਾਦੀ ਵਿਚਾਰਾਂ ਨੂੰ ਅਗਾਂਹ ਵਧਾਉਣ ਲਈ ਅਤੇ ਅਦੁੱਤੀ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਦੇ ਵਿਚਾਰਾਂ ਤੋਂ ਲੋਕਾਂ ਨੂੰ ਜਾਣੂ ਕਰਾਉਣ ਲਈ ਪਰਚੇ ਨੇ ਯਥਾਸ਼ਕਤੀ ਨਿੱਗਰ ਭੂਮਿਕਾ ਨਿਭਾਈ ਹੈ ਅਤੇ ਇਸ ਭੂਮਿਕਾ ਨੂੰ ਭਵਿੱਖ 'ਚ ਹੋਰ ਵਿਸਥਾਰਨ ਦੀ ਡਾਢੀ ਲੋੜ ਹੈ।

ਸੈਮੀਨਾਰ 'ਚ 'ਸੰਗਰਾਮੀ ਲਹਿਰ' ਦੇ ਪਾਠਕਾਂ/ਸਨੇਹੀਆਂ ਤੋਂ ਇਲਾਵਾ ਸਮਾਜ ਦੇ ਵੱਖੋਂ-ਵੱਖ ਵਰਗਾਂ ਦੀਆਂ ਮੋਹਤਬਰ ਹਸਤੀਆਂ ਨੇ ਵੀ ਸ਼ਮੂਲੀਅਤ ਕੀਤੀ। ਅਦੁੱਤੀ ਘਾਲਣਾਵਾਂ ਰਾਹੀਂ ਪਰਚੇ ਨੂੰ ਹਰਮਨ ਪਿਆਰਾ ਬਣਾਉਣ ਦੇ ਯਤਨਾਂ 'ਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਪਰਚੇ ਦੇ ਮੈਨੇਜਰ ਸਾਥੀ ਰਮੇਸ਼ ਚੰਦਰ ਸ਼ਰਮਾ ਅਤੇ ਉਨ੍ਹਾਂ ਦੀ ਧਰਮ ਪਤਨੀ ਦਾ ਯਾਦ ਚਿੰਨ੍ਹ ਦੇਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। **ਰਵੀ ਕੰਵਰ** (91- 94643-36019)

# ਉਘੇ ਸਮਾਜ ਸੇਵੀ ਬਿਸ਼ਨ ਦਾਸ ਮਹੇ ਫਾਨੀ ਸੰਸਾਰ ਤੋਂ ਕੂਚ ਕਰ ਗਏ

**ਜਲੰਧਰ–** ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਸੁਣੀ ਜਾਵੇਗੀ ਕਿ ਉਘੇ ਸਮਾਜ ਸੇਵੀ ਬਿਸ਼ਨ ਦਾਸ ਮਹੇ ਜੀ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ ਹਨ ਜੋ ਕਿ ਪਿੰਡ ਛੋਟੀ ਧਨਾਲ (ਜਲੰਧਰ) ਦੇ ਵਸਨੀਕ ਸਨ ਜੋ ਆਪਣੇ ਪਿਛੇ ਤਿੰਨ ਲੜਕੇ, ਦੋ ਲੜਕੀਆਂ ਤੋਂ ਇਲਾਵਾ ਪੋਤੇ, ਪੋਤਰੀਆਂ, ਦੋਹਤੇ, ਦੋਹਤਰੀਆਂ ਭਰਿਆ ਪਰਿਵਾਰ ਛੱਡ ਗਏ ਹਨ। ਸਵਰਗੀ ਬਿਸ਼ਨ ਦਾਸ ਮਹੇ ਇਸ ਪਿੰਡ ਦੀ ਸਰਪੰਚਣੀ ਸ਼੍ਰੀਮਤੀ ਉਸ਼ਾ ਰਾਣੀ ਦੇ



ਸਹੁਰਾ ਸਾਹਿਬ ਅਤੇ ਉਘੇ ਸਮਾਜ ਸੇਵੀ ਸ੍ਰੀ ਸਰਦਾਰੀ ਲਾਲ ਮਹੇ ਦੇ ਪਿਤਾ ਜੀ ਸਨ। ਉਹ ਅਮਰੀਕਾ ਤੋਂ ਛੱਪਦੇ ਸਪਤਾਹਿਕ ਅਖਬਾਰ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਮੁਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਤੇ ਇੰਨ੍ਹਾਂ ਹੀ ਪੱਤਰਾਂ ਦੇ ਸੰਪਾਦਕ ਤਰਸੇਮ ਜਲੰਧਰੀ ਦੇ ਸਕੇ ਮਾਮਾ ਜੀ ਸਨ। ਅਦਾਰਾ 'ਮਸੀਹੀ ਸੰਸਾਰ' ਇਸ ਦੁਖ ਦੀ ਘੜੀ ਵਿੱਚ ਮਹੇ ਅਤੇ ਚੁੰਬਰ ਪਰਿਵਾਰ ਦੇ ਦੁੱਖ ਵਿੱਚ ਸ਼ਾਮਲ ਹਨ।

# ਟਾਈਟਲਰ ਨੂੰ ਲਾਈ ਡਿਟੈਕਟਰ ਟੈਸਟ ਬਾਰੇ ਸਾਫ਼ ਜਵਾਬ ਦੇਣ ਦੀ ਹਦਾਇਤ

**ਨਵੀਂ ਦਿੱਲੀ–** ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸ ਦੇ ਆਗੂ ਜਗਦੀਸ਼ ਟਾਈਟਲਰ ਨੂੰ ਹਦਾਇਤ ਦਿੱਤੀ ਕਿ ਉਹ ਸਾਫ਼ ਤੌਰ 'ਤੇ ਦੱਸੇ ਕਿ ਉਹ ਝੂਠ ਬੋਲਣ ਵਾਲੀ ਮਸ਼ੀਨ ਰਾਹੀਂ (ਲਾਈ ਡਿਟੈਕਟਰ) ਟੈਸਟ ਕਰਾਉਣਾ ਚਾਹੁੰਦੇ ਹਨ ਜਾਂ ਨਹੀਂ। ਗ਼ੌਰਤਲਬ ਹੈ ਕਿ ਸੀਬੀਆਈ ਨੇ ਉਸ ਨੂੰ 1984 ਦੇ ਸਿੱਖ ਕਤਲੇਆਮ ਦੇ ਕੇਸ ਵਿੱਚੋਂ ਕਲੀਨ ਚਿੱਟ ਦਿੱਤੀ ਹੋਈ ਹੈ।

ਇਹ ਹੁਕਮ ਐਡੀਸ਼ਨਲ ਚੀਫ਼ ਮੈਟਰੋਪੌਲਿਟਨ ਮੈਜਿਸਟਰੇਟ ਸ਼ਵਾਲੀ ਸ਼ਰਮਾ ਨੇ ਜਾਰੀ ਕੀਤੇ। ਜੱਜ ਨੇ ਕਿਹਾ ਕਿ ਉਹ ਕੋਈ ਬਾਸ਼ਰਤ ਰਜ਼ਾਮੰਦੀ ਨਹੀਂ ਚਾਹੁੰਦੀ। ਉਨ੍ਹਾਂ ਸ੍ਰੀ ਟਾਈਟਲਰ ਨੂੰ ਕਿਹਾ ਕਿ ਉਹ ਹਲਫ਼ਨਾਮਾ ਦਾਖ਼ਲ ਕਰਨ ਜਾਂ ਨਿਜੀ ਰੂਪ ਵਿੱਚ ਅਦਾਲਤ 'ਚ ਪੇਸ਼ ਹੋਣ। ਅਦਾਲਤ ਨੇ ਅਜਿਹੇ ਹੀ ਹੁਕਮ ਕਾਰੋਬਾਰੀ ਅਭਿਸ਼ੇਕ ਵਰਮਾ ਸਬੰਧੀ ਜਾਰੀ ਕੀਤੇ। ਅਦਾਲਤ ਨੇ ਆਖਿਆ ਕਿ ਸੀਬੀਆਈ ਵੱਲੋਂ ਉਨ੍ਹਾਂ ਦੋਵਾਂ ਦੇ ਲਾਈ ਡਿਟੈਕਟਰ ਲਈ ਦਿੱਤੀ ਅਰਜ਼ੀ ਮੰਨਣਯੋਗ ਹੈ। ਇਸ ਤੋਂ ਪਹਿਲਾਂ ਬੀਤੇ ਮਹੀਨੇ ਅਦਾਲਤ ਨੇ ਟਾਈਟਲਰ ਤੇ ਹਥਿਆਰਾਂ ਦੇ ਕਾਰੋਬਾਰੀ ਵਰਮਾ ਦਾ ਲਾਈ ਡਿਟੈਕਟਰ ਟੈਸਟ ਕਰਾਉਣ ਲਈ ਸੀਬੀਆਈ ਵੱਲੋਂ ਦਿੱਤੀ ਗਈ ਅਰਜ਼ੀ ਉਤੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਦੱਸਣਯੋਗ ਹੈ ਕਿ ਟਾਈਟਲਰ ਨੇ ਟੈਸਟ ਕਰਾਉਣ ਤੋਂ ਨਾਂਹ ਕਰ ਦਿੱਤੀ ਸੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਧੰਨਾ ਜੀ ਦਾ ਪ੍ਰਕਾਸ਼ ਉਤਸਵ 14 ਮਈ ਨੂੰ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵੱਲੋਂ ਬੀਤੀ 12, 13, 14 ਮਈ ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਸਤਿਗੁਰੂ ਧੰਨਾ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ, ਜਿਸ ਵਿਚ 12 ਮਈ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 14 ਮਈ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਪੰਥ ਪ੍ਰਸਿੱਧ ਰਾਗੀ-ਢਾਡੀ, ਕਥਾਵਾਚਕ ਹਰਿ ਜਸ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹੋ ਜੀ।



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ

ਯੂਬਾ ਸਿਟੀ- ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ ਬਾਸੀ ਪਰਿਵਾਰ, ਕੰਦੋਲਾ ਪਰਿਵਾਰ, ਸਹੋਤਾ ਪਰਿਵਾਰ, ਨਾਗਰਾ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਅਤੇ ਹੋਲੇ ਮਹੱਲੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਕਰਵਾਏ ਗਏ, ਜਿਸ ਵਿਚ ਗੁਰੂ ਘਰ ਵਿਖੇ ਮਿਤੀ 28 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਮਿਤੀ 30 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਇਹਨਾਂ ਸਮਾਗਮਾਂ ਵਿਚ ਸਾਰੇ ਗੁਰਮੁਖ ਪਰਿਵਾਰਾਂ ਨੇ ਬੜੇ ਤਨ, ਮਨ, ਧਨ ਨਾਲ ਸੇਵਾ ਕੀਤੀ। ਗੁਰੂ ਘਰ ਵਿਚ ਬਹੁਤ ਵੱਡੀ ਪੱਧਰ ਤੇ ਸੰਗਤਾਂ ਨੇ ਹਾਜ਼ਰੀ ਲਗਵਾਈ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਰਦਾਰ ਸਤਵੰਤ ਸਿੰਘ ਸਹੋਤਾ ਜੀ, ਸਰਦਾਰ ਮੋਹਣ ਸਿੰਘ ਬਸੀ ਜੀ, ਸਰਦਾਰ ਸੰਤੋਖ ਸਿੰਘ ਸਹੋਤਾ ਜੀ, ਕਾਕਾ ਨਿਰਵੈਰ ਸਿੰਘ ਬੈਂਸ ਜੀ, ਸੈਹਬਾਜ ਸਿੰਘ ਗਿੱਲ, ਸ੍ਰੀ ਰਵੀ ਥਿਆੜਾ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸੈਕਰਾਮੈਂਟੋ, ਕੈਲੇਫੋਰਨੀਆ ਵਿਚ ਮਨਾਈ ਗਈ 'ਰੇਡੀਓ ਪੰਜਾਬ' ਨਾਈਟ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)-** ਕਰੀਬ 14 ਸਾਲ ਤੋਂ ਆਪਣੇ ਸਫਰ ਨੂੰ ਜਾਰੀ ਰੱਖਦਿਆਂ 'ਰੇਡੀਓ ਪੰਜਾਬ' ਨੇ ਸੈਕਰਾਮੈਂਟੋ ਦੇ ਮਿਰਾਜ਼ ਬੈਂਕੁਇਟ ਹਾਲ ਵਿਚ ਨਾਈਟ ਮਨਾਈ ਗਈ। ਇਸ ਪ੍ਰਭਾਵਸ਼ਾਲੀ ਸਮਾਗਮ ਵਿਚ ਵੱਖ-ਵੱਖ ਪ੍ਰਭਾਵਸ਼ਾਲੀ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੇ ਮੁੱਖ ਮਹਿਮਾਨ 'ਸਰਬੱਤ ਦਾ ਭਲਾ' ਚੈਰੀਟੇਬਲ ਟਰੱਸਟ ਦੇ ਪ੍ਰਬੰਧਕ ਸ. ਐਸ. ਪੀ. ਸਿੰਘ ਉਬਰਾਏ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਐਸ. ਪੀ. ਉਬਰਾਏ ਨੇ ਆਪਣੀ ਮਹਿਮਾਨ ਤਕਰੀਰ 'ਚ ਕਿਹਾ ਕਿ ਆਪਣੀ ਕਮਾਈ ਵਿਚੋਂ 20 ਪ੍ਰਤੀਸ਼ਤ ਹਿੱਸਾ ਜ਼ਰੂਰ ਦਾਨ ਕਰੋ। ਉਹਨਾਂ ਕਿਹਾ ਕਿ ਅੱਖਾਂ ਬੰਦ ਕਰਕੇ ਦਾਨ ਨਾ ਦਿਓ। ਪੰਜਾਬ ਵਿਚ ਅੱਖਾਂ ਦੇ ਕੈਂਪ, ਕਿਡਨੀ ਚੈਕਅਪ, ਕੈਂਸਰ ਤੇ ਹੋਰ ਮਨੁੱਖੀ ਸਿਹਤ ਦੇ ਕੈਂਪ ਥਾਂ-ਥਾਂ ਲਗਾ ਰਹੇ ਹਾਂ ਤਾਂ ਜੋ ਪੰਜਾਬ ਤੰਦਰੁਸਤ ਹੋ ਸਕੇ। ਰੇਡੀਓ ਪੰਜਾਬ ਦੇ ਪ੍ਰਬੰਧਕਾਂ ਸੁਖਦੇਵ ਸਿੰਘ ਢਿੱਲੋਂ, ਐਸ. ਪੀ. ਸਿੰਘ ਤੇ ਬਲਰਾਜ ਸਿੰਘ ਬਰਾੜ ਵੱਲੋਂ ਆਯੋਜਿਤ ਇਸ ਸਮਾਗਮ ਵਿਚ ਭਾਈਚਾਰੇ ਦੀਆਂ ਵੱਖ-ਵੱਖ ਸ਼ਖਸੀਅਤਾਂ ਸ਼ਾਮਲ ਹੋਈਆਂ, ਜਿਹਨਾਂ ਵਚ ਬਲਜੀਤ ਸਿੰਘ 'ਸੰਦਲੀ ਪੈੜ', ਬਰਿੰਦਰ ਕੌਰ, ਪਾਲ ਸਹੋਤਾ, ਬੌਬ ਢਿੱਲੋਂ, ਸੁਖਦੇਵ ਬੈਨੀਵਾਲ, ਪ੍ਰੀਤਮ ਗਰੇਵਾਲ, ਕੁਲਦੀਪ ਸਹੋਤਾ, ਕਸ਼ਮੀਰ ਸ਼ਾਹੀ, ਰਾਮ ਸਿੰਘ, ਗੁਰਾ ਸਿੰਘ, ਅਸ਼ੋਕ ਟਾਂਗਰੀ, ਹਰਬੰਸ ਸਿੰਘ ਸਰਾਓ, ਗੁਰਜਤਿੰਦਰ ਸਿੰਘ ਰੰਧਾਵਾ, ਤਾਰਾ ਸਾਗਰ, ਗੁਰਨਾਮ ਪੰਮਾ, ਪ੍ਰਮਿੰਦਰ ਗਰੇਵਾਲ, ਕੁਲਦੀਪ ਸਹੋਤਾ, ਪਲਵਿੰਦਰ ਸਿੰਘ ਗੋਰਾਇਆ, ਜੋਗਾ ਮਾਨ, ਚਰਨਜੀਤ ਬਾਠ, ਤੇਜਿੰਦਰ ਮਾਨ ਆਦਿ ਸ਼ਾਮਲ ਹੋਏ।

ਇਸ ਮੌਕੇ ਚਲਦੇ ਸਮਾਗਮ ਦੌਰਾਨ ਕੈਨੇਡਾ ਤੇ ਸਥਾਨਕ ਰੇਡੀਓ ਹੋਸਟਾਂ ਨੂੰ ਦਰਸ਼ਕਾਂ ਦੇ ਸਨਮੁਖ



ਕਰਵਾਇਆ ਗਿਆ, ਇਸਦੀ ਕਾਰਵਾਈ ਕੈਨੇਡਾ ਤੋਂ ਹੋਸਟ ਤੇ ਕਲਾਕਾਰ ਦਵਿੰਦਰ ਢਿੱਲੋਂ ਨੇ ਚਲਾਈ। ਸਟੇਜ ਦੀ ਕਾਰਵਾਈ ਤੇ ਕਲਾਕਾਰਾਂ ਨੂੰ ਪੇਸ਼ ਕਰਨ ਦੀ ਕਾਰਵਾਈ ਬੀਬੀ ਆਸ਼ਾ ਸ਼ਰਮਾ ਨੇ ਚਲਾਈ। ਇਸ ਮੌਕੇ ਗਾਇਕੀ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨ ਵਾਲੇ ਕਲਾਕਾਰਾਂ 'ਚ ਤਰਲੋਕ ਸਿੰਘ, ਅਨੂਪ ਸਿੰਘ ਚੀਮਾ, ਜੋਤ ਰਣਜੀਤ, ਜੀਤ ਜਗਜੀਤ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਇਸ ਮੌਕੇ ਸਮਾਗਮ ਵਿਚ ਸ਼ਾਮਲ ਦਰਸ਼ਕਾਂ ਵਿਚੋਂ ਕੂਪਨ ਰਾਹੀਂ ਕਾਰ ਦਾ ਡਰਾਅ ਕੱਢਿਆ ਗਿਆ, ਜਿਸ ਨੂੰ ਸੈਨਹੋਜ਼ੇ ਦੇ ਰਾਜ ਬਡਵਾਲ ਨੇ ਜਿੱਤਿਆ। ਇਸ ਮੌਕੇ ਸਮਾਗਮ ਦੌਰਾਨ ਰੱਖੇ ਗਏ ਸਾਰੇ ਟੇਬਲ ਰੱਖੀ ਗਈ ਕੀਮਤ ਦੇ ਬਾਵਜੂਦ ਵੀ ਫੁੱਲ ਸਨ। ਪ੍ਰਬੰਧਕਾਂ ਵੱਲੋਂ ਰਾਤ ਦੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

# ਅਦਾਲਤੀ ਤੌਹੀਨ ਦਾ ਦੋਸ਼ੀ ਕਰਾਰ ਦੇ ਕੇ ਜਸਟਿਸ ਕਰਨਨ ਨੂੰ ਛੇ ਮਹੀਨੇ ਕੈਦ

**ਨਵੀਂ ਦਿੱਲੀ-** ਸੁਪਰੀਮ ਕੋਰਟ ਨੇ ਆਪਣੇ ਇਕ ਬੇਮਿਸਾਲ ਫ਼ੈਸਲੇ ਵਿੱਚ ਕਲਕੱਤਾ ਹਾਈ ਕੋਰਟ ਦੇ ਵਿਵਾਦਗ੍ਰਸਤ ਜੱਜ ਸੀ.ਐਸ. ਕਰਨਨ ਨੂੰ ਅਦਾਲਤੀ ਤੌਹੀਨ ਦਾ ਦੋਸ਼ੀ ਕਰਾਰ ਦਿੰਦਿਆਂ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਸੁਪਰੀਮ ਕੋਰਟ ਦੇ ਸੱਤ ਮੈਂਬਰੀ ਸੰਵਿਧਾਨਿਕ ਬੈਂਚ ਨੇ ਉਨ੍ਹਾਂ ਨੂੰ ਫ਼ੌਰੀ ਹਿਰਾਸਤ ਵਿੱਚ ਲੈਣ ਦੇ ਹੁਕਮ ਦਿੱਤੇ ਹਨ।

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਜੇ.ਐਸ. ਖੇਹਰ ਦੀ ਅਗਵਾਈ ਵਾਲੇ ਬੈਂਚ ਨੇ ਆਪਣੇ ਹੁਕਮਾਂ ਵਿੱਚ ਕਿਹਾ, "ਸਾਡੀ ਇਹ ਇਤਫ਼ਾਕ ਰਾਇ ਹੈ ਕਿ ਜਸਟਿਸ ਸੀ.ਐਸ. ਕਰਨਨ ਨੇ ਅਦਾਲਤ ਦੀ ਤੌਹੀਨ, ਨਿਆਂ ਪਾਲਿਕਾ ਤੇ ਪ੍ਰਕਿਰਿਆ ਦੀ ਤੌਹੀਨ ਕੀਤੀ ਹੈ।" ਇਹ



ਪਹਿਲੀ ਵਾਰ ਹੈ, ਜਦੋਂ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਮੌਜੂਦਾ ਜੱਜ ਨੂੰ ਅਦਾਲਤੀ ਮਾਣਹਾਨੀ ਦੇ ਦੋਸ਼ਾਂ ਤਹਿਤ ਕੈਦ ਦੀ ਸਜ਼ਾ ਸੁਣਾਈ ਹੋਵੇ।

ਬੈਂਚ ਵਿੱਚ ਜਸਟਿਸ ਦੀਪਕ ਮਿਸ਼ਰਾ, ਜੇ. ਮਲਮੇਸ਼ਵਰ, ਰੰਜਨ ਗੋਗੋਈ, ਐਮ.ਬੀ. ਲੋਕੁਰ, ਪੀ.ਸੀ. ਘੋਸ਼ ਅਤੇ ਕੁਰੀਅਨ ਜੋਸਫ ਵੀ ਸ਼ਾਮਲ ਹਨ। ਬੈਂਚ ਨੇ ਕਿਹਾ ਕਿ ਇਸ ਨੂੰ ਤਸੱਲੀ ਹੈ ਕਿ ਜਸਟਿਸ ਕਰਨਨ ਨੂੰ ਛੇ ਮਹੀਨਿਆਂ ਲਈ ਕੈਦ ਦੀ ਸਜ਼ਾ ਕੀਤੀ ਜਾਵੇ। ਬੈਂਚ ਨੇ ਆਪਣੇ ਹੁਕਮਾਂ ਵਿੱਚ ਸਾਫ਼ ਕਿਹਾ, "ਸਜ਼ਾ ਨੂੰ ਅਮਲ ਵਿੱਚ ਲਿਆਂਦਾ ਜਾਵੇ ਤੇ ਉਸ (ਜਸਟਿਸ ਕਰਨਨ) ਨੂੰ ਫ਼ੌਰਨ ਹਿਰਾਸਤ ਵਿੱਚ ਲਿਆ ਜਾਵੇ।" ਇਸ ਦੇ ਨਾਲ ਹੀ ਅਦਾਲਤ ਨੇ ਮੀਡੀਆ ਉਤੇ ਵੀ ਜਸਟਿਸ ਕਰਨਨ ਵੱਲੋਂ ਜਾਰੀ ਕੀਤੇ ਜਾਣ ਵਾਲੇ ਅਗਲੇਰੇ ਹੁਕਮਾਂ ਨੂੰ ਪ੍ਰਕਾਸ਼ਿਤ ਤੇ ਨਸ਼ਰ ਕਰਨ ਉਤੇ ਪਾਬੰਦੀ ਲਾ ਦਿੱਤੀ।

ਇਸ ਮੌਕੇ ਪੱਛਮੀ ਬੰਗਾਲ ਵੱਲੋਂ ਪੇਸ਼ ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਨੇ ਬੈਂਚ ਨੂੰ ਦੱਸਿਆ ਕਿ ਅਦਾਲਤ ਦੇ ਪਹਿਲੇ ਹੁਕਮਾਂ ਤਹਿਤ ਡੀਜੀਪੀ ਤੇ ਪੁਲੀਸ ਮੁਲਾਜ਼ਮਾਂ ਸਮੇਤ ਇਕ ਮੈਡੀਕਲ ਬੋਰਡ ਜਸਟਿਸ ਕਰਨਨ ਦੀ ਰਿਹਾਇਸ਼ ਉਤੇ ਉਨ੍ਹਾਂ ਦੀ ਜਾਂਚ ਲਈ ਗਿਆ ਸੀ। ਉਨ੍ਹਾਂ ਕਿਹਾ ਕਿ ਜਸਟਿਸ ਕਰਨਨ ਨੇ ਮੈਡੀਕਲ ਬੋਰਡ ਨੂੰ ਦਿੱਤੇ ਇਕ ਪੱਤਰ ਵਿੱਚ ਆਖਿਆ ਹੈ ਕਿ ਉਹ ਤੰਦਰੁਸਤ ਹਨ ਤੇ ਉਨ੍ਹਾਂ ਦੀ ਮਾਨਸਿਕ ਹਾਲਤ ਬਿਲਕੁਲ ਸਹੀ ਹੈ। ਸ੍ਰੀ ਦਿਵੇਦੀ ਨੇ ਇਹ ਪੱਤਰ ਬੈਂਚ ਨੂੰ ਪੜ੍ਹ ਕੇ ਵੀ ਸੁਣਾਇਆ।

ਦੂਜੇ ਪਾਸੇ ਐਡੀਸ਼ਨਲ ਸੌਲਿਸਿਟਰ ਜਨਰਲ ਮਹਿੰਦਰ ਸਿੰਘ ਨੇ ਕਿਹਾ ਕਿ ਜਸਟਿਸ ਕਰਨਨ ਜਾਣਦੇ ਹਨ ਕਿ ਉਹ ਕੀ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਸੁਪਰੀਮ ਕੋਰਟ ਦੇ ਜੱਜਾਂ ਖ਼ਿਲਾਫ਼ ਅਨੇਕਾਂ ਹੁਕਮ ਜਾਰੀ ਕੀਤੇ ਹਨ। ਮਦਰਾਸ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਵੱਲੋਂ ਪੇਸ਼ ਸੀਨੀਅਰ ਵਕੀਲ ਕੇ.ਕੇ. ਵੇਣੂਗੋਪਾਲ ਨੇ ਕਿਹਾ ਕਿ ਜੇ ਜਸਟਿਸ ਕਰਨਨ ਨੂੰ ਜੇਲ੍ਹ ਭੇਜਿਆ ਜਾਂਦਾ ਹੈ ਤਾਂ ਇਕ ਮੌਜੂਦਾ ਜੱਜ ਨੂੰ ਜੇਲ੍ਹ ਭੇਜੇ ਜਾਣ ਦੀ ਬਦਨਾਮੀ ਹੋਵੇਗੀ। ਇਸ ਉਤੇ ਬੈਂਚ ਨੇ ਕਿਹਾ ਕਿ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਦਾਲਤੀ ਮਾਣਹਾਨੀ ਕਰਨ ਵਾਲਾ ਕੋਈ ਜੱਜ ਹੈ ਜਾਂ ਆਮ ਆਦਮੀ। ਬੈਂਚ ਨੇ ਕਿਹਾ, "ਜੇ ਅਸੀਂ ਉਸ ਨੂੰ ਜੇਲ੍ਹ ਨਹੀਂ ਭੇਜਦੇ ਤਾਂ ਇਹ ਬਦਨਾਮੀ ਵਾਲੀ ਗੱਲ ਹੋਵੇਗੀ ਕਿ ਇਕ ਜੱਜ ਨੂੰ ਤੌਹੀਨ ਕਰਨ 'ਤੇ ਮੁਆਫ਼ ਕਰ ਦਿੱਤਾ ਗਿਆ।" ਬੈਂਚ ਨੇ ਕਿਹਾ ਕਿ ਜਸਟਿਸ ਕਰਨਨ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ, ਕਿਉਂਕਿ ਉਨ੍ਹਾਂ ਖ਼ੁਦ ਹੀ ਆਖਿਆ ਹੈ ਕਿ ਉਹ ਮਾਨਸਿਕ ਤੌਰ 'ਤੇ ਤੰਦਰੁਸਤ ਹਨ ਅਤੇ ਮੈਡੀਕਲ ਬੋਰਡ ਨੇ ਇਸ ਦੀ ਤਰਦੀਦ ਨਹੀਂ ਕੀਤੀ। ਗ਼ੌਰਤਲਬ ਹੈ ਕਿ ਜਸਟਿਸ ਕਰਨਨ ਨੇ ਕੋਲਕਾਤਾ 'ਚ ਆਪਣੀ ਰਿਹਾਇਸ਼ ਉਤੇ ਲਾਈ ਅਦਾਲਤ ਵਿੱਚ ਬੀਤੇ ਦਿਨ ਹੀ ਜਸਟਿਸ ਖੇਹਰ ਸਣੇ ਸੱਤ ਜੱਜਾਂ ਨੂੰ ਐਸਸੀ-ਐਸਟੀ ਐਕਟ ਤਹਿਤ ਪੰਜ-ਪੰਜ ਸਾਲ ਕੈਦ ਬਾਮੁਸ਼ੱਕਤ ਸੁਣਾਈ ਸੀ। ਸੁਪਰੀਮ ਕੋਰਟ ਨੇ ਪਹਿਲੀ ਮਈ ਨੂੰ ਉਨ੍ਹਾਂ ਦੀ ਮੈਡੀਕਲ ਜਾਂਚ ਦੇ ਹੁਕਮ ਦਿੱਤੇ ਸਨ।

### ਕਾਨੂੰਨੀ ਮਾਹਿਰਾਂ ਵੱਲੋਂ ਫ਼ੈਸਲਾ ਸਹੀ ਕਰਾਰ

ਨਵੀਂ ਦਿੱਲੀ: ਕਲਕੱਤਾ ਹਾਈ ਕੋਰਟ ਦੇ ਜਸਟਿਸ ਸੀ.ਐਸ. ਕਰਨਨ ਨੂੰ ਸੁਪਰੀਮ ਕੋਰਟ ਵੱਲੋਂ ਸੁਣਾਈ ਗਈ ਸਜ਼ਾ ਨੂੰ ਕਾਨੂੰਨੀ ਮਾਹਿਰਾਂ ਨੇ ਸਹੀ ਕਰਾਰ ਦਿੱਤਾ ਹੈ। ਭਾਰਤ ਦੇ ਸਾਬਕਾ ਚੀਫ਼ ਜਸਟਿਸ ਵੀ.ਐਨ. ਖਰੇ ਨੇ ਕਿਹਾ ਕਿ ਜਸਟਿਸ ਕਰਨਨ ਦੀ 'ਮਾਨਸਿਕ ਹਾਲਤ ਠੀਕ ਨਹੀਂ' ਤੇ ਉਹ ਇਸ ਸਜ਼ਾ ਦੇ 'ਹੱਕਦਾਰ' ਸਨ। ਦਿੱਲੀ ਹਾਈ ਕੋਰਨ ਦੇ ਸੇਵਾ-ਮੁਕਤ ਜੱਜ ਐਸ.ਐਨ. ਢੀਂਗਰਾ ਨੇ ਕਿਹਾ ਕਿ ਜਸਟਿਸ ਕਰਨਨ ਨੇ ਅਦਾਲਤ ਲਈ 'ਹੋਰ ਕੋਈ ਚਾਰਾ' ਨਹੀਂ ਸੀ ਛੱਡਿਆ। ਸਾਬਕਾ ਅਟਾਰਨੀ ਜਨਰਲ ਸੋਲੀ ਸੋਰਾਬਜੀ ਨੇ ਵੀ ਇਸ ਦੀ ਹਾਮੀ ਭਰੀ।

# ਟਰੰਪ ਵੱਲੋਂ ਇਕ ਹੋਰ ਭਾਰਤੀ ਨੂੰ ਅਹਿਮ ਅਹੁਦਾ

**ਵਾਸ਼ਿੰਗਟਨ-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ-ਅਮਰੀਕੀ ਨੀਲ ਚੈਟਰਜੀ (40) ਨੂੰ ਫੈਡਰਲ ਐਨਰਜੀ ਰੈਗੁਲੇਟਰੀ ਕਮਿਸ਼ਨ ਦੇ ਅਹਿਮ



ਪ੍ਰਸ਼ਾਸਕੀ ਅਹੁਦੇ ਲਈ ਨਾਮਜ਼ਦ ਕੀਤਾ ਹੈ। ਇਹ ਏਜੰਸੀ ਅਮਰੀਕਾ ਦੇ ਬਿਜਲੀ ਗਰਿੱਡਾਂ ਦਾ ਕੰਮ ਦੇਖਣ ਦੇ ਨਾਲ-ਨਾਲ ਅਰਬਾਂ ਡਾਲਰ ਦੇ ਬਿਜਲੀ ਪ੍ਰਾਜੈਕਟਾਂ ਬਾਰੇ ਫ਼ੈਸਲੇ ਲੈਂਦੀ ਹੈ।

# ਭਗਵੰਤ ਮਾਨ ਹੱਥ ਆਈ ਪੰਜਾਬ ਦੀ ਕਮਾਂਡ

**ਚੰਡੀਗੜ੍ਹ-** ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਦਾ ਮੁਖੀ ਨਿਯੁਕਤ ਕੀਤਾ ਗਿਆ।

ਪਾਰਟੀ ਨੇ ਪੰਜਾਬ ਲਈ ਸਿਆਸੀ ਮਾਮਲਿਆਂ ਬਾਰੇ ਵੱਖਰੀ ਕਮੇਟੀ (ਪੀਏਸੀ) ਬਣਾਉਣ ਦਾ ਵੀ ਫੈਸਲਾ ਕੀਤਾ ਤਾਂ ਕਿ ਸੂਬਾਈ ਇਕਾਈ ਆਜ਼ਾਦਾਨਾ ਫੈਸਲੇ ਲੈ ਸਕੇ। ਪਾਰਟੀ ਦੀ ਪੀਏਸੀ ਦੀ ਨਵੀਂ ਦਿੱਲੀ ਵਿੱਚ ਹੋਈ ਮੀਟਿੰਗ ਦੌਰਾਨ ਪੰਜਾਬ ਇਕਾਈ ਨੂੰ ਲੀਹ ਉਤੇ ਪਾਉਣ ਲਈ ਖਾਕੇ ਨੂੰ ਵੀ ਮਨਜ਼ੂਰੀ ਦਿੱਤੀ ਗਈ। ਸ੍ਰੀ ਮਾਨ ਨੂੰ ਪੰਜਾਬ ਦਾ ਕਨਵੀਨਰ ਅਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੂੰ ਸਹਿ-ਕਨਵੀਨਰ ਚੁਣਿਆ ਗਿਆ। ਜਗਰਾਓਂ ਤੋਂ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਨੂੰ ਵਿਧਾਨ ਸਭਾ ਵਿੱਚ ਪਾਰਟੀ ਵਿਧਾਇਕ ਦਲ ਦਾ ਉਪ ਮੁਖੀ ਨਿਯੁਕਤ ਕੀਤਾ ਗਿਆ ਹੈ।



ਪਾਰਟੀ ਬੁਲਾਰੇ ਨੇ ਕਿਹਾ ਕਿ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਨਵੀਂ ਦਿੱਲੀ ਵਿੱਚ ਪੀਏਸੀ ਦੀ ਹੋਈ ਮੀਟਿੰਗ ਵਿੱਚ ਇਹ ਨਿਯੁਕਤੀਆਂ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਵਿਧਾਇਕਾਂ, ਜ਼ੋਨ ਇੰਚਾਰਜਾਂ ਅਤੇ ਪਾਰਟੀ ਦੀਆਂ ਮੂਹਰੈਲ ਜਥੇਬੰਦੀਆਂ ਦੇ ਮੁਖੀਆਂ ਨਾਲ ਲੰਮਾ ਸਮਾਂ ਮੀਟਿੰਗ ਕੀਤੀ ਗਈ। ਪਾਰਟੀ ਦੀ ਕੌਮੀ ਲੀਡਰਸ਼ਿਪ ਨੇ ਵਿਧਾਇਕਾਂ ਤੇ ਅਹੁਦੇਦਾਰਾਂ ਨਾਲ ਸਾਂਝੀਆਂ ਮੀਟਿੰਗਾਂ ਤੋਂ ਪਹਿਲਾਂ ਇਕੱਲੇ ਇਕੱਲੇ ਦੇ ਵਿਚਾਰ ਸੁਣੇ। ਇਸ ਤੋਂ ਬਾਅਦ ਪੀਏਸੀ ਵਿੱਚ ਅੰਤਮ ਫੈਸਲਿਆਂ ਉਤੇ ਮੋਹਰ ਲੱਗੀ। ਕਮੇਟੀ ਨੇ ਪੰਜਾਬ ਵਿੱਚ ਚਾਰ ਮੀਤ ਪ੍ਰਧਾਨਾਂ ਦੀ ਨਿਯੁਕਤੀ ਦਾ ਵੀ ਫੈਸਲਾ ਕੀਤਾ। ਇਨ੍ਹਾਂ ਵਿੱਚੋਂ ਦੋ ਮਾਲਵਾ ਖਿੱਤੇ ਅਤੇ ਇਕ ਇਕ ਦੋਆਬਾ ਤੇ ਮਾਝਾ ਖਿੱਤੇ ਵਿੱਚ ਬਣਾਏ ਜਾਣਗੇ। ਪਾਰਟੀ ਬੁਲਾਰੇ ਨੇ ਕਿਹਾ ਕਿ ਭਗਵੰਤ ਮਾਨ ਸੂਬਾਈ ਕਨਵੀਨਰ ਦੀ ਹੈਸੀਅਤ ਵਿੱਚ ਪਾਰਟੀ ਦੇ ਸਾਰੇ ਮਾਮਲਿਆਂ ਲਈ ਜ਼ਿੰਮੇਵਾਰ ਹੋਣਗੇ, ਜਦੋਂ ਕਿ ਅਮਨ ਅਰੋੜਾ ਖ਼ਾਸ ਤੌਰ ਉਤੇ ਸੂਬੇ ਵਿੱਚ ਪਾਰਟੀ ਢਾਂਚਾ ਵਿਕਸਤ ਕਰਨ ਉਤੇ ਕੰਮ ਕਰਨਗੇ। ਪੰਜਾਬ ਵਿੱਚ ਪਾਰਟੀ ਆਧਾਰ ਨੂੰ ਮੁੜ ਮਜ਼ਬੂਤ ਕਰਨ ਲਈ ਸਾਰੇ ਮਸਲਿਆਂ ਵਿੱਚ ਸੰਤੁਲਿਤ ਪਹੁੰਚ ਅਪਣਾਈ ਜਾਵੇਗੀ। ਬੁਲਾਰੇ ਨੇ ਕਿਹਾ ਕਿ ਪਾਰਟੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਿਰੁੱਧ ਹਮਲਾਵਰ ਰੁਖ਼ ਅਪਣਾਏਗੀ ਅਤੇ ਸਰਕਾਰ ਨੂੰ ਚੋਣਾਂ ਦੌਰਾਨ ਕੀਤੇ ਵਾਅਦਿਆਂ ਉਤੇ ਘੇਰੇਗੀ। ਪੀਏਸੀ ਨੇ ਸੂਬਾਈ ਇਕਾਈ ਨੂੰ ਲੋਕਾਂ ਵਿੱਚ ਜਾਣ ਅਤੇ ਕਾਂਗਰਸ ਸਰਕਾਰ ਨੂੰ ਹਰੇਕ ਵਾਅਦੇ ਪ੍ਰਤੀ ਜਵਾਬਦੇਹ ਬਣਾਉਣ ਦਾ ਆਦੇਸ਼ ਦਿੱਤਾ।

### ਖਹਿਰਾ ਵੱਲੋਂ ਚੀਫ਼ ਵ੍ਹਿਪ ਤੇ ਪਾਰਟੀ ਤਰਜਮਾਨ ਵਜੋਂ ਅਸਤੀਫ਼ਾ

ਚੰਡੀਗੜ੍ਹ: ਆਮ ਆਦਮੀ ਪਾਰਟੀ ਵੱਲੋਂ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਥਾਪੇ ਜਾਣ ਤੋਂ ਖ਼ਫ਼ਾ 'ਆਪ' ਵਿਧਾਇਕ ਸੁਖਪਾਲ ਖਹਿਰਾ ਨੇ ਪੰਜਾਬ ਵਿਧਾਨ ਸਭਾ ਵਿੱਚ ਪਾਰਟੀ ਦੇ ਚੀਫ਼ ਵ੍ਹਿਪ ਤੇ ਤਰਜਮਾਨ ਵਜੋਂ ਅਸਤੀਫ਼ਾ ਦੇ ਦਿੱਤਾ ਹੈ। ਉਧਰ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ੍ਰੀ ਖਹਿਰਾ ਦਾ ਅਸਤੀਫ਼ਾ ਨਾਮਨਜ਼ੂਰ ਕਰ ਦਿੱਤਾ ਹੈ।

# ਸਹਾਰਨਪੁਰ ਵਿਚ ਦੰਗਿਆਂ ਵਾਲੇ ਹਾਲਾਤ ਬਣੇ

## ਪੁਲਿਸ ਤੇ ਪਥਰਾਓ, ਫਾਇਰਿੰਗ, ਚੌਂਕੀ ਅਤੇ ਵਹੀਕਲ ਫੂਕੇ





**ਸਹਾਰਨਪੁਰ (ਬਿਊਰੋ)–** ਕਈ ਦਿਨਾਂ ਤੋਂ ਸੁਰਗ ਰਹੀ ਚਿੰਗਾਰੀ ਮੰਗਲਵਾਰ ਨੂੰ ਫਿਰ ਭੜਕ ਉਠੀ। ਪਿਛਲੇ ਦਿਨੀਂ ਸ਼ਬੀਰਪੁਰ ਵਿਚ ਹੋਈ ਜਾਤੀ ਹਿੰਸਾ ਦੇ ਪੀੜਤਾਂ ਨੂੰ ਮੁਆਵਜਾ ਦੇਣ ਦੀ ਮੰਗ ਨੂੰ ਲੈ ਕੇ ਗਾਂਧੀ ਪਾਰਕ ਤੇ ਧਰਨਾ ਦੇ ਰਹੀ ਭੀਮ ਆਰਮੀ ਦੇ ਵਰਕਰਾਂ ਦੀ ਪੁਲਿਸ ਨਾਲ ਝੜੱਪ ਤੋਂ ਬਾਅਦ ਹਿੰਸਾ ਫੈਲ ਗਈ। ਦਲਿਤ ਭਾਈਚਾਰੇ ਨੇ ਪੁਲਿਸ ਨੂੰ ਨਿਸ਼ਾਨਾ ਬਣਾਇਆ। ਥਾਂ-ਥਾਂ ਮਾਰਕੁਟਾਈ, ਪਥਰਾਓ, ਫਾਇਰਿੰਗ, ਤੋੜ ਭੰਨ ਅਤੇ ਅੱਗਾਂ ਲੱਗੀਆਂ। ਪੁਲਿਸ ਦੀ ਜੀਪ ਤੋੜ ਦਿੱਤੀ ਗਈ ਅਤੇ ਰਾਮਨਗਰ ਪੁਲਿਸ ਚੌਂਕੀ ਨੂੰ ਅੱਗ ਲਗਾ ਦਿੱਤੀ। ਬੇਹਟ ਰਡ ਤੇ 45 ਯਾਤਰੀਆਂ ਨਾਲ ਭਰੀ ਬੱਸ ਨੂੰ ਅੱਗ ਲਗਾ ਦਿੱਤੀ। ਦੰਗਾਕਾਰੀਆਂ ਨੇ ਕਾਰ ਸਮੇਤ 30 ਵਹੀਕਲ ਫੂਕ ਦਿੱਤੇ। ਸਿਪਾਹੀ ਸਮੇਤ 24 ਲੋਕ ਜ਼ਖਮੀ ਹੋਏ ਹਨ। 12 ਦੰਗਾਕਾਰੀਆਂ ਨੂੰ ਪਕੜ ਲਿਆ ਗਿਆ। ਦੰਗਾਕਾਰੀਆਂ ਨੇ ਐਸ. ਡੀ. ਐਮ. ਅਤੇ ਸੀ. ਓ. ਦੀ ਵੀ ਕੁੱਟਮਾਰ ਕੀਤੀ। ਜਾਨ ਬਚਾਉਣ ਲਈ ਦੋਵੇਂ ਅਫਸਰਾਂ ਨੇ ਖੁਦ ਨੂੰ ਦਲਿਤ ਦੱਸ ਕੇ ਜੈ ਭੀਮ ਦੇ ਨਾਅਰੇ ਲਗਾਏ।

ਸ਼ਬੀਰਪੁਰ ਦੇ ਪੀੜਤਾਂ ਨੂੰ ਮੁਆਵਜੇ ਦੀ ਮੰਗ ਲੈ ਕੇ ਗਾਂਧੀ ਪਾਰਕ ਵਿਚ ਭੀਮ ਆਰਮੀ ਦੇ ਬੈਨਰ ਹੇਠ ਵੱਡੀ ਗਿਣਤੀ ਵਿਚ ਲੋਕੀ ਧਰਨੇ ਤੇ ਬੈਠ ਗਏ। ਕੁਤਬਸ਼ੇਰ ਪੁਲਿਸ ਨੇ ਬਿਨਾਂ ਆਗਿਆ ਧਰਨਾ ਦੇਣ ਤੇ ਇਤਰਾਜ਼ ਕੀਤਾ। ਲੋਕਾਂ ਨੂੰ ਉਠਾਉਣਾ ਆਰੰਭ ਕੀਤਾ ਤਾਂ ਭੀਮ ਆਰਮੀ ਦੇ ਵਰਕਰਾਂ ਨੇ ਪਥਰਾਓ ਅਤੇ ਫਾਇਰਿੰਗ ਆਰੰਭ ਕਰ ਦਿੱਤੀ। ਪੁਲਿਸ ਨੇ ਤੁਰੰਤ ਅੱਠ ਨੌਜਵਾਨਾਂ ਨੂੰ ਪਕੜ ਲਿਆ। ਇਹ ਖਬਰ ਪੂਰੇ ਜ਼ਿਲ੍ਹੇ ਵਿਚ ਫੈਲੀ ਅਤੇ ਥਾਂ-ਥਾਂ ਦਲਿਤ ਭਾਈਚਾਰਾ ਲਾਮਬੰਦ ਹੋ ਗਿਆ। ਦੇਖਦੇ ਹੀ ਦੇਖਦੇ ਤੋੜ ਭੰਨ ਆਰੰਭ ਹੋ ਗਈ।

ਐਸ. ਐਸ. ਪੀ. ਸੁਭਾਸ਼ ਚੰਦ ਦੂਬੇ ਮੁਤਾਬਕ ਠਾਕੁਰਾਂ ਤੋਂ ਬਦਲਾ ਲੈਣ ਲਈ ਸੋਮਵਾਰ ਰਾਤ ਤੋਂ ਹੀ ਮੁਜੱਫਰਨਗਰ, ਸ਼ਾਮਲੀ, ਬਿਜਨੌਰ, ਮੇਰਠ ਆਦਿ ਜ਼ਿਲ੍ਹਿਆਂ ਤੋਂ ਦਲਿਤ ਭਾਈਚਾਰੇ ਦੇ ਲੋਕ ਸਹਾਰਨਪੁਰ ਪਹੁੰਚ ਗਏ ਸਨ। ਦਲਿਤਾਂ ਨੇ ਰਵਿਦਾਸ ਹੋਸਟਲ ਅਤੇ ਗਾਂਧੀ ਪਾਰਕ ਨੂੰ ਯੋਜਨਾ ਬੱਧ ਤਰੀਕੇ ਨਾਲ ਸੰਪਰਕ ਦੇ ਲਈ ਚੁਣਿਆ। ਹੋਸਟਲ ਤੇ ਪੁਲਿਸ ਦਾ ਸਖਤ ਪਹਿਰਾ ਦੇਖ ਕੇ ਲੋਕੀ ਗਾਂਧੀ ਪਾਰਕ ਪਹੁੰਚ ਗਏ। ਇੱਥੇ ਸਵੇਰੇ ਪੰਜ ਵਜੇ ਪੁਲਿਸ ਤਾਇਨਾਤ ਕਰ ਦਿੱਤੀ।

# ਕੌਮਾਂਤਰੀ ਨਿਆਂਇਕ ਅਦਾਲਤ ਨੇ ਕੁਲਭੂਸ਼ਣ ਜਾਧਵ ਦੀ ਫਾਂਸੀ ਦੀ ਸਜ਼ਾ ’ਤੇ ਰੋਕ ਲਗਾਈ

**ਨਵੀਂ ਦਿੱਲੀ:** ਕੌਮਾਂਤਰੀ ਨਿਆਂਇਕ ਅਦਾਲਤ ਨੇ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਦੀ ਫਾਂਸੀ ਦੀ ਸਜ਼ਾ ਉੱਤੇ ਰੋਕ ਲਗਾ ਦਿੱਤੀ ਹੈ।

ਭਾਰਤੀ ਜਲ ਸੈਨਾ ਦੇ ਸਾਬਕਾ ਅਧਿਕਾਰੀ ਜਾਧਵ ਨੂੰ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਜਾਸੂਸੀ ਦੇ ਦੋਸ਼ ਹੇਠ ਇਹ ਸਜ਼ਾ ਸੁਣਾਈ ਸੀ।

ਇਸ ਉੱਤੇ ਭਾਰਤ ਨੇ ਪਾਕਿਸਤਾਨ ਨੂੰ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੰਦੇ ਹੋਏ ਕੌਮਾਂਤਰੀ ਅਦਾਲਤ ਤੱਕ ਪਹੁੰਚ ਕੀਤੀ ਸੀ। ਭਾਰਤ ਨੇ ਕੌਮਾਂਤਰੀ ਅਦਾਲਤ ਵਿੱਚ ਜਾਸੂਸੀ ਦੇ ਦੋਸ਼ਾਂ ਨੂੰ ਗਲਤ ਦੱਸਦਿਆਂ ਹੋਇਆਂ ਕਿਹਾ ਕਿ ਜਲ ਸੈਨਾ ਵਿੱਚੋਂ ਸੇਵਾਮੁਕਤ ਹੋਣ ਤੋਂ ਬਾਅਦ ਜਾਧਵ ਇਰਾਨ ਵਿੱਚ ਆਪਣਾ ਕਾਰੋਬਾਰ ਕਰ ਰਿਹਾ ਸੀ। ਇਸ ਦੌਰਾਨ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵੀ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ।

# ‘ਆਪ’ ਨੇ ਦਿੱਲੀ ਸਦਨ ’ਚ ਦਿੱਤਾ ਈ.ਵੀ.ਐਮ. ਗੜਬੜੀ ਦਾ ਸਬੂਤ

**ਨਵੀਂ ਦਿੱਲੀ–** ਨਾਂਹ-ਪੱਖੀ ਚਰਚਾਵਾਂ ’ਚ ਘਿਰੀ ਆਮ ਆਦਮੀ ਪਾਰਟੀ ਨੇ ਦਿੱਲੀ ਵਿਧਾਨ ਸਭਾ ’ਚ ਵਿਸ਼ੇਸ਼ ਇਜਲਾਸ ਬੁਲਾ ਕੇ ‘ਮੱਠੇ ਪੈ ਚੁੱਕੇ’ ਈ. ਵੀ. ਐਮ. ਮੁੱਦੇ ਨੂੰ ਮੁੜ ਚੁੱਕਦਿਆਂ ਦਾਅਵਾ ਕੀਤਾ ਕਿ ਈ. ਵੀ. ਐਮ. ਮਸ਼ੀਨਾਂ ’ਚ ਗੜਬੜੀ ਸੰਭਵ ਹੈ। ਇਹ ਦਾਅਵਾ ਗ੍ਰੇਟਰ ਕੈਲਾਸ਼ ਤੋਂ ’ਆਪ’ ਵਿਧਾਇਕ ਸੌਰਭ ਭਾਰਦਵਾਜ, ਜੋ ਪੇਸ਼ੇ ਤੋਂ ਸਾਫਟਵੇਅਰ ਇੰਜੀਨੀਅਰ ਵੀ ਹਨ, ਨੇ ਦਿੱਲੀ ਵਿਧਾਨ ਸਭਾ ’ਚ ਈ. ਵੀ. ਐਮ. ’ਚ ਛੇੜਛਾੜ ਦਾ ਲਾਈਵ ਡੈਮੋ ਵਿਖਾਉਣ ਤੋਂ ਬਾਅਦ ਕੀਤਾ ਗਿਆ। ਸੌਰਭ ਭਾਰਦਵਾਜ ਨੇ ਮਸ਼ੀਨ ਦੀ ਗੜਬੜੀ ਦੇ ਡੈਮੋ ਤੋਂ ਪਹਿਲਾਂ ਇਹ ਸਪੱਸ਼ਟੀਕਰਨ ਜ਼ਰੂਰ ਦਿੱਤਾ ਕਿ ਉਨ੍ਹਾਂ ਵੱਲੋਂ ਲਿਆਂਦੀ ਗਈ ਮਸ਼ੀਨ ਈ. ਵੀ. ਐਮ. ਮਸ਼ੀਨ ਵਰਗੀ ਹੈ, ਨਾ ਕਿ ਅਸਲੀ ਈ. ਵੀ. ਐਮ.। ’ਆਪ’ ਨੇਤਾ ਨੇ ਦਾਅਵਾ ਕਰਦਿਆਂ ਕਿਹਾ ਕਿ ਸਿਰਫ ਈ. ਵੀ. ਐਮ. ਹੀ ਨਹੀਂ, ਦੁਨੀਆ ਦੀ ਕੋਈ ਵੀ ਮਸ਼ੀਨ ਹੈਕ ਕੀਤੀ ਜਾ ਸਕਦੀ ਹੈ। ਇਹੀ ਕਾਰਨ ਹੈ ਕਿ ਈ. ਵੀ. ਐਮ. ਮਸ਼ੀਨਾਂ ਬਣਾਉਣ ਵਾਲੇ ਮੁਲਕ ਵੀ ਬੈਲੇਟ ਪੇਪਰ ਰਾਹੀਂ ਵੋਟਾਂ ਪਾਉਂਦੇ ਹਨ। ਸੌਰਭ ਨੇ ਦਾਅਵਾ ਕਰਦਿਆਂ ਕਿਹਾ ਕਿ ਈ. ਵੀ. ਐਮ. ਹੈਕ ਕਰਨਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਇਸ ਲਈ ਸਿਰਫ ਇਕ ਗੁਪਤ ਕੋਡ



ਦੀ ਲੋੜ ਹੁੰਦੀ ਹੈ। ਕੋਡ ਤੋਂ ਬਾਅਦ ਮਸ਼ੀਨ ’ਚ ਪੈਣ ਵਾਲੀਆਂ ਸਾਰੀਆਂ ਵੋਟਾਂ ਉਸ ਪਾਰਟੀ ਨੂੰ ਜਾਂਦੀਆਂ ਹਨ, ਜਿਸ ਦਾ ਕੋਡ ਪਾਇਆ ਜਾਂਦਾ ਹੈ। ਹਾਲ ’ਚ ਪੰਜਾਬ ਅਤੇ ਗੋਆ ਵਿਧਾਨ ਸਭਾ ਚੋਣਾਂ ਅਤੇ ਦਿੱਲੀ ਨਿਗਮ ਚੋਣਾਂ ’ਚ ਨਿਰਾਸ਼ਾਜਨਕ ਪ੍ਰਦਰਸ਼ਨ ਕਰਨ ਵਾਲੀ ਆਮ ਆਦਮੀ ਪਾਰਟੀ ਹਾਰ ਲਈ ਮਸ਼ੀਨਾਂ ਦੀ ਗੜਬੜੀ ਨੂੰ ਹੀ ਜ਼ਿੰਮੇਵਾਰ ਠਹਿਰਾ ਰਹੀ ਹੈ। ’ਆਪ’ ਨੇਤਾ ਸੌਰਭ ਨੇ ਦਿੱਲੀ ਵਿਧਾਨ ਸਭਾ ’ਚ ਮੁੜ ਦੁਹਰਾਉਂਦਿਆਂ ਕਿਹਾ ਕਿ ਆਉਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ’ਚ ਈ. ਵੀ. ਐਮ. ਜਿਥੇ ਰੱਖੀਆਂ ਜਾਣਗੀਆਂ, ਉਹ ਥਾਂ ਸਿਰਫ 3 ਘੰਟਿਆਂ ਲਈ ’ਆਪ’ ਨੂੰ ਸਾਪ ਦੇਣ, ਉਸ ਤੋਂ ਬਾਅਦ ਜੇਕਰ ਭਾਜਪਾ ਕਿਤੋਂ ਵੀ ਜਿੱਤ ਜਾਏ ਤਾਂ ਉਹ ਸਿਆਸਤ ਤੋਂ ਸੰਨਿਆਸ ਲੈ ਲੈਣਗੇ। ਨਾਲ ਹੀ ਈ. ਵੀ. ਐਮ. ਨੂੰ ਲੋਕਤੰਤਰ ਲਈ ਖ਼ਤਰਾ ਕਰਾਰ ਦਿੰਦਿਆਂ ਭਾਜਪਾ ਨੂੰ ਅਸਿੱਧੇ ਢੰਗ ਨਾਲ ਨਿਸ਼ਾਨੇ ’ਤੇ ਲੈਂਦਿਆਂ ਇਹ ਵੀ ਕਿਹਾ ਕਿ ਇਨ੍ਹਾਂ ਮਸ਼ੀਨਾਂ ਨਾਲ ਸਿਰਫ ਇਕੋ ਹੀ ਪਾਰਟੀ ਹਰ ਵਾਰ ਜਿੱਤੇਗੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਹਾਲ ’ਚ ਪੰਜ ਰਾਜਾਂ ਵਿਸ਼ੇਸ਼ ਤੌਰ ’ਤੇ ਉੱਤਰ ਪ੍ਰਦੇਸ਼ ’ਚ ਭਾਜਪਾ ਨੂੰ ਮਿਲੀ ਭਾਰੀ ਜਿੱਤ ਤੋਂ ਬਾਅਦ ’ਆਪ’ ਤੋਂ ਇਲਾਵਾ ਵੀ ਸਾਰੀਆਂ ਵਿਰੋਧੀ ਪਾਰਟੀਆਂ ਈ. ਵੀ. ਐਮ. ਗੜਬੜੀ ਦੇ ਮੁੱਦੇ ’ਤੇ ਇਕਜੁੱਟ ਹੋ ਕੇ ਅਵਾਜ਼ ਉਠਾ ਰਹੀਆਂ ਸਨ, ਜਿਸ ਕਵਾਇਦ ਤਹਿਤ ਉਹ (ਵਿਰੋਧੀ ਪਾਰਟੀਆਂ) ਚੋਣ ਕਮਿਸ਼ਨ ਅਤੇ ਰਾਸ਼ਟਰਪਤੀ ਤੱਕ ਨੂੰ ਅਪੀਲ ਕਰ ਆਈਆਂ ਸਨ।


ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ/ਯੂਬਾ ਸਿਟੀ ਵਲੋਂ ਸੱਦਾ-ਪੱਤਰ

ਹਰ ਸਾਲ ਦੀ ਤਰ੍ਹਾਂ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ/ਯੂਬਾ ਸਿਟੀ ਵਲੋਂ 21 ਮਈ ਦਿਨ ਐਤਵਾਰ 2017 ਨੂੰ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਅਤੇ ਪੰਜਾਬੀ ਸਭਿਆਚਾਰ ਦੇ ਮੁਦੱਈਆਂ ਦੇ ਸਹਿਯੋਗ ਅਤੇ ਕੈਲੀਫੋਰਨੀਆ ਦੇ ਸਾਰੇ ਸਾਹਿਤਕਾਰਾਂ ਦੇ ਸਹਿਯੋਗ ਨਾਲ ਅਠਾਰਵੀਂ ਸਲਾਨਾ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ। ਆਪ ਜੀ ਦੀ ਸ਼ਮੂਲੀਅਤ ਅਤੀ ਜ਼ਰੂਰੀ ਹੈ। ਸਾਨੂੰ ਉਮੀਦ ਹੈ ਕਿ ਤੁਸੀਂ ਆਪਣੇ ਮਿੱਤਰਾਂ-ਪਿਆਰਿਆਂ ਤੇ ਪਰਿਵਾਰ ਨਾਲ ਜ਼ਰੂਰ ਪਧਾਰੋਗੇ।

ਸਥਾਨ: Four Points Sheraton (Rivers Hall) 4900 Duckhorn Drive Sacramento CA 95834 (Ph 916-263-9000) (Hwy 5 to Del Paso RD, go west than Address on Left)

ਪ੍ਰਧਾਨਗੀ: ਉਸਤਾਦ ਗ਼ਜ਼ਲਗੋ ਹਰਭਜਨ ਸਿੰਘ ਬੈਂਸ ਜੀ ਕਰਨਗੇ।

ਸਾਡੇ ਮੁੱਖ ਮਹਿਮਾਨ: ਸ਼ਰੋਮਣੀ ਕਵੀ ਗ਼ਜ਼ਲਗੋ ਆਜ਼ਾਦ ਜਲੰਧਰੀ ਜੀ, ਗ਼ਜ਼ਲਗੋ ਈਸ਼ਰ ਸਿੰਘ ਜੀ ਮੋਮਨ, ਨਾਵਲਿਸਟ ਇੰਦਰ ਸਿੰਘ ਖਾਮੋਸ਼ ਅਤੇ ਮਨਜੀਤ ਕੌਰ ਗਿੱਲ।

ਪ੍ਰੋਗਰਾਮਾਂ ਦੇ ਸੰਚਾਲਨ ਦਾ ਵੇਰਵਾ:-

ਚਾਹ ਪਾਣੀ :10.00 ਵਜੇ ਤੋਂ 11.00 ਵਜੇ ਤੱਕ।

ਕਹਾਣੀ ਦਰਬਾਰ: 10.30 ਤੋਂ 11.30 ਗਿਆਰਾਂ ਵਜੇ ਤਕ।

ਪਰਚੇ ਪੜ੍ਹਨ ਦਾ ਸਮਾਂ: 11.30 ਤੋਂ 12.30 ਵਜੇ ਤਕ।

ਪ੍ਰਧਾਨਗੀ ਭਾਸ਼ਨ ਤੇ ਵਿਚਾਰ: 12.30 ਤੋਂ 1.30 ਵਜੇ ਤਕ।

ਲੰਚ: 1.30 ਤੋਂ 2.00 ਵਜੇ ਤਕ।



ਦਲਵੀਰ ‘ਦਿਲ’ ਨਿੱਜਰ

ਉਪਰੰਤ: ਕਵੀ ਦਰਬਾਰ ਅਤੇ ਮਾਣ-ਸਨਮਾਨ ਅਤੇ ਗੀਤ ਸੰਗੀਤ ਸ਼ਾਮ ਛੇ ਵਜੇ ਤਕ।

ਨੋਟ: ਵੇਲੇ ਸਿਰ ਨਾ ਪਹੁੰਚ ਸਕਣ ਵਾਲੇ ਬੁਲਾਰਿਆਂ ਨੂੰ ਸਮਾਂ ਨਾ ਦੇ ਸਕਣ ਦੀ ਸਾਡੀ ਮਜ਼ਬੂਰੀ ਹੋਵੇਗੀ।

ਉਡੀਕਵਾਨ: ਪੰਜਾਬੀ ਸਾਹਿਤ ਸਭਾ ਦੀ ਕਾਰਜਕਾਰਨੀ, ਸੁਪਰਸਤ-ਮਹਿਮਾਨ ਤੇ ਸਮੂਹ ਮੈਂਬਰਾਨ।

ਪ੍ਰਧਾਨ : ਦਲਵੀਰ ‘ਦਿਲ’ ਨਿੱਜਰ ਅਤੇ ਸਮੂੰਹ ਮੈਂਬਰ....916-628-2210

ਵਧੇਰੇ ਜਾਣਕਾਰੀ ਲਈ ਸਭਾ ਦੇ ਕਿਸੇ ਵੀ ਮੈਂਬਰ ਨੂੰ ਕਾਲ ਕਰ ਸਕਦੇ ਹੋ।








Our Guest Speaker Dr. Manisha Bangar

Dr. Manisha is a medical doctor, Indian civil rights leader, and activst for women, minority, and dalit issues. She is currently the National Vice President of the All India Backward (SC, ST, OBC) And Minority Communities Employees Federation, known as BAMCEF, is an organization of employees from Scheduled Castes (SC), Scheduled Tribes (ST), Other Backward Classes (OBC) and Minority Communities in India.



Arundhati Roy and Manisha Bangar at Columbia University



Saturday, May 13th
4:00 – 7:00 pm
Ohlone College, Building 7
43600 Mission Boulevard
Fremont, CA 94539

ofmi organization for minorities of India

BRASF

Contact Steve Macias For More Information

(916) 905-4040

ਦੇਸ਼ ਦੁਆਬਾ

# ਸ਼ੰਕਿਆਂ ਦੇ ਘੇਰੇ ਵਿਚ ਆਮ ਆਦਮੀ ਪਾਰਟੀ

ਦਿੱਲੀ ਹੀ ਮੁਲਕ ਨਹੀਂ ਹੈ ਪਰ ਮੁਲਕ ਦੀ ਰਾਜਧਾਨੀ ਵਿਚ ਸੱਤਾਧਾਰੀ ਹੋਣ ਦੇ ਕਾਰਨ ਆਮ ਆਦਮੀ ਪਾਰਟੀ ਕੁਝ ਜ਼ਿਆਦਾ ਹੀ ਚਰਚਾ ਵਿਚ ਰਹਿੰਦੀ ਹੈ। ਅੱਜਕਲ੍ਹ ਵੀ ਚਰਚਾ ਵਿਚ ਹੈ ਪਰ ਅਜਿਹੇ ਕਾਰਨਾਂ ਕਰਕੇ ਜੋ ਉਸਦੀ ਸਾਖ ਨੂੰ ਖਰਾਬ ਕਰ ਰਹੇ ਹਨ। ਪੰਜਾਬ ਅਤੇ ਗੋਆ ਦੀਆਂ ਚੋਣਾਂ ਵਿਚ ਨਿਰਾਸ਼ਾਜਨਕ ਪ੍ਰਦਰਸ਼ਨ ਦੇ ਝਟਕੇ ਤੋਂ ਹਾਲੇ ਇਹ ਪਾਰਟੀ ਨਿਕਲੀ ਨਹੀਂ ਸੀ ਕਿ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਗਈ। ਇਸ ਝਟਕੇ ਤੋਂ ਬਾਅਦ ਪਾਰਟੀ ਵਿਚ ਆਰੰਭ ਹੋਈ ਖਿੱਚੋਤਾਣ ਜਦੋਂ ਸ਼ਾਂਤ ਹੁੰਦੀ ਦਿੱਸ ਰਹੀ ਸੀ ਤਾਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਭਰੋਸੇਯੋਗ ਅਤੇ ਪੁਰਾਣੇ ਸਾਥੀਆਂ ਵਿਚੋਂ ਇਕ ਕਪਿਲ ਮਿਸ਼ਰਾ ਨੇ ਕੇਜਰੀਵਾਲ ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਸਨਸਨੀ ਫੈਲਾ ਦਿੱਤੀ। ਉਹਨਾਂ ਨੇ ਇਹ ਦੋਸ਼ ਆਪਣਾ ਮੰਤਰੀ ਦਾ ਅਹੁਦਾ ਛੱਡਣ ਤੋਂ ਬਾਅਦ ਲਗਾਏ ਹਨ। ਕਪਿਲ ਮਿਸ਼ਰਾ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਉਣ ਦਾ ਕਾਰਨ ਇਹ ਦੱਸਿਆ ਗਿਆ ਕਿ ਉਹ ਦਿੱਲੀ ਵਿਚ ਪਾਣੀ ਦੀ ਕਮੀ ਦੂਰ ਨਹੀਂ ਕਰ ਸਕੇ ਸਨ। ਹੋ ਸਕਦਾ ਹੈ ਕਿ ਇਸ ਸ਼ਿਕਾਇਤ ਵਿਚ ਕੁਝ ਦਮ ਹੋਵੇ ਪਰ ਕੀ ਇਹ ਸਹੀ ਨਹੀਂ ਕਿ ਖੁਦ ਕੇਜਰੀਵਾਲ ਉਹਨਾਂ ਦੀ ਸ਼ਲਾਘਾ ਦੇ ਪੁਲ ਬੰਨ੍ਹਿਆ ਕਰਦੇ ਸਨ? ਦਿੱਲੀ ਦੀ ਜਨਤਾ ਦੇ ਨਾਲ-ਨਾਲ ਸ਼ਾਇਦ ਆਮ ਆਦਮੀ ਪਾਰਟੀ ਦੇ ਸਮਰਥਕਾਂ ਦੇ ਲਈ ਵੀ ਇਹ ਸਮਝਣਾ ਮੁਸ਼ਕਿਲ ਹੈ ਕਿ ਕੱਲ੍ਹ ਤੱਕ ਕਾਬਲ ਦੱਸਿਆ ਜਾਣ ਵਾਲਾ ਕਪਿਲ ਮਿਸ਼ਰਾ ਅਚਾਨਕ ਨਕਾਰਾ ਕਿਵੇਂ ਹੋ ਗਿਆ? ਕਪਿਲ ਮਿਸ਼ਰਾ ਦਾ ਕਹਿਣਾ ਹੈ ਕਿ ਉਹਨਾਂ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਮੰਤਰੀ ਸਤੇਂਦਰ ਜੈਨ ਨੂੰ ਕੇਜਰੀਵਾਲ ਨੂੰ ਦੋ ਕਰੋੜ ਰੁਪਏ ਦਿੰਦੇ ਹੋਏ ਖੁਦ ਦੇਖਿਆ ਹੈ। ਉਹਨਾਂ ਦਾ ਇਹ ਸਨਸਨੀਖੇਜ਼ ਦੋਸ਼ ਇਹ ਵੀ ਹੈ ਕਿ ਜੈਨ ਨੇ ਕੇਜਰੀਵਾਲ ਦੇ ਇਕ ਰਿਸ਼ਤੇਦਾਰ ਨੂੰ 50 ਕਰੋੜ ਦੀ ਜ਼ਮੀਨ ਦੇ ਸੌਦੇ ਵਿਚ ਮਦਦ ਕੀਤੀ।ਇਹਨਾਂ ਦੋਸ਼ਾਂ ਵਿਚ ਕਿੰਨੀ ਸਚਾਈ ਹੈ, ਇਹ ਤਾਂ ਫਿਲਹਾਲ ਬਾਅਦ ਵਿਚ ਪਤਾ ਲੱਗੇਗਾ ਪਰ ਕੇਜਰੀਵਾਲ ਦੇ ਬਚਾਅ ਵਿਚ ਸਿਰਫ ਇੰਨਾ ਕਹਿਣਾ ਵੀ ਉਚਿਤ ਨਹੀਂ ਕਿ ਇਹ ਦੋਸ਼ ਗਲਤ ਹਨ।

ਇਹਨਾਂ ਦੋਸ਼ਾਂ ਤੋਂ ਬਾਅਦ ਇਸ ਪਾਰਟੀ ਦਾ ਸੰਕਟ ਹੋਰ ਗਹਿਰਾ ਹੋ ਗਿਆ ਹੈ। ਪਾਰਟੀ ਵਿਚੋਂ ਕੱਢੇ ਗਏ ਲੀਡਰ ਇਸ ਲਈ ਕੇਜਰੀਵਾਲ ਦਾ ਪਾਰਟੀ ਸੁਪਰੀਮੋ ਬਣਨ ਦੇ ਲਾਲਚ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਉਹ ਕਹਿੰਦੇ ਹਨ ਕਿ ਜਿਹੜੀ ਆਮ ਆਦਮੀ ਪਾਰਟੀ ਨਾਲ ਉਹ ਜੁੜੇ ਸਨ, ਉਹ ਬਹੁਤ ਜਲਦੀ ਆਮ ਤੋਂ ਇਕ ਖਾਸ ਆਦਮੀ ਦੀ ਪਾਰਟੀ ਬਣ ਗਈ ਹੈ। ਇਹੀ ਕਾਰਨ ਹੈ ਕਿ ਪਾਰਟੀ ਤੇ ਵਾਰ-ਵਾਰ ਅਜਿਹੇ ਦੋਸ਼ ਲੱਗ ਰਹੇ ਹਨ ਅਤੇ ਇਸ ਨਾਲ ਪਾਰਟੀ ਦਾ ਭਵਿੱਖ ਖਤਰੇ ਵਿਚ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-32

## ਪੰਜ ਗਿਆਨ ਇੰਦਰਿਆਂ ਚੋਂ ਅੱਖਾਂ ਦੀ ਮਹੱਤਤਾ



ਅਵਤਾਰ ਸਿੰਘ ਮਿਸ਼ਨਰੀ
510-432-5827

ਅੱਖਾਂ, ਨੈਣ, ਦੀਦੇ, ਨੇਤ੍ਰ, ਜੋਤ ਅਤੇ ਚਸ਼ਮੇ ਆਦਿਕ ਸਮਰਥਕ ਹਨ। ਨੇਤ੍ਰ ਦੋ ਪ੍ਰਕਾਰ ਦੇ ਹਨ ਇੱਕ ਸਰੀਰਕ ਤੇ ਦੂਜੇ ਗਿਆਨ ਦੇ ਨੇਤ੍ਰ ਹਨ। ਸਰੀਰਕ ਅੱਖਾਂ ਨਾਲ ਦੁਨੀਆਂ ਦਿਸਦੀ ਅਤੇ ਗਿਆਨ ਦੀਆਂ ਅੱਖਾਂ ਨਾਲ ਪਤੀ ਪ੍ਰਮਾਤਮਾਂ ਦਿਸਦਾ ਹੈ-ਨਾਨਕ ਸੇ ਅਖੜੀਆਂ ਬਿਅੰਨਿ ਜਿੰਨੀ ਡਿਸੰਦੋ ਮਾ ਪਿਰੀ॥(੫੭੮) ਅੱਖਾਂ ਉਹ ਚਸ਼ਮੇਂ ਹਨ ਜੋ ਚਾਨਣ ਵਿਖਾਂਉਂਦੇ ਅਤੇ ਅੱਖਾਂ ਸਰੀਰ ਵਿੱਚ ਵੇਖਣ ਦਾ ਕੰਮ ਕਰਦੀਆਂ ਹਨ। ਨੇਤ੍ਰ ਸਰੀਰ ਦੇ ਨਾਲ ਹੀ ਪੈਦਾ ਹੁੰਦੇ ਅਤੇ ਜਨਮ ਤੋਂ ਕੁਝ ਚਿਰ ਬਾਅਦ ਅੱਖਾਂ ਖੁੱਲ੍ਹ ਜਾਂਦੀਆਂ ਹਨ। ਕਰੀਬ ਹਰੇਕ ਸਰੀਰਧਾਰੀ ਦੀਆਂ ਦੋ ਅੱਖਾਂ ਹੁੰਦੀਆਂ ਹਨ। ਇਹ ਰੱਬੀ ਦਾਤ ਕੁਦਰਤ ਨੇ ਸ੍ਰਿਸ਼ਟੀ ਦੇ ਨਜਾਰੇ ਵੇਖਣ ਵਾਚਣ ਲਈ ਦਿੱਤੀ ਹੈ। ਅੱਖਾਂ ਨਾਲ ਅਸੀਂ ਵੱਡੇ ਵੱਡੇ ਗ੍ਰੰਥ ਅਤੇ ਪੁਸਤਕਾਂ ਪੜ੍ਹ ਸਕਦੇ ਹਾਂ। ਰੰਗ ਬਰੰਗੀ ਦੁਨੀਆਂ ਦਾ ਪਤਾ ਇਨ੍ਹਾਂ ਨੇਤ੍ਰਾਂ ਨਾਲ ਹੀ ਲਗਦਾ ਹੈ। ਅੱਖਾਂ ਨਾਲ ਡਾਇਰੈਕਸ਼ਨ ਪੜ੍ਹ ਕੇ ਅਸੀਂ ਮੰਜਲ ਤੇ ਪਹੁੰਚ ਜਾਂਦੇ ਹਾਂ। ਦੁਨੀਆਂ ਵਿੱਚ ਬਹੁਤ ਕੁਝ ਚੰਗਾ ਅਤੇ ਮੰਦਾ ਵੀ ਹੈ। ਇਨ੍ਹਾਂ ਅੱਖਾਂ ਨਾਲ ਚੰਗਾ ਵੇਖਾਂਗੇ ਤੇ ਲਾਭ ਮੰਦਾ ਵੇਖਾਂਗੇ ਤਾਂ ਨੁਕਸਾਨ ਹੋਵੇਗਾ। ਅੱਖਾਂ ਬਾਰੇ ਕਈ ਮੁਹਾਵਰੇ ਵੀ ਹਨ ਜਿਵੇਂ ਅੱਖ ਲੱਗਣੀ, ਅੱਖ ਲੜਨੀ, ਅੱਖ ਮਟੱਕੇ ਹੋਣਾ, ਅੱਖਾਂ ਮੀਚਣਾ, ਮੈਲੀ ਅੱਖ, ਬਾਜ ਅੱਖ, ਅੱਖ ਰੱਖਣਾ, ਅੱਖੀਂ ਵੱਸਣਾ, ਅਖਾਂ ਲਾਉਣੀਆਂ, ਅੱਖਾਂ ਨਾਲ ਗੱਲਾਂ ਕਰਨੀਆਂ, ਅੱਖਾਂ ਤੇ ਨਚਾਉਣਾ, ਅੱਖ ਮਾਰਨਾ, ਅੱਖ ਝਮੱਕਾ, ਅੱਖੋਂ ਓਹਲੇ ਹੋਣਾ, ਅੱਖਾਂ ਭਰਨਾ, ਅੱਖਾਂ ਮੀਟਣਾ, ਕੈਹਰੀ ਅਖੇ ਦੇਖਣਾ, ਇੱਕ ਅੱਖ ਨਾਲ ਦੇਖਣਾ, ਅੱਖ ਦੀ ਸ਼ਰਮ, ਮੂੰਹ ਖਾਂਦਾ ਤੇ ਅੱਖਾਂ ਸ਼ਰਮਾਦੀਆਂ ਨੇ ਆਦਿਕ। ਦੂਜੇ ਪਾਸੇ ਜਿਨ੍ਹਾਂ ਦੀਆਂ ਅੱਖਾਂ ਨਹੀਂ ਹਨ ਉਹ ਸੰਸਾਰ ਦੇ ਰੰਗ ਬਰੰਗੇ ਤਮਾਸ਼ੇ ਅਤੇ ਸੀਨ ਨਹੀਂ ਵੇਖ ਸਕਦੇ। ਉਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਡੰਗੋਰੀ ਅਤੇ ਕਿਸੇ ਦੇ ਆਸਰੇ ਦੀ ਲੋੜ ਪੈਂਦੀ ਹੈ। ਉਹ ਕੋਈ ਗ੍ਰੰਥ ਜਾਂ ਪੁਸਤਕ ਨਹੀਂ ਪੜ੍ਹ ਸਕਦੇ ਅਤੇ ਉਨ੍ਹਾਂ ਨੂੰ ਜਿੰਦਗੀ ਵਿੱਚ ਇਸ ਪੱਖੋਂ ਕਈ ਦਿਕਤਾਂ ਆਉਂਦੀਆਂ ਹਨ।

ਹੁਣ ਆਪਾਂ ਅੱਖਾਂ ਜਾਂ ਨੇਤ੍ਰਾਂ ਬਾਰੇ ਗੁਰਬਾਣੀ ਚੋਂ ਵਿਚਾਰਦੇ ਹਾਂ-ਏਤ੍ਰਹੁ ਮੇਰਿਹੋ ਹਰਿ ਤੁਮ ਮਹਿ ਜਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥ (੯੨੨) ਅੱਖਾਂ ਨਾਲ ਗੁਰੂ ਦਾ ਦਰਸ਼ਨ ਕਰਕੇ ਸੁਖ ਮਿਲਦਾ ਹੈ-ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ॥(੨੯੦) ਉਹ ਨੇਤ੍ਰ ਹੀ ਚੰਗੇ ਤੇ ਪ੍ਰਵਾਣ ਹਨ ਜੋ ਸਾਧੂ ਸਤਿਗੁਰੂ ਨੂੰ ਵੇਖਦੇ ਹਨ-ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ॥(੫੪੦) ਇਨ੍ਹਾਂ ਅੱਖਾਂ ਨਾਲ ਪਰਾਇਆ ਰੂਪ ਨਹੀਂ ਤੱਕਣਾ-ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥(੨੭੪) ਨਿਰਾ ਗਾਉਣ, ਸੁਣਨ ਤੇ ਅੱਖਾਂ ਮੀਚਣ ਨਾਲ ਪਰਮਪਦ ਪ੍ਰਾਪਤ ਨਹੀਂ ਹੁੰਦਾ ਜਿੰਨਾਂ ਚਿਰ ਗੁਰ ਉਪਦੇਸ਼ ਲੈ, ਉਸ ਦੀ ਕਮਾਈ ਨਾ ਕੀਤੀ ਜਾਵੇ-ਗਾਏਂ ਸੁਨੇ ਆਂਖੇ ਮੀਚੈ ਪਾਈਐ ਨ ਪਰਮਪਦੁ ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ॥੪੩੯॥(ਭਾ.ਗੁ) ਭਾਈ ਗੁਰਦਾਸ ਜੀ ਤਾਂ ਇਹ ਵੀ ਦਰਸਾਂਦੇ ਹਨ ਕਿ-ਦੇਖਿ ਪਰਾਈਆਂ ਚੰਗੀਆਂ ਮਾਵਾਂ, ਧੀਆਂ ਭੈਣਾ ਜਾਣੈ॥ (ਭਾ.ਗੁ) ਅੱਖਾਂ ਮੀਟ ਕੇ ਕਿਸੇ ਭੇਖੀ ਸਾਧ-ਸੰਤ, ਅਖੌਤੀ ਬ੍ਰਹਮ ਗਿਆਨੀ, ਡੇਰੇਦਾਰ ਠੱਗ ਜਾਂ ਸੰਪ੍ਰਦਾਈ ਲੰਬੇ ਚੋਲਿਆਂ ਵਾਲਿਆਂ ਦੇ ਮਗਰ ਨਹੀਂ ਲਗਣਾ ਚਾਹੀਦਾ।

ਗੁਰੂ ਤਾਂ ਅੱਖਾਂ ਖੋਲਣ ਦਾ ਉਪਦੇਸ਼ ਦਿੰਦਾ ਪਰ ਅਜੋਕੇ ਸਾਧੜੇ ਤੇ ਡੇਰੇਦਾਰ ਭਗਵੇ ਗਿਆਨੀ ਅੱਖਾਂ ਬੰਦ ਕਰਕੇ ਜਪਣ ਦਾ ਢੌਂਗ ਕਰਦੇ ਹਨ-ਗੁਣ ਨਾਨਕੁ ਬੋਲੈ ਭਲੀ ਬਾਣਿ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ॥(੧੧੯੦) ਸੁਜਾਖਾ ਔਜੜੇ ਰਾਹ ਨਹੀਂ ਪੈਂਦਾ-ਹੋਇ ਸੁਜਾਖਾ ਨਾਨਕਾ ਸੋ ਕਿਉ ਉਜੜਿ ਪਾਇ॥(੯੫੫) ਸੋ ਇਸ ਗਿਆਨ ਇੰਦ੍ਰੇ ਦੀ ਸੁਜੋਗ ਵਰਤੋਂ ਕਰਕੇ ਫਾਇਦਾ ਲੈਣਾ ਚਾਹੀਦਾ ਹੈ। ਗਿਆਨ ਨੇਤ੍ਰਾਂ ਦਾ ਇਲਾਜ ਗੁਰੂ ਵੈਦ ਹੀ ਕਰਦਾ ਹੈ-ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥(੨੯੫) ਵੈਸੇ ਵੀ ਅੱਖਾਂ ਦੀ ਦੇਖ ਭਾਲ ਚੰਗੀ ਤਰ੍ਹਾਂ ਕਰਨੀ ਚਾਹੀਦੀ ਹੈ। ਨੀਮਾਂ ਹਕੀਮਾਂ ਦੀਆਂ ਦਵਾਈਆਂ ਅੱਖਾਂ ਵਿੱਚ ਨਹੀਂ ਪਾਉਣੀਆਂ ਚਾਹੀਦੀਆਂ। ਹਰ ਰੋਜ ਇਸ਼ਨਾਨ ਕਰਨਾ ਅਤੇ ਅੱਖਾਂ ਤੇ ਠਡੇ ਪਾਣੀ ਦੇ ਛੱਟੇ ਮਾਰਨੇ ਚਾਹੀਦੇ ਅਤੇ ਹਰਿਆਵਲ ਵਾਲੀ ਥਾਂ ਸੈਰ ਕਰਨੀ ਚਾਹੀਦੀ ਹੈ। ਅਤਿਅੰਤ ਲੋੜ ਪੈਣ ਤੇ ਕਿਸੇ ਚੰਗੇ ਅੱਖਾਂ ਦੇ ਡਾਕਟਰ ਨੂੰ ਦਿਖਾ ਕੇ ਅੱਖਾਂ ਦਾ ਇਲਾਜ ਕਰਵਾਉਣਾ ਚਾਹੀਦਾ ਹੈ।

# ਦੁਰਲੱਭ ਸਿੱਕੇ, ਨੋਟ, ਡਾਕ ਟਿਕਟਾਂ ਅਤੇ ਵਿਰਾਸਤੀ ਵਸਤਾਂ ਸਾਂਭੀ ਬੈਠਾ 'ਹਰਜੀਤ ਸਿੰਘ ਲੋਟੇ'



ਤਸਵਿੰਦਰ ਸਿੰਘ ਬੜੈਚ
91-98763-22677

ਸਨਅਤੀ ਸ਼ਹਿਰ ਲੁਧਿਆਣਾ ਦੇ ਬਸ਼ਿੰਦੇ ਸਰਦਾਰ ਹਰਜੀਤ ਸਿੰਘ ਲੋਟੇ ਨੇ ਇਕ ਨਹੀਂ, ਦੋ ਨਹੀਂ ਅਨੇਕਾਂ ਸ਼ੌਕ ਪਾਲੇ ਹੋਏ ਹਨ। ਜਿਸ ਨੂੰ ਦੇਖ ਸੁਣ ਕੇ ਹੈਰਾਨ ਹੋਈਦਾ ਹੈ। ਉਸ ਨੇ ਪੁਰਾਤਨ ਤੇ ਦੁਰਲੱਭ ਸਿੱਕੇ, ਨੋਟ, ਡਾਕ ਟਿਕਟਾਂ ਅਤੇ ਵਿਰਾਸਤੀ ਚੀਜ਼ਾਂ ਨੂੰ ਇਕੱਠੀਆਂ ਕਰਨ ਦਾ ਅਨੋਖਾ ਸ਼ੌਕ ਪਾਲਿਆ ਹੋਇਆ ਹੈ। ਜੇ ਮੈਂ ਗੱਲ ਉਸ ਵੱਲੋਂ ਇਕੱਠੇ ਕੀਤੇ ਨੋਟਾਂ ਅਤੇ ਸਿੱਕਿਆਂ ਤੋਂ ਸੁਰੂ ਕਰਾਂ ਤਾਂ ਉਸ ਕੋਲ ਇਸ ਵੇਲੇ ਅਹਿਮਦ ਸਾਹ, ਰਜੀਆਂ ਸੁਲਤਾਨਾ, ਸੇਰ ਸ਼ਾਹ ਸੂਰੀ, ਮੁਹੰਮਦ ਗੌਰੀ, ਸ਼ਾਹ ਆਲਮ, ਚੰਦਰ ਗੁਪਤ ਮੋਰੀਆ, ਬਾਦਸ਼ਾਹ ਕਨਿਸ਼ਕ, ਹੂਨ, ਹਮਲਾਵਾਰ, ਮੁਗਲ ਬਾਦਸ਼ਾਹ ਅਕਬਰ, ਸਾਹਜਹਾਂ, ਜਹਾਂਗੀਰ, ਮਹਿਮੂਦ ਗਜ਼ਨਵੀਂ, ਸਿਕੰਦਰ ਲੋਧੀ, ਟੀਪੂ ਸੁਲਤਾਨ, ਸਮਸੂਦੀਨ, ਅਲਮਸਤ, ਹਮਾਯੂੰ, ਸੁਲਤਾਨ ਸ਼ਾਹ, ਮੁਹੰਮਦ ਜਲਾਲੂਦੀਨ, ਗੁਲਬਰਗ ਰਾਜ ਦੇ ਸਿੱਕੇ, ਬਲਬਨ ਬਾਦਸ਼ਾਹ ਤੋਂ ਬਿਨਾਂ ਸਾਰੇ ਹੀ ਅੰਗਰੇਜ ਬਾਦਸ਼ਾਹ ਸਲੈਜਾ ਬਿੱਤ ਪਹਿਲੀ, ਮਲਿਕਾ ਮੈਰੀ, ਜਾਰਜ ਫਾਇਵ, ਜਾਰਜ ਫਾਇਵ ਐਂਡ ਮੈਰੀ, ਜਾਰਜ ਸਿਕਸ, ਮਲਕਾ ਵਿਕਟੋਰੀਆਂ, ਰਾਜਾ ਐਡਵਰਡ ਦੇ ਚਿੱਤਰ ਵਾਲਾ ਇਕ ਆਨਾ, ਨਾਨਕਸ਼ਾਹੀ ਸਿੱਕੇ, ਮੰਸੂਰੀ ਪੈਸੇ, ਰਾਮ ਦਰਬਾਰ, ਹੈਦਰਾਬਾਦ ਦੇ ਨਿਜ਼ਾਮ ਦੀਆਂ ਦਮੜੀਆਂ, ਰਾਜਸਥਾਨ ਦੇ ਰਾਜਾ ਸਵੈਮਾਨ ਦੇ ਸਿੱਕੇ, ਸਨਾਤਨ ਧਰਮ ਦੇ ਵੱਖ-ਵੱਖ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਵਾਲੇ ਸਿੱਕੇ, ਮਹਾਰਾਜਾ ਰਣਜੀਤ ਸਿੰਘ ਦੇ ਸਿੱਕੇ, ਮਹਾਰਾਜਾ ਰਾਜਿੰਦਰ ਸਿੰਘ ਪਟਿਆਲਾ ਦੇ ਸਿੱਕੇ, ਬਾਬਾ ਬੰਦਾ ਸਿੰਘ ਬਹਾਦਰ ਦੇ ਸਿੱਕੇ, ਜੰਮੂ ਰਿਆਸਤ ਦੇ ਰਾਜਾ ਪ੍ਰਤਾਪ ਸਿੰਘ ਦੇ ਸਿੱਕੇ, ਰਾਜਾ ਬਾਡੇਮਰ ਮਾਸੂਰ ਦੇ ਸਿੱਕੇ ਮੌਜੂਦ ਹਨ। ਉਸ ਕੋਲ ਪੁਰਾਣੇ ਵੱਡੇ ਸਾਇਜ ਦੇ ਨੋਟ ਵੀ ਕਨੇਡਾ, ਚੀਨ, ਗਰੀਸ, ਡੈਨਮਾਰਕ, ਸੀਰੀਆ, ਫਰਾਂਸ, ਜਰਮਨੀ, ਘਾਨਾ, ਇੰਗਲੈਂਡ, ਹੋਲੈਂਡ, ਹੰਗਰੀ, ਥਾਈਲੈਂਡ, ਇਰਾਕ, ਜੋਰਡਨ, ਇਟਲੀ, ਜਪਾਨ, ਕੀਨੀਆ, ਕੋਰੀਆ, ਲਿਬੀਆ, ਮਲੇਸੀਆ, ਪਨਾਮਾ, ਨੇਪਾਲ, ਨਿਊਜੀਲੈਂਡ, ਪਾਕਿਸਤਾਨ, ਜਾਬੀਆ, ਪੋਲੈਂਡ, ਨਾਈਜੀਰੀਆ, ਅਮਰੀਕਾ, ਸਵਿਟਰਜ਼ਰਲੈਂਡ, ਸਵੀਡਨ, ਸਪੇਨ, ਸਾਊਥ ਅਫਰੀਕਾ, ਰੂਸ, ਰੁਮਾਨੀਆ ਆਦਿ ਦੇਸਾਂ, ਜਿਨ੍ਹਾਂ ਦੇ ਨਾਂਅ ਗਿਣਾਉਣੇ ਸੰਭਵ ਨਹੀਂ ਹਨ,ਦੀਆਂ ਬਹੁਤ ਸਾਰੀਆਂ ਡਾਕ ਟਿਕਟਾਂ ਵੀ ਉਸਦੇ ਸੰਗ੍ਰਹਿ ਵਿਚ ਪਈਆਂ ਹਨ।

ਇਸ ਤੋਂ ਇਲਾਵਾ, ਆਮ ਬੰਦਿਆਂ ਨਾਲੋਂ ਕੁੱਝ ਵੱਖਰੀ ਤਰ੍ਹਾਂ ਦੀ ਸਮਝ ਰੱਖਣ ਵਾਲੇ ਇਸ ਵਿਅਕਤੀ ਕੋਲ 2 ਨਿਊਬਾਂ ਵਾਲੇ ਰੇਡੀਓ, ਰੇਡੀਓ ਲਾਈਸੈਂਸ, 100 ਐਲ.ਪੀ.ਯਾਨੀ ਕੁੱਤੇ ਮਾਰਕਾ ਤਵੇ, 3 ਗ੍ਰਾਮੋਫੋਨ ਮਸ਼ੀਨਾਂ (ਜੋ ਪੂਰੀ ਸੰਭਾਲ ਨਾਲ ਚਾਲੂ ਹਾਲਤ 'ਚ ਹਨ), ਪੰਜਾਬ ਦੀਆਂ ਪੁਰਾਣੀਆਂ ਰਿਆਸਤਾਂ ਵਿਚ ਉਸ ਸਮੇਂ ਦੀਆਂ ਅਦਾਲਤਾਂ ਵਿਚ ਚੱਲਣ ਵਾਲੇ 50 ਅਸ਼ਟਾਮ ਪੇਪਰ, 10 ਪੁਰਾਣੇ ਪੋਸਟ ਕਾਰਡ, ਬ੍ਰਿਟਿਸ-ਇੰਡੀਆਂ ਦਾ 1945





ਹਨ। ਸਿੱਕਿਆਂ ਦੇ ਮਾਮਲੇ ਵਿੱਚ ਸ਼ਾਇਦ ਹੀ ਲੁਧਿਆਣੇ ਜਿਲ੍ਹੇ ਵਿਚ ਕੋਈ ਅਜਿਹਾ ਵਿਅਕਤੀ ਹੋਵੇ, ਜਿਸ ਕੋਲ ਏਨੀ ਵੱਡੀ ਮਾਤਰਾ ਵਿਚ ਸਿੱਕੇ ਮੌਜੂਦ ਹੋਣ। ਸਿੱਕਿਆਂ ਅਤੇ ਨੋਟਾਂ ਦੇ ਨਾਲ-ਨਾਲ ਉਸ ਨੇ ਡਾਕ ਟਿਕਟਾਂ ਵੀ ਇਕੱਠੀਆਂ ਕੀਤੀਆਂ ਹੋਈਆਂ ਹਨ। ਉਸ ਕੋਲ ਇਤਿਹਾਸਕ ਸਥਾਨਾਂ ਤੇ ਨਾਮਵਰ ਹਸਤੀਆਂ ਦੀਆਂ ਅਜਿਹੀਆਂ ਟਿਕਟਾਂ ਹਨ ਜੋ ਕਿਸੇ ਹੋਰ ਕੋਲ ਨਹੀਂ ਮਿਲ ਸਕਦੀਆਂ। ਹਰਜੀਤ ਸਿੰਘ ਲੋਟੇ ਦੇ ਖਜ਼ਾਨੇ ਵਿਚ ਨੈਸ਼ਨਲ ਫਲੈਗ-1947, ਲਾਲ ਬਹਾਦਰ ਸ਼ਾਸਤਰੀ, ਪਹਿਲੀਆਂ ਏਸ਼ੀਅਨ ਗੇਮਜ਼, ਡਾਕਟਰ ਰਾਧਾ ਕ੍ਰਿਸ਼ਨਨ, ਡਾਕਟਰ ਰਾਜਿੰਦਰ ਪ੍ਰਸਾਦ, ਮਹਾਤਮਾ ਗਾਂਧੀ, ਪੰਡਿਤ ਨਹਿਰੂ, ਰੇਲਵੇ ਦੇ 100 ਸਾਲ, ਉਲੰਪਿਕ ਖੇਡਾਂ, ਹਰਮੰਦਰ ਸਾਹਿਬ ਅੰਮ੍ਰਿਤਸਰ, ਭਾਖੜਾ ਡੈਮ, ਮਹਾਰਿਸੀ ਬਾਲਮੀਕ, ਰਾਜਾ ਰਵੀ ਵਰਮਾ, ਅਮੀਰ ਖੁਸ਼ਰੋ, ਬੰਦੇ ਮਾਤਰਮ, ਹਾਈ ਕੋਰਟ ਬੰਬੇ, ਗੁਰੂ ਤੇਗ ਬਹਾਦਰ ਜੀ, ਬਾਲ ਦਿਵਸ, 19 ਵੇਂ ਰੈੱਡ ਕਰਾਸ ਸਮੇਲਨ, ਸਰਦਾਰ ਬਲਵ ਭਾਈ ਪਟੇਲ, ਕਲਕੱਤਾ ਹਾਈ ਕੋਰਟ, ਵਿਸ਼ਵ ਕੁਸ਼ਤੀ ਚੈਪੀਅਨਸਿਪ, ਮਾਸਟਰ ਤਾਰਾ ਸਿੰਘ ਜਿਹੀਆਂ ਸ਼ਖਸੀਅਤਾਂ ਦੀਆਂ ਟਿਕਟਾਂ ਸ਼ਾਮਿਲ ਹਨ। ਅਫਗਾਨਿਸਤਾਨ, ਅਰਜਟੀਨਾ, ਚਿੱਲੀ, ਬੈਲਜੀਅਮ, ਦਾ ਡਰਾਇੰਵਿੰਗ ਲਾਇਸੈਂਸ, ਤੀਰ, ਬੱਸ ਕੰਡਕਟਰਾਂ ਦੀਆਂ ਪੁਰਾਣੀਆਂ ਪਿੱਤਲ ਦੀਆਂ ਸੀਟੀਆਂ, 1 ਇੰਚੀ ਦੀ ਦੁਰਲੱਭ ਗੀਤਾ ਵੀ ਉਸ ਦੇ ਸ਼ੌਕ ਦੇ ਖਜ਼ਾਨੇ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ।

ਜੋ ਉਸ ਨੇ ਭਾਰਤ ਦੀਆਂ ਵੱਖ-ਵੱਖ ਥਾਵਾਂ ਤੋਂ ਇਕੱਠੀਆਂ ਕੀਤੀਆਂ ਹਨ। ਹਰਜੀਤ ਸਿੰਘ ਲੋਟੇ ਆਪਣੇ ਇਸ ਜਨੂੰਨੀ ਸ਼ੌਕ ਉੱਤੇ ਹੁਣ ਤੱਕ ਲੱਖਾਂ ਰੁਪਏ ਖਰਚ ਕਰ ਚੁੱਕਿਆ ਹੈ। ਆਧੁਨਿਕ ਨੌਜਵਾਨ ਪੀੜ੍ਹੀ ਨੂੰ ਜਿੱਥੇ ਇਨ੍ਹਾਂ ਪੁਰਾਤਨ ਚੀਜ਼ਾਂ ਬਾਰੇ ਉੱਕਾ ਵੀ ਜਾਣਕਾਰੀ ਨਹੀਂ, ਉਥੇ ਹਰਜੀਤ ਸਿੰਘ ਲੋਟੇ ਕੋਲ ਇਸ ਅਨਮੋਲ ਖਜ਼ਾਨੇ ਦਾ ਭੰਡਾਰ ਵੀ ਹੈ ਤੇ ਅਥਾਂਹ ਜਾਣਕਾਰੀ ਵੀ ਹੈ। ਮਾਤਾ ਸਵਰਗਵਾਸੀ ਮਨਜੀਤ ਕੌਰ ਅਤੇ ਪਿਤਾ ਸੁਰਜੀਤ ਸਿੰਘ ਦੀਆਂ ਅੱਖਾਂ ਦੇ ਤਾਰੇ ਹਰਜੀਤ ਸਿੰਘ ਲੋਟੇ ਨੂੰ ਇਸ ਸ਼ੌਕ ਬਦਲੇ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਇਸ ਖੇਤਰ 'ਚ ਉਸ ਨੂੰ ਆਪਣੇ ਪਰਿਵਾਰ ਦਾ ਬੇਹੱਦ ਸਹਿਯੋਗ ਹਾਸਿਲ ਹੈ, ਜਿਨ੍ਹਾਂ ਤੋਂ ਮਿਲਦੇ ਸਹਿਯੋਗ ਸਦਕਾ ਹੀ ਉਹ ਆਪਣੇ ਹਰ ਕੰਮ ਨੂੰ ਬਿਹਤਰ ਤਰੀਕੇ ਨਾਲ ਕਰ ਰਿਹਾ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਈਸਾਈਆਂ ਨੂੰ ਸਰਕਾਰੀ ਨੌਕਰੀਆਂ ਅਤੇ ਪਲਾਟ ਦਿੱਤੇ ਜਾਣਗੇ- ਸੰਤੋਖ ਸਿੰਘ ਚੌਧਰੀ

## ਘੱਟਗਿਣਤੀਆਂ ਦੇ ਹੱਕਾਂ ਉੱਤੇ ਹੋ ਰਹੇ ਹਮਲਿਆਂ ਵਿਰੁਧ ਪਹਿਲਾਂ ਵੀ ਲੜਦੇ ਰਹੇ ਹਾਂ ਅਤੇ ਹਮੇਸ਼ਾ ਲੜਦੇ ਰਹਾਂਗੇ

**ਜਲੰਧਰ** – ''ਪੰਜਾਬ ਦੇ ਲੋਕਾਂ ਲਈ ਰੋਜ਼ਗਾਰ ਪਾਲਿਸੀ ਬਣਨ ਤੇ ਈਸਾਈਆਂ ਨੂੰ ਵੀ ਸਰਕਾਰੀ ਜਾਂ ਅਰਧ ਸਰਕਾਰੀ ਨੌਕਰੀਆਂ ਦਿੱਤੀਆਂ ਜਾਣਗੀਆਂ। ਬੇਘਰੇ ਈਸਾਈਆਂ ਨੂੰ ਮਕਾਨ ਬਣਾਉਣ ਲਈ ਪਲਾਟ ਦਿੱਤੇ ਜਾਣਗੇ।'' ਇਹ ਗੱਲ ਇਥੇ ਸ. ਸੰਤੋਖ ਸਿੰਘ ਚੌਧਰੀ ਐਮ.ਪੀ. ਨੇ ਕਾਂਗਰਸ ਭਵਨ ਵਿਖੇ ਜ਼ਿਲੇ ਦੇ ਚੋਣਵੇਂ ਈਸਾਈ ਨੇਤਾਵਾਂ ਅਤੇ ਪ੍ਰੀਸਟ ਸਾਹਿਬਾਨ ਦੀ 31 ਮੈਂਬਰੀ ਕਮੇਟੀ ਨੂੰ ਸੰਬੋਧਨ ਕਰਦਿਆਂ ਕਹੀ। ਉਹ 31 ਮੈਂਬਰੀ ਕਮੇਟੀ ਵਲੋਂ ਉਨ੍ਹਾਂ ਅੱਗੇ ਪੇਸ਼ ਕੀਤੀਆਂ ਮੰਗਾਂ ਦੇ ਉੱਤਰ ਵਿੱਚ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਜਿਥੇ ਜਿਥੇ ਈਸਾਈ ਕਬਰਿਸਤਾਨ ਨਹੀਂ ਹਨ ਉਥੇ ਉਥੇ ਕਬਰਸਤਾਨ ਲਈ ਥਾਂ ਦਿੱਤੀ ਜਾਵੇਗੀ ਅਤੇ ਈਸਾਈ ਕਬਰਿਸਤਾਨਾਂ ਦੀ ਚਾਰ ਦੀਵਾਰੀ ਕਰ ਕੇ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਉਹ ਆਪਣੇ 2 ਕਰੋੜ ਦੇ ਅਖਤਿਆਰੀ ਫੰਡ ਵਿਚੋਂ ਜਿਥੇ ਜਿਥੇ ਵੀ ਕਨੂੰਨ ਦੇ ਅਨੁਸਾਰ ਸੰਭਵ ਹੋਇਆ, ਈਸਾਈਆਂ ਨੂੰ ਗਰਾਂਟ ਦਿੱਤੀ ਜਾਵੇਗੀ। ਜਲੰਧਰ ਵਿੱਚ ਮਸੀਹੀ ਭਵਨ ਬਣਾਇਆ ਜਾਵੇਗਾ।



ਚੌਧਰੀ ਸਾਹਿਬ ਨੇ ਕਿਹਾ ਕਿ ਕਾਂਗਰਸ ਧਾਰਮਿਕ ਘੱਟਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਿਥੇ ਜਿਥੇ ਵੀ ਚਰਚਾਂ, ਮਸੀਹੀ ਅਦਾਰਿਆਂ ਜਾਂ ਨਨਜ਼ ਉਤੇ ਹਮਲੇ ਹੋਏ ਅਸੀਂ ਉਨ੍ਹਾਂ ਦਾ ਡੱਟ ਕੇ ਵਿਰੋਧ ਕੀਤਾ ਹੈ। ਇਹ ਮਾਮਲੇ ਪਾਰਲੀਮੈਂਟ ਵਿੱਚ ਵੀ ਉਠਾਏ। ਅਗੋਂ ਵੀ ਘੱਟਗਿਣਤੀਆਂ ਦੇ ਹੱਕਾਂ ਲਈ ਲੜਦੇ ਰਹਾਂਗੇ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਰਾਸ਼ਟਰੀ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਅਤੇ ਉਪ ਪ੍ਰਧਾਨ ਸ਼੍ਰੀ ਰਾਹੁਲ ਗਾਂਧੀ ਈਸਾਈਆਂ ਤੇ ਹੋਰ ਘੱਟ ਗਿਣਤੀ ਵਰਗਾਂ ਤੇ ਕਮਜ਼ੋਰ ਵਰਗਾਂ ਦੇ ਹੱਕਾਂ ਦਾ ਖਾਸ ਧਿਆਨ ਰਖ ਰਹੇ ਹਨ। ਉਨ੍ਹਾਂ ਦੇ ਕਈ ਉੱਚ ਕੋਟੀ ਦੇ ਸਲਾਹਕਾਰ ਈਸਾਈ ਵੀ ਹਨ ਜੋ ਉਨ੍ਹਾਂ ਨੂੰ ਈਸਾਈ ਹੱਕਾਂ ਬਾਰੇ ਜਾਣਕਾਰੀ ਦਿੰਦੇ ਰਹਿੰਦੇ ਹਨ। ਜਿੰਨ੍ਹਾਂ ਜਿੰਨ੍ਹਾਂ ਰਾਜਾਂ ਵਿੱਚ ਕਾਂਗਰਸ ਦੀਆਂ ਸਰਕਾਰਾਂ ਹਨ ਉਹ ਉਥੋਂ ਦੇ ਮੁੱਖ ਮੰਤਰੀਆਂ ਨੂੰ ਬੁਲਾ ਕੇ ਉਨ੍ਹਾਂ ਦੇ ਕੰਮਾਂ ਦਾ ਲੇਖਾ ਜੋਖਾ ਕਰਦੇ ਰਹਿੰਦੇ ਹਨ ਤੇ ਘਟਗਿਣਤੀਆਂ ਤੇ ਕਮਜ਼ੋਰ ਵਰਗਾਂ ਦੇ ਲੋਕਾਂ ਦੇ ਹਿੱਤਾਂ ਵਲ ਵਿਸ਼ੇਸ਼ ਧਿਆਨ ਦੇਣ ਤੇ ਜ਼ੋਰ ਦਿੰਦੇ ਰਹਿੰਦੇ ਹਨ।

### ਫਰੈਡੀ ਜੋਜ਼ਫ

ਇਸ ਤੋਂ ਪਹਿਲਾਂ ਸ਼੍ਰੀ ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ ਸੰਪਾਦਕ ਮਸੀਹੀ ਸੰਸਾਰ ਨੇ ਜ਼ਿਲੇ ਦੇ ਈਸਾਈਆਂ ਦੇ ਦੁਖੜੇ ਬਿਆਨ ਕਰਦਿਆਂ ਈਸਾਈਆਂ ਨੂੰ ਸਰਕਾਰੀ ਨੌਕਰੀਆਂ, ਬੇਘਰੇ ਈਸਾਈਆਂ ਨੂੰ ਘਰ ਬਣਾਉਣ ਲਈ ਪਲਾਟ ਦੇਣ, ਈਸਾਈ ਅਬਾਦੀ ਵਾਲੇ ਪਿੰਡਾਂ ਵਿੱਚ ਈਸਾਈ ਕਬਰਸਤਾਨਾਂ ਲਈ ਥਾਂ ਦੇਣ, ਈਸਾਈਆਂ ਦੇ ਕਾਰੋਬਾਰ ਚਲਾਉਣ ਲਈ ਉਨ੍ਹਾਂ ਨੂੰ ਸਰਕਾਰੀ ਲੋਨ, ਪ੍ਰਮਿਟ ਲਾਇਸੈਂਸ ਤੇ ਕੋਟੇ ਆਦਿ ਦੇਣ ਦੀ ਮੰਗ ਕੀਤੀ ਅਤੇ ਇਹ ਵੀ ਮੰਗ ਕੀਤੀ ਕਿ ਐਮ.ਪੀ. ਦੇ ਅਖਤਿਆਰੀ ਫੰਡ ਵਿਚੋਂ ਈਸਾਈਆਂ ਦਾ ਬਣਦਾ ਹਿੱਸਾ ਉਨ੍ਹਾਂ ਨੂੰ ਦਿੱਤਾ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਜਲੰਧਰ ਵਿੱਚ ਮਸੀਹੀ ਭਵਨ ਬਣਾਇਆ ਜਾਵੇ। ਉਨ੍ਹਾਂ ਆਪਣੀ ਤਕਰੀਰ ਵਿੱਚ ਸਭ ਤੋਂ ਪਹਿਲਾਂ ਈਸਾਈ ਧਾਰਮਿਕ ਸਮਾਗਮਾਂ ਤੇ ਹੋ ਰਹੇ ਹਮਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਧਰਮ ਪਰਿਵਰਤਨ ਦੇ ਨਾਂ ਤੇ ਈਸਾਈ ਬੰਦਗੀਆਂ ਭੰਗ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਕੋਈ ਵੀ ਧਰਮ ਅਪਨਾਈਏ ਸਾਨੂੰ ਕੋਈ ਰੋਕ ਨਹੀਂ ਸਕਦਾ। ਆਪਣੀ ਮਰਜ਼ੀ ਦਾ ਧਰਮ ਧਾਰਨ ਕਰਨਾ ਸਾਡਾ ਕੁਦਰਤੀ ਹੱਕ ਹੈ ਅਤੇ ਸੰਵਿਧਾਨ ਹੱਕ ਵੀ।

ਖੁਦਾਈ ਖਿਦਮਤਗਾਰ ਨੇ ਕਿਹਾ ਕਿ ਈਸਾਈਅਤ ਵਿਰੋਧੀ ਕੱਟੜਪੰਥੀਆਂ ਦਾ ਇਹ ਪ੍ਰਾਪੇਗੰਡਾ ਪਰਲੇ ਦਰਜੇ ਦਾ ਝੂਠ ਹੈ ਕਿ ਈਸਾਈ ਧਰਮ ਇਸ ਦੇਸ਼ ਵਿੱਚ ਅੰਗਰੇਜ਼ਾਂ ਨੇ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਫੈਲਾਇਆ ਜਦਕਿ ਹਕੀਕਤ ਇਹ ਹੈ ਕਿ ਈਸਟ ਇੰਡੀਆ ਕੰਪਨੀ ਇਸ ਦੇਸ਼ ਵਿੱਚ ਈਸਾਈ ਧਰਮ ਦੇ ਪ੍ਰਚਾਰ ਵਿਰੁਧ ਸੀ। ਉਸਦਾ ਕਹਿਣਾ ਸੀ ਕਿ ਭਾਰਤ ਵਿੱਚ ਈਸਾਈ ਧਰਮ ਦੇ ਪ੍ਰਚਾਰ ਨਾਲ ਹਿੰਦੂਆਂ ਨੂੰ ਈਸਟ ਇੰਡੀਆ ਕੰਪਨੀ ਦੀ ਸਰਕਾਰ ਵਿਰੁੱਧ ਹਿੰਦੂਆਂ ਨੂੰ ਇਕ ਜੁੱਟ ਕਰਨ ਲਈ ਮੁੱਦਾ ਮਿਲ ਜਾਵੇਗਾ। ਅਸਲ ਇਤਿਹਾਸ ਇਹ ਹੈ ਕਿ ਭਾਰਤ ਵਿੱਚ ਈਸਾਈ ਧਰਮ ਵੱਖ ਵੱਖ ਦੇਸ਼ਾਂ ਦੇ ਮਿਸ਼ਨਰੀ ਲੈ ਕੇ ਆਏ। ਇੰਨ੍ਹਾਂ ਮਿਸ਼ਨਰੀਆਂ ਨੇ ਸਾਨੂੰ ਪਸ਼ੂਆਂ ਨਾਲੋਂ ਬਦਤੱਰ ਜੀਵਨ ਤੋਂ ਛੁੱਟਕਾਰਾ ਦੇ ਕੇ ਇਨਸਾਨੀ ਜੀਵਨ ਜੀਉਣਾ ਸਿਖਾਇਆ ਤੇ ਪ੍ਰਭੂ ਯਿਸੂ ਦੇ ਲੜ ਲਾ ਕੇ ਸਾਡੀ ਆਤਮਿਕ ਮੁਕਤੀ ਦੇ ਮਾਰਗ ਦਾ ਰਾਹ ਖੋਲਿਆ। ਅਸੀਂ ਉਨ੍ਹਾਂ ਲੋਕਾਂ ਦੇ ਅਤੀ ਧੰਨਵਾਦੀ ਹਾਂ। ਸਾਡਾ ਜੀਉਣਾ ਮਰਨਾ ਹੁਣ ਪ੍ਰਭੂ ਯਿਸੂ ਦੇ ਨਾਲ ਹੀ ਹੈ। ਅਸੀਂ ਕਦੀ ਵੀ ਉਨ੍ਹਾਂ ਮਿਸ਼ਨਰੀਆਂ ਨੂੰ ਨਹੀਂ ਭੁਲਾ ਸਕਦੇ ਜਿਨ੍ਹਾਂ ਨੇ ਸਾਨੂੰ ਇਨਸਾਨੀ ਜੀਵਨ ਦੇ ਮਾਰਗ ਤੇ ਪਾਇਆ। ਜੇਕਰ ਅਸੀਂ ਈਸਾਈ ਧਰਮ ਨਾ ਅਪਨਾਉਂਦੇ ਤਾਂ ਅੱਜ ਵੀ ਹਨੇਰਿਆਂ ਵਿੱਚ ਧੱਕੇ ਖਾ ਰਹੇ ਹੁੰਦੇ।

### ਯੂਨਸ ਮਸੀਹ

ਲੋਕ ਸ਼ਕਤੀ ਮਸੀਹੀ ਦਲ ਪੰਜਾਬ ਦੇ ਜ. ਸਕੱਤਰ ਸ਼੍ਰੀ ਯੂਨਸ ਮਸੀਹ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਈਸਾਈ ਸ਼ੁਰੂ ਤੋਂ ਹੀ ਕਾਂਗਰਸ ਦੇ ਨਾਲ ਰਹੇ ਹਨ। ਇਸ ਵਾਰ ਵੀ ਈਸਾਈਆਂ ਨੇ ਆਪਣੀ ਇੱਕ ਇਕ ਵੋਟ ਕਾਂਗਰਸ ਨੂੰ ਪਾਈ ਹੈ। ਅਕਾਲੀਆਂ ਭਾਜਪਾਈਆਂ ਨੂੰ ਚਲਦਾ ਕਰਕੇ ਕਾਂਗਰਸ ਨੂੰ ਫਿਰ ਸਤਾ ਵਿੱਚ ਲਿਆਂਦਾ ਹੈ।

ਚੋਣਾਂ ਤੋਂ ਪਹਿਲਾਂ ਸਾਡਾ ਪੰਜਾਬ ਪੱਧਰ ਦਾ ਇਕ ਡੈਲੀਗੇਸ਼ਨ ਚੰਗੀਗੜ ਵਿਖੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਿਆ ਸੀ ਤੇ ਉਨ੍ਹਾਂ ਤੋਂ ਮੰਗ ਕੀਤੀ ਸੀ ਕਿ ਪੰਜਾਬ ਦੇ ਈਸਾਈਆਂ ਨੂੰ ਮਾਲੀ ਤੌਰ ਤੇ ਮਜ਼ਬੂਤ ਕੀਤਾ ਜਾਵੇ। ਸਾਡੀ ਜ਼ਿਲਾ ਜਲੰਧਰ ਦੇ ਐਮ.ਪੀ. ਸ਼੍ਰੀ ਸੰਤੋਖ ਸਿੰਘ ਚੌਧਰੀ ਨੂੰ ਅਪੀਲ ਹੈ ਕਿ ਜੋ ਮੰਗਾਂ ਉਸ ਸਮੇਂ ਕੈਪਟਨ ਸਾਹਿਬ ਨੇ ਮਨਜ਼ੂਰ ਕੀਤੀਆਂ ਸਨ ਉਨ੍ਹਾਂ ਨੂੰ ਚੌਧਰੀ ਸਾਹਿਬ ਜਲੰਧਰ ਵਿੱਚ ਅਮਲੀ ਜਾਮਾ ਪਹਿਨਾਉਣ। ਜੇਕਰ ਈਸਾਈ ਮਾਲੀ ਤੌਰ ਤੇ ਮਜ਼ਬੂਤ ਹੋਣਗੇ ਤਾਂ ਹੀ ਉਹ ਕਾਂਗਰਸ ਨੂੰ ਵੀ ਮਜ਼ਬੂਤ ਕਰ ਸਕਦੇ ਹਨ ਅਤੇ ਈਸਾਈਅਤ ਵਿਰੋਧੀ ਤਾਕਤਾਂ ਨਾਲ ਵੀ ਟੱਕਰ ਲੈ ਸਕਦੇ ਹਨ।

### ਦਲ ਬਦਲੂਆਂ ਤੋਂ ਖਬਰਦਾਰ ਰਹੋ

ਸ਼੍ਰੀ ਯੂਨਸ ਮਸੀਹ ਨੇ ਕਿਹਾ ਕਿ ਅੱਜ ਬਹੁਤ ਸਾਰੇ ਦਲ ਬਦਲੂ ਕੈਪਟਨ ਸਰਕਾਰ ਵਿੱਚ ਸੀਟਾਂ ਪ੍ਰਾਪਤ ਕਰਨ ਲਈ ਦੌੜ ਭੱਜ ਕਰ ਰਹੇ ਹਨ। ਇਹ ਉਹੀ ਲੋਕ ਹਨ ਜੋ ਆਖੀਰ ਤੱਕ ਅਕਾਲੀ ਭਾਜਪਾ ਗਠਜੋੜ ਨਾਲ ਚਿਚੜਾਂ ਵਾਂਗ ਚੰਬੜੇ ਰਹੇ ਤੇ ਹੁਣ ਕੁਰਸੀਆਂ ਖਾਤਰ ਬਾਂਦਰਾਂ ਵਾਂਗ ਟਪੂਸੀਆਂ ਮਾਰ ਕੇ ਕਾਂਗਰਸ ਵਿੱਚ ਆ ਰਹੇ ਹਨ। ਇਹ ਲੋਕ ਨਾ ਕਾਂਗਰਸ ਦਾ ਕੁਝ ਸੰਵਾਰਨ ਵਾਲੇ ਹਨ ਅਤੇ ਨਾ ਹੀ ਈਸਾਈ ਕੌਮ ਦਾ। ਇਸ ਕਰਕੇ ਇੰਨ੍ਹਾਂ ਤੋਂ ਖਬਰਦਾਰ ਰਿਹਾ ਜਾਵੇ।

ਮੀਟਿੰਗ ਦੀ ਸ਼ੁਰੂਆਤ ਪਾਸਟਰ ਪਵਨ ਧਵਨ ਜੀ ਦੀ ਪ੍ਰਾਰਥਨਾ ਨਾਲ ਹੋਈ। ਉਨ੍ਹਾਂ ਇਸ ਮੌਕੇ ਬੋਲਦਿਆਂ ਕਿਹਾ ਕਿ ਕੈਪਟਨ ਸਰਕਾਰ ਦੀ ਜਿੱਤ ਲਈ ਨਾ ਕੇਵਲ ਈਸਾਈਆਂ ਨੇ ਵੋਟਾਂ ਹੀ ਪਾਈਆਂ ਬਲਕਿ ਘਰ ਘਰ ਵਿੱਚ ਕੈਪਟਨ ਸਰਕਾਰ ਦੀ ਕਾਇਮੀ ਲਈ ਲੋਕ ਖੁਦਾ ਅੱਗੇ ਦੁਆਵਾਂ ਕਰਦੇ ਰਹੇ।

### ਪਾਸਟਰ ਓਂਕਾਰ ਦਾਸ

ਨੂਰਮਹਿਲ ਤੋਂ ਪਾਸਟਰ ਓਂਕਾਰ ਦਾਸ ਨੇ ਨੂਰਮਹਲ ਵਿਖੇ ਕਬਰਿਸਤਾਨ ਦੀ ਲੋੜ ਦਾ ਮਸਲਾ ਉਠਾਉਂਦਿਆਂ ਪੂਰੇ ਜ਼ਿਲੇ ਵਿੱਚ ਈਸਾਈਆਂ ਨੂੰ ਕਬਰਸਤਾਨਾਂ ਲਈ ਥਾਂ ਦੇਣ ਦੀ ਮੰਗ ਕੀਤੀ।

ਮੀਟਿੰਗ ਵਿੱਚ ਸ਼ਾਮਲ 31 ਮੈਂਬਰੀ ਕਮੇਟੀ ਦੇ ਸ਼ਾਮਿਲ ਹੋਏ ਪ੍ਰੀਸਟ ਸਾਹਿਬਾਨ ਤੇ ਜ਼ਿਲੇ ਦੇ ਮਸੀਹੀ ਨੇਤਾਵਾਂ ਦੇ ਨਾਮ ਇਸ ਪ੍ਰਕਾਰ ਹਨ:- ਪਾਸਟਰ ਜਸਵਿੰਦਰ ਸਿੰਘ, ਰੈਵ. ਮੰਗਾਂ ਮਸੀਹ ਸ਼ਾਹਕੋਟ, ਪ੍ਰੇਮ ਪ੍ਰਧਾਨ, ਸ਼੍ਰੀ ਵਿਲਸਨ ਜੋਸਫ, ਪਾਸਟਰ ਯੂਸਫ ਮਸੀਹ ਸਰਾਏ, ਪਾਸਟਰ ਐਲਵਿਨ ਮਸੀਹ ਸੰਸਾਰਪੁਰ, ਪਾਸਟਰ ਰੌਸ਼ਨ ਲਾਲ, ਪਾਸਟਰ ਤਰਸੇਮ ਕਲੇਰ, ਪਾਸਟਰ ਜੈਪਾਲ, ਪਾਸਟਰ ਰਾਜ ਕਪੂਰ, ਸ਼੍ਰੀ ਰਾਕੇਸ਼ ਮਸੀਹ, ਪਾਸਟਰ ਸਤਪਾਲ ਜੀ, ਸ਼੍ਰੀ ਸੁੱਚਾ ਸਿੰਘ, ਸ਼੍ਰੀ ਜੋਜ਼ਫ, ਸ਼੍ਰੀ ਨਜ਼ੀਰ ਮਸੀਹ, ਸ਼੍ਰੀ ਜੋਜ਼ਫ ਮਸੀਹ, ਸ਼੍ਰੀ ਜਗਿੰਦਰ ਪਾਲ, ਮੋਜ਼ਜ, ਜੌਰਜ।

ਇਥੇ ਵਰਣਨਯੋਗ ਹੈ ਕਿ ਜ਼ਿਲਾ ਜਲੰਧਰ ਵਿੱਚ ਸ਼੍ਰੀ ਯੂਨਸ ਮਸੀਹ ਜਨਰਲ ਸਕੱਤਰ ਲੋਕ ਸ਼ਕਤੀ ਮਸੀਹੀ ਦਲ ਦੀ ਕਨਵੀਨਰਸ਼ਿਪ ਵਿੱਚ ਜ਼ਿਲੇ ਦੇ ਪ੍ਰਮੁੱਖ ਪਾਸਟਰ ਸਾਹਿਬਾਨ ਤੇ ਲੀਡਰ ਸਾਹਿਬਾਨ ਤੇ ਅਧਾਰਿਤ ਇਕ 31 ਮੈਂਬਰੀਂ ਕਮੇਟੀ ਬਣਾਈ ਗਈ ਹੈ ਜੋ ਇਕ ਮਹੀਨੇ ਦੇ ਅੰਦਰ ਅੰਦਰ ਜ਼ਿਲੇ ਦਾ ਡਾਟਾ ਤਿਆਰ ਕਰੇਗੀ। ਈਸਾਈ ਮੰਗਾਂ ਦਾ ਇਹ ਡਾਟਾ ਲੋਕ ਸਭਾ ਹਲਕਾ ਜਲੰਧਰ ਦੇ ਐਮ.ਪੀ ਸ਼੍ਰੀ ਸੰਤੋਖ ਸਿੰਘ ਚੌਧਰੀ ਨੂੰ ਸਰਕਾਰ ਤੋਂ ਇਹ ਮੰਗਾਂ ਮੰਨਵਾਉਣ ਲਈ ਦਿੱਤਾ ਜਾਵੇਗਾ। ਸ਼੍ਰੀ ਯੂਨਸ ਮਸੀਹ ਨੇ 31 ਮੈਂਬਰੀ ਕਮੇਟੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੇ ਇਲਾਕੇ ਵਿੱਚ ਈਸਾਈਆਂ ਦੀਆਂ ਮੰਗਾਂ ਦਾ ਡਾਟਾ ਛੇਤੀ ਤੋਂ ਛੇਤੀ ਤਿਆਰ ਕਰਨ ਤਾਂ ਕਿ ਇਹ ਡਾਟਾ ਜਿੰਨੀ ਜਲਦੀ ਹੋ ਸਕੇ ਲੋਕ ਸਭਾ ਹਲਕਾ ਜਲੰਧਰ ਦੇ ਐਮ.ਪੀ. ਸ਼੍ਰੀ ਸੰਤੋਖ ਸਿੰਘ ਚੌਧਰੀ ਨੂੰ ਦਿੱਤਾ ਜਾ ਸਕੇ।

### ਵਿਨੋਦ ਖੰਨਾ ਵਲੋਂ ਇਸ ਫਾਨੀ ਸੰਸਾਰ ਨੂੰ ਅਲਵਿਦਾ

ਉਘੇ ਫਿਲਮ ਸਟਾਰ ਵਿਨੋਦ ਖੰਨਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 70 ਸਾਲ ਦੇ ਸਨ। ਉਹ ਇਕ ਲੰਮਾ ਸਮਾਂ ਆਪਣੀ ਕਲਾ ਕਾਰਣ ਭਾਰਤ ਦੇ ਕ੍ਰੋੜਾਂ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਰਹੇ। ਉਹ ਇਕ ਬਹੁਤ ਸਫਲ ਵਿਲੇਨ ਅਤੇ ਇਕ ਬਹੁਤ ਸਫਲ ਹੀਰੋ ਰਹੇ ਹਨ। ਇਕ ਸਮੇਂ ਤੇ ਉਨ੍ਹਾਂ ਨੇ ਇਸ ਸੰਸਾਰ ਨੂੰ ਨਾਸ਼ਵਾਨ ਸਮਝਦਿਆਂ ਸੰਨਿਆਸ ਲੈ ਲਿਆ ਸੀ ਤੇ ਅਮਰੀਕਾ ਵਿੱਚ ਅਚਾਰਿਯਾ ਰਜਨੀਸ਼ ਦੇ ਆਸ਼ਰਮ ਵਿੱਚ ਇੱਕ ਸੰਨਿਆਸੀ ਦੇ ਰੂਪ ਵਿੱਚ ਰਹੇ। ਕਈ ਸਾਲਾਂ ਬਾਅਦ ਉਹ ਫਿਰ ਫਿਲਮਾਂ ਵਿੱਚ ਆ ਗਏ ਤੇ ਫਿਰ ਸਿਆਸਤ ਵਿੱਚ ਆ ਗਏ। ਉਹਨਾਂ ਨੂੰ ਹਲਕਾ ਗੁਰਦਾਸਪੁਰ ਦੇ ਲੋਕਾਂ ਦਾ ਭਰਪੂਰ ਪਿਆਰ ਮਿਲਿਆ ਤੇ ਉਹ 4 ਵਾਰ ਐਮ.ਪੀ. ਚੁਣੇ ਗਏ। ਕਈ ਸਾਲ ਕੇਂਦਰੀ ਮੰਤਰੀ ਰਹੇ।



### ਦੇਸ਼ 'ਚ ਘੱਟਗਿਣਤੀਆਂ ਤੇ ਵੱਧ ਰਹੇ ਹਮਲੇ ਚਿੰਤਾ ਦਾ ਵਿਸ਼ਾ: ਪਾਸਲਾ

ਚੰਡੀਗੜ੍ਹ - ਕ੍ਰਾਂਤੀਕਾਰੀ ਮਾਰਕਸਵਾਦੀ ਪਾਰਟੀ ਦੇ ਕੌਮੀ ਪ੍ਰਧਾਨ ਮੰਗਤ ਰਾਮ ਪਾਸਲਾ ਨੇ ਕਿਹਾ ਹੈ ਕਿ ਦੇਸ਼ 'ਚ ਘੱਟਗਿਣਤੀਆਂ ਤੇ ਵਧ ਰਹੇ ਹਮਲੇ ਚਿੰਤਾ ਦਾ ਵਿਸ਼ਾ ਹਨ, ਜਿਨ੍ਹਾਂ ਖਿਲਾਫ ਸਮੂਹ ਧਰਮ-ਨਿਰਪੱਖ ਤੇ ਜਮਹੂਰੀ ਸ਼ਕਤੀਆਂ ਨੂੰ ਮਿਲ ਕੇ ਆਵਾਜ਼ ਉਠਾਉਣ ਦੀ ਲੋੜ ਹੈ। ਉਹ ਇਥੇ ਪਾਰਟੀ ਦੇ ਚੰਡੀਗੜ੍ਹ ਯੂਨਿਟ ਵਲੋਂ ਪੀਪਲਜ਼ ਕਨਵੈਨਸ਼ਨ ਸੈਂਟਰ ਵਿਖੇ 'ਧਰਮ-ਨਿਰਪੱਖਤਾ, ਲੋਕਤੰਤਰ ਅਤੇ ਰਾਸ਼ਟਰਵਾਦ' ਵਿਸ਼ੇ ਤੇ ਆਯੋਜਿਤ ਸੂਬਾ ਪੱਧਰੀ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਚਰਚਾਂ ਦੇ ਇਹ ਵਿਸ਼ੇ ਅੱਜ ਦੇ ਸਮੇਂ 'ਚ ਬਹੁਤ ਮਹੱਤਵਪੂਰਨ ਹਨ ਅਤੇ ਇਕ ਦੂਜੇ ਨਾਲ ਜੁੜੇ ਹੋਏ ਹਨ। ਦੇਸ਼ 'ਚ ਫਿਰਕੂ ਸ਼ਕਤੀਆਂ ਦੀਆਂ ਵੱਧ ਰਹੀਆਂ ਸਰਗਰਮੀਆਂ ਦੇ ਮੱਦੇਨਜ਼ਰ ਖੱਬੇਪੱਖੀ, ਲੋਕਤੰਤਰੀ ਅਤੇ ਸੈਕੁਲਰ ਸ਼ਕਤੀਆਂ ਨੂੰ ਆਮ ਲੋਕਾਂ ਨੂੰ ਲਾਮਬੰਦ ਕਰ ਕੇ ਡੈਮੋਕ੍ਰੇਟਿਕ ਮੂਵਮੈਂਟ ਬਣਾਉਣੀ ਚਾਹੀਦੀ ਹੈ।

### ਰੋਜ਼ਾਨਾ ਪੌੜੀਆਂ ਚੜ੍ਹਨਾ-ਉਤਰਨਾ ਵੀ ਇਕ ਕਸਰਤ

ਦਫਤਰ ਜਾਣ ਵਾਲੇ ਲੋਕਾਂ ਕੋਲ ਇੰਨਾਂ ਸਮਾਂ ਨਹੀਂ ਹੁੰਦਾ ਕਿ ਰੋਜ਼ਾਨਾ ਜਿਮ ਜਾ ਸਕਣ ਜਾਂ ਕਸਰਤ ਲਈ ਸਮਾਂ ਕੱਢ ਸਕਣ। ਦਫਤਰ 'ਚ ਸਾਰਾ ਦਿਨ ਕੁਰਸੀ ਤੇ ਬੈਠ ਕੇ ਕੰਮ ਕਰਦੇ ਰਹਿਣ ਅਤੇ ਗੈਰ-ਸਿਹਤਮੰਦ ਖੁਰਾਕ ਲੈਣ ਨਾਲ ਭਾਰ ਵਧਦਾ ਜਾਂਦਾ ਹੈ, ਇਸ ਲਈ ਪੌੜੀਆਂ ਚੜ੍ਹਨਾ-ਉਤਰਨਾ ਤੁਹਾਡੇ ਲਈ ਫਾਇਦੇਮੰਦ ਹੋ ਸਕਦਾ ਹੈ। ਤੰਦਰੁਸਤ ਰਹਿਣ ਲਈ ਤੁਸੀਂ ਆਪਣੀ ਰੋਜ਼ਮੱਰਾ 'ਚ ਕੁਝ ਤਬਦੀਲੀ ਕਰ ਕੇ ਜ਼ਬਰਦਸਤ ਊਰਜਾ ਹਾਸਲ ਕਰ ਸਕਦੇ ਹੋ। ਜੋ ਲੋਕ ਬੈਡ ਟੀ ਅਤੇ ਕੌਫੀ ਪੀਣ ਵਾਲੇ ਹੁੰਦੇ ਹਨ, ਉਨਾਂ ਨੂੰ ਲੱਗਦਾ ਹੈ ਕਿ ਇਸ ਤੋਂ ਬਿਨਾਂ ਉਨਾਂ ਦੀ ਨੀਂਦ ਨਹੀਂ ਖੁੱਲ੍ਹੇਗੀ ਅਤੇ ਨਾ ਹੀ ਉਨ੍ਹਾਂ 'ਚ ਊਰਜਾ ਆਵੇਗੀ ਪਰ ਜਾਰਜਾ ਯੂਨੀਵਰਸਿਟੀ ਦੇ ਖੋਜਕਾਰਾਂ ਅਨੁਸਾਰ ਇਹ ਸਰਾਸਰ ਗਲਤ ਹੈ। ਖੋਜਕਾਰਾਂ ਨੇ ਕੁਝ ਲੋਕਾਂ ਨੂੰ ਕੌਫੀ ਜਾਂ ਸੋਡਾ ਪੀਣ ਲਈ ਦਿੱਤਾ ਅਤੇ ਕੁਝ ਨੂੰ ਦੁਪਹਿਰ ਵੇਲੇ 10 ਮਿੰਟਾਂ ਲਈ ਪੌੜੀਆਂ ਚੜ੍ਹਨ-ਉਤਰਨ ਲਈ ਕਿਹਾ। ਬਾਅਦ 'ਚ ਸਿੱਟਾ ਨਿਕਲਿਆ ਕਿ ਪੌੜੀਆਂ ਚੜ੍ਹਨ-ਉਤਰਨ ਵਾਲੇ ਕੌਫੀ (ਕੈਫੀਨ) ਪੀਣ ਵਾਲਿਆਂ ਨਾਲੋਂ ਜ਼ਿਆਦਾ ਊਰਜਾਵਾਨ ਹਨ।



ਫਰੈਡੀ ਜੋਜ਼ਫ

### ਅੰਮ੍ਰਿਤਸਰ ਵਿੱਚ ਖਜੂਰੀ ਐਤਵਾਰ ਦੇ ਮੌਕੇ ਤੇ ਵਿਸ਼ਾਲ ਸ਼ਾਂਤੀ ਮਾਰਚ ਆਯੋਜਤ

ਅੰਮ੍ਰਿਤਸਰ (ਡੈਨੀਅਲ ਥੋਬਾ) ਹਰ ਸਾਲ ਵਾਂਗ ਇਸ ਵਾਰ ਵੀ ਪ੍ਰਭੂ ਯਿਸੂ ਮਸੀਹ ਦੇ ਯੇਰੋਸ਼ਲਮ ਸ਼ਹਿਰ ਵਿੱਚ ਸ਼ਾਹੀ ਦਾਖਲੇ ਦੇ ਇਤਿਹਾਸਕ ਦਿਨ, ਜਦੋਂ ਪ੍ਰਭੂ ਯਿਸੂ ਮਸੀਹ ਨੇ ਉਸ ਸਮੇਂ ਦੇ ਧਰਮ ਦੇ ਠੇਕੇਦਾਰਾਂ ਵਲੋਂ ਪਰਮੇਸ਼ਵਰ ਦੇ ਘਰ ਦੀ ਪਵਿੱਤਰਤਾ ਨੂੰ ਬਹਾਲ ਕਰਵਾਉਣ ਦੀ ਪਵਿੱਤਰ ਯਾਦ ਨੂੰ ਸਮਰਪਿਤ ਇੱਕ ਵਿਸ਼ਾਲ ਸ਼ਾਂਤੀ ਮਾਰਚ ਦਾ ਆਯੋਜਨ ਕੀਤਾ ਗਿਆ। ਇਹ ਸ਼ਾਂਤੀ ਮਾਰਚ ਸਾਲਵੇਸ਼ਨ ਆਰਮੀ ਚਰਚ ਦੇ ਹੈਡਕੁਆਰਟਰ ਨੇੜੇ ਬਿਜਲੀ ਪਹਿਲਵਾਨ ਦੇ ਮੰਦਰ ਤੋਂ 9 ਅਪ੍ਰੈਲ, 2017 ਨੂੰ ਬਾਅਦ ਦੁਪਹਿਰ 12:00 ਵਜੇ ਮੁਕਤੀ ਫੌਜ ਦੇ ਗਿਰਜਾਘਰ ਵਿੱਚੋਂ ਦੁਆ-ਬੰਦਗੀ ਨਾਲ ਆਰੰਭ ਹੋਇਆ।

ਇਸ ਸ਼ਾਂਤੀ ਮਾਰਚ ਦੀ ਅਗਵਾਈ ਸੀ.ਐਨ.ਆਈ. ਚਰਚ ਦੀ ਅੰਮ੍ਰਿਤਸਰ ਡਾਇਓਸੀਸ ਦੇ ਆਦਰਨੀਯ ਬਿਸ਼ਪ ਅਤੇ ਮਾਡਰੇਟਰ ਸ਼੍ਰੀ ਪਰਦੀਪ ਕੁਮਾਰ ਸਾਮੰਤਾ ਰਾਏ ਜੀ, ਸਾਲਵੇਸ਼ਨ ਆਰਮੀ ਦੇ ਅਫਸਰ ਸਾਹਿਬਾਨ ਅਤੇ ਹੋਰ ਚਰਚਾਂ ਦੇ ਮੁੱਖੀ ਕਰ ਰਹੇ ਸਨ। ਇਸ ਮਸੀਹੀ ਸ਼ਾਂਤੀ ਮਾਰਚ ਜਾਂ ਨਗਰ ਕੀਰਤਨ ਵਿੱਚ ਸਭ ਤੋਂ ਪਹਿਲਾਂ ਇੱਕ ਵਿਸ਼ੇਸ਼ ਤੌਰ ਤੇ ਸਜਾਈ ਗਈ ਗੱਡੀ ਵਿੱਚ 'ਸਲੀਬ' ਸੁਸ਼ੋਭਿਤ ਸੀ। ਉਸ ਤੋਂ ਪਿੱਛੇ ਸਾਰੇ ਧਾਰਮਿਕ ਸੇਵਾਦਾਰ, ਇਹਨਾਂ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਜਿਹਨੀਆਂ ਜ਼ਿਲਾ ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ ਦੇ ਇਲਾਕਿਆਂ ਵਿੱਚੋਂ ਆਈਆਂ ਸਨ। ਲੋਕਾਂ ਦੇ ਇਸ ਵਿਸ਼ਾਲ ਜਨ-ਸਮੂਹ ਨੇ ਆਪੋ-ਆਪਣੇ ਹੱਥਾਂ ਵਿੱਚ ਮੁਬਾਰਕ ਹੈ, ਉਹ ਜਿਹੜਾ ਪ੍ਰਭੂ ਦੇ ਨਾਮ ਤੇ ਆਉਂਦਾ ਹੈ 'ਹੋਸੰਨਾ' ਆਦਿ ਦੀਆਂ ਤਖਤੀਆਂ ਅਤੇ ਖਜੂਰਾਂ ਦੀ ਟਹਿਣੀਆਂ ਫੜੀਆਂ ਹੋਈਆਂ ਸਨ, ਪ੍ਰਭੂ ਯਿਸੂ ਨੂੰ 'ਧੰਨ-ਧੰਨ' ਕਹਿੰਦਾ ਹੋਇਆ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਦੀ ਲੰਘਿਆ।

ਵੱਖ ਵੱਖ ਥਾਵਾਂ ਤੇ ਇਸ ਮਸੀਹੀ ਨਗਰ ਕੀਰਤਨ, ਜਿਸ ਵਿੱਚ ਅਨੇਕਾਂ ਲੋਕ ਆਪਣੇ ਵਾਹਨਾਂ ਉੱਤੇ ਲਗਾਏ ਸਪੀਕਰਾਂ ਰਾਹੀਂ ਪ੍ਰਭੂ ਯਿਸੂ ਦੀ ਮਹਿਮਾ ਕਰ ਰਹੇ ਸਨ ਦਾ ਭਰਵਾਂ ਸਵਾਗਤ ਕੀਤਾ ਗਿਆ। ਇਹ ਨਗਰ ਕੀਰਤਨ ਨਾਵਲਕੀ ਚੌਕੇ, ਕ੍ਰਿਟਲ ਚੌਕ, ਭੰਡਾਰੀ ਪੁਲ, ਹਾਲ ਗੇਟ, ਹਾਲ ਬਜ਼ਾਰ, ਮਿਸ਼ਨ ਕੰਪਾਊਂਡ ਮਹਾਂਸਿੰਘ ਗੇਟ, ਕਰਾਈਸਟ ਕੈਥੀਡਰਲ ਚਰਚ ਰਾਮ ਬਾਗ ਪਹੁੰਚਿਆ। ਇਹਨਾਂ ਸਾਰੀਆਂ ਥਾਵਾਂ ਤੇ ਸੰਗਤਾਂ ਦੀ ਠੰਡੇ ਮਿੱਠੇ ਜਲ, ਕੜਾਹ ਪ੍ਰਸ਼ਾਦ, ਫਲਾਂ ਅਤੇ ਹੋਰ ਪਦਾਰਥਾਂ ਨਾਲ ਸੇਵਾ ਕਰਕੇ ਸ਼ਹਿਰ ਦੀਆਂ ਸਥਾਨਕ ਕਲੀਸਿਆਵਾਂ ਨੇ ਪ੍ਰਭੂ ਯਿਸੂ ਦੇ ਦਰ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸ਼ਹਿਰ ਦੇ ਵੱਖ ਵੱਖ ਚੌਕਾਂ ਵਿੱਚ ਬੁਲਾਰਿਆਂ ਨੇ ਇਸ ਦਿਨ ਦੀ ਮਹੱਤਤਾ ਤੇ ਚਾਨਣਾ ਪਾਇਆ ਅਤੇ ਪ੍ਰਮੇਸ਼ਵਰ ਕੋਲੋਂ ਅੰਮ੍ਰਿਤਸਰ ਸ਼ਹਿਰ, ਪੰਜਾਬ ਰਾਜ, ਭਾਰਤ ਦੇਸ਼ ਬਲਕਿ ਸਮੁੱਚੇ ਸੰਸਾਰ ਦੀ ਸ਼ਾਂਤੀ ਅਤੇ ਖੁਸ਼ਹਾਲੀ ਲਈ ਪ੍ਰਾਰਥਾਨਾਵਾਂ ਕੀਤੀਆਂ। ਅਖੀਰ ਇਹ ਵਿਸ਼ਾਲ ਸ਼ਾਂਤੀ ਮਾਰਚ ਸੇਂਟ ਪਾਲ ਚਰਚ ਕਚਹਿਰੀ ਰੋਡ ਵਿਖੇ ਪਹੁੰਚਿਆ। ਜਦੋਂ ਲੋਕਾਂ ਦਾ ਹੜ੍ਹ ਇਸ ਚਰਚ ਦੇ ਵਿਸ਼ਾਲ ਕੰਪਲੈਕਸ ਵਿੱਚ ਪਹੁੰਚਿਆਂ ਤਾਂ ਇੰਝ ਲੱਗਦਾ ਸੀ ਕਿ ਏਨੀ ਸੰਗਤ ਲਈ ਇਹ ਵੀ ਛੋਟਾ ਪੈ ਗਿਆ ਹੋਵੇ। ਇੱਥੇ ਪਹੁੰਚ ਕੇ ਸਤਿਕਾਰਤ ਬਿਸ਼ਪ ਸਾਹਿਬ ਨੇ ਲੋਕਾਂ ਲਈ ਪ੍ਰਾਰਥਨਾ ਕੀਤੀ। ਸੀ.ਐਨ.ਆਈ. ਚਰਚ ਦੇ ਐਸ.ਈ.ਡੀ.ਪੀ. ਦੇ ਚੇਅਰਮੈਨ ਸ਼੍ਰੀ ਡੈਨੀਅਲ ਬੀ. ਦਾਸ ਨੇ ਇਸ ਵਿਸ਼ਾਲ ਸ਼ਾਂਤੀ ਮਾਰਚ ਦੀ ਸਫਲਤਾ ਲਈ ਸੰਗਤਾਂ ਦਾ ਧੰਨਵਾਦ ਕੀਤਾ। ਇੱਥੇ ਸੰਗਤਾਂ ਲਈ ਬਹੁਤ ਵਧੀਆ ਲੰਗਰ ਦਾ ਪ੍ਰਬੰਧ ਸੀ। ਸੰਗਤਾਂ ਨੇ ਮਿਲ ਕੇ ਲੰਗਰ ਛਕਿਆ ਅਤੇ ਪ੍ਰਭੂ ਦਾ ਧੰਨਵਾਦ ਕਰਦੇ ਹੋਏ ਆਪੋ-ਆਪਣੀਆਂ ਮੰਜ਼ਿਲਾਂ ਵੱਲ ਚੱਲ ਪਏ।

# ਲਗਾਤਾਰ ਹਾਰਾਂ ਤੋਂ ਬਾਅਦ ਕਸੂਤੀ ਫਸੀ ਆਮ ਆਦਮੀ ਪਾਰਟੀ

**(ਸਫਾ 1 ਦੀ ਬਾਕੀ)** ਦਰਜ ਕੀਤਾ ਜਾ ਚੁੱਕਾ ਹੈ। ਏਸੀਬੀ ਵੱਲੋਂ ਮਿਸ਼ਰਾ ਨੂੰ ਆਪਣੇ ਬਿਆਨ ਦਰਜ ਕਰਾਉਣ ਲਈ 11 ਮਈ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ। ਬਿਊਰੋ ਦੇ ਮੁਖੀ ਮੁਕੇਸ਼ ਕੁਮਾਰ ਮੀਨਾ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸਾਬਕਾ ਜਲ ਮੰਤਰੀ ਕਪਿਲ ਮਿਸ਼ਰਾ ਨੇ ਮੁੱਖ ਮੰਤਰੀ ਕੇਜਰੀਵਾਲ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਦਿੱਲੀ ਵਿਧਾਨ ਸਭਾ ਦੀ ਕਿਸੇ ਸੀਟ ਤੋਂ ਉਨ੍ਹਾਂ ਖ਼ਿਲਾਫ਼ ਚੋਣ ਲੜਨ ਦੀ ਚੁਣੌਤੀ ਦਿੱਤੀ ਹੈ। ਮਿਸ਼ਰਾ ਨੇ ਕਿਹਾ ਕਿ ਜਿਸ 'ਗੁਰੂ' ਤੋਂ ਤੀਰ ਚਲਾਉਣੇ ਸਿੱਖੇ ਹਨ, ਹੁਣ ਉਸੇ ਉਪਰ ਤੀਰ ਚਲਾਉਣੇ ਹਨ। ਮਿਸ਼ਰਾ ਨੇ ਕਿਹਾ ਕਿ ਉਹ ਅਸਤੀਫ਼ਾ ਦੇਣ ਲਈ ਤਿਆਰ ਹੈ ਤੇ ਉਹਨੂੰ ਜਨਤਾ ਦੇ ਸਾਥ ਦਾ ਭਰੋਸਾ ਹੈ। ਮਿਸ਼ਰਾ ਨੂੰ ਪਿਛਲੀ ਕਤਾਰ ਵਿੱਚ ਮਿਲੀ ਕੁਰਸੀ: ਮੰਤਰੀ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਕਪਿਲ ਮਿਸ਼ਰਾ ਨੂੰ ਹੁਣ ਦਿੱਲੀ ਵਿਧਾਨ ਸਭਾ ਅੰਦਰ ਸਭ ਤੋਂ ਪਿਛਲੀ ਕਤਾਰ ਵਿੱਚ ਕੁਰਸੀ ਦਿੱਤੀ ਗਈ ਹੈ। ਉਹ ਹੁਣ ਸੰਦੀਪ ਕੁਮਾਰ ਦੇ ਨਾਲ ਸੀਟ ਨੰਬਰ 66 ਉਪਰ ਬੈਠਣਗੇ, ਜੋ ਕਿ ਸੀਡੀ ਵਿਵਾਦ ਕਾਰਨ ਪਾਰਟੀ ਵਿੱਚੋਂ ਪਹਿਲਾਂ ਹੀ ਮੁਅੱਤਲ ਹਨ।

### ਆਮਦਨ ਕਰ ਵਿਭਾਗ ਵੱਲੋਂ 'ਆਪ' ਨੂੰ ਨੋਟਿਸ

ਨਵੀਂ ਦਿੱਲੀ- ਆਮਦਨ ਕਰ ਵਿਭਾਗ ਨੇ ਆਮ ਆਦਮੀ ਪਾਰਟੀ ਨੂੰ ਚੰਦੇ ਵਜੋਂ ਮਿਲੀ ਰਾਸ਼ੀ ਦੇ ਹਿਸਾਬ ਕਿਤਾਬ ਵਿੱਚ ਕਥਿਤ ਗੜਬੜੀ ਅਤੇ ਟੈਕਸ ਤੋਂ ਬਚਣ ਲਈ ਕੀਤੀਆਂ ਆਪਹੁਦਰੀਆਂ ਲਈ ਨੋਟਿਸ ਜਾਰੀ ਕੀਤਾ ਹੈ। ਵਿਭਾਗ ਨੇ ਪਾਰਟੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਤਿੰਨ ਹੋਰਨਾਂ ਨੂੰ ਨੋਟਿਸ ਜਾਰੀ ਕਰਦਿਆਂ ਇਸ ਮਹੀਨੇ ਦੇ ਪਹਿਲੇ ਅੱਧ ਤਕ ਜਵਾਬ ਦੇਣ ਲਈ ਕਿਹਾ ਹੈ।

# 11 ਵਿਧਾਇਕ 'ਆਪ' ਛੱਡਣ ਨੂੰ ਤਿਆਰ: ਵਿਨੀਤ ਜੋਸ਼ੀ

**(ਸਫਾ 1 ਦੀ ਬਾਕੀ)**

'ਤੇ ਡਟੇ ਹਨ ਅਤੇ ਚੀਫ ਵ੍ਹਿਪ ਤੇ ਬੁਲਾਰੇ ਦੇ ਅਹੁਦਿਆਂ ਤੋਂ ਉਨ੍ਹਾਂ ਵੱਲੋਂ ਦਿੱਤੇ ਅਸਤੀਫੇ ਬਰਕਰਾਰ ਹਨ। ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੀ ਸ੍ਰੀ ਮਾਨ ਨਾਲ ਕੋਈ ਨਿੱਜੀ ਲੜਾਈ ਨਹੀਂ, ਸਗੋਂ ਉਹ ਪਾਰਟੀ ਵੱਲੋਂ ਆਪਣੀ ਹੀ ਵਿਚਾਰਧਾਰਾ ਤੋਂ ਲਗਾਤਾਰ 'ਥਿੜਕਣ' ਤੋਂ ਨਿਰਾਸ਼ ਹਨ। ਉਧਰ ਸੰਪਰਕ ਕਰਨ 'ਤੇ ਭਾਜਪਾ ਦੇ ਸਕੱਤਰ ਵਿਨੀਤ ਜੋਸ਼ੀ ਨੇ ਦਾਅਵਾ ਕੀਤਾ ਕਿ 'ਆਪ' ਦੇ 11 ਵਿਧਾਇਕ ਪਾਰਟੀ ਛੱਡਣ ਨੂੰ ਫਿਰਦੇ ਹਨ ਅਤੇ ਉਹ ਭਾਜਪਾ ਵਿਚ ਵੀ ਸ਼ਾਮਲ ਹੋਣ ਦੇ ਚਾਹਵਾਨ ਹੋ ਸਕਦੇ ਹਨ। ਇਸੇ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਉਹ ਜਲਦ ਹੀ ਸਮੂਹ 20 ਵਿਧਾਇਕਾਂ ਸਮੇਤ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਮੁਹਿੰਮ ਵਿੱਢਣਗੇ।

# ਆਪ ਪਾਰਟੀ ਦਾ ਐਮ.ਐਲ.ਏ. ਕਰੇਗਾ ਭੁੱਖ ਹੜਤਾਲ

## ਲਾਇਨਮੈਨਾਂ ਦੀ ਭਰਤੀ ਨੂੰ ਪੂਰਾ ਕਰਵਾਉਣ ਲਈ 15 ਮਈ ਨੂੰ ਪਾਵਰਕਾਮ ਦੇ ਅੱਗੇ ਭੁੱਖ ਹੜਤਾਲ

**ਰਾਮਪੁਰਾ ਫੂਲ (ਦਲਜੀਤ ਸਿੰਘ ਸਿਧਾਣਾ)** ਬੇਰੁਜ਼ਗਾਰ ਲਾਈਨਮੈਨ ਯੂਨੀਅਨ (ਪੰਜਾਬ) ਕਮੇਟੀ ਦੀ ਮੀਟਿੰਗ ਡਾਇਰੈਕਟਰ ਡਿਸਟ੍ਰਿਬਿਊਸ਼ਨ ਸ੍ਰੀ ਕੇ.ਐਲ. ਸ਼ਰਮਾ ਅਤੇ ਏ.ਐਮ. ਪਾਵਰਕਾਮ ਸ੍ਰੀ ਆਰ.ਪੀ. ਪਾਂਡਵ ਨਾਲ ਹੋਈ। ਜਿਸ ਵਿਚ ਬੇਰੁਜ਼ਗਾਰ ਲਾਈਨਮੈਨ ਯੂਨੀਅਨ ਦੇ ਸੂਬਾ ਪ੍ਰਧਾਨ ਪਿਰਮਲ ਸਿੰਘ ਖਾਲਸਾ ਨੇ ਲਾਈਨਮੈਨਾਂ ਦੇ ਮਸਲੇ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਅਕਾਲੀ ਭਾਜਪਾ ਸਰਕਾਰ ਨੇ ਜਨਵਰੀ 2011 ਵਿੱਚ 5000 ਲਾਈਨਮੈਨਾਂ ਦੀ ਭਰਤੀ ਦਾ ਇਸ਼ਤਿਹਾਰ ਜਾਰੀ ਕੀਤਾ ਸੀ। ਜਿਸ ਵਿਚੋਂ ਸਿਰਫ 1000 ਲਾਈਨਮੈਨਾਂ ਨੂੰ ਹੀ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਬਾਕੀ ਰਹਿੰਦੇ 4000 ਲਾਈਨਮੈਨਾਂ ਨੂੰ ਅਜੇ ਤੱਕ ਨਿਯੁਕਤੀ ਪੱਤਰ ਜਾਰੀ ਨਹੀ ਕੀਤੇ ਗਏ। ਜੋ ਅੱਜ ਵੀ ਸੜਕਾਂ ਉਪਰ ਰੁਲ ਰਹੇ ਹਨ।

ਉਹਨਾਂ ਕਿਹਾ ਕਿ ਪਾਵਰਕਾਮ ਨੇ ਲਾਈਨਮੈਨਾ ਨੂੰ ਰੋਜ਼ਗਾਰ ਦੇਣ ਦੀ ਥਾਂ ਤੇ ਹਾਲ ਹੀ ਲਾਈਨਮੈਨ ਦੀ ਪੋਸਟ ਖਤਮ ਕਰਕੇ 1500 ਸਹਾਇਕ ਲਾਈਨਮੈਨਾਂ ਦੀਆ ਨਵੀਆਂ ਪੋਸਟਾਂ ਭਰਨ ਦਾ ਇਸ਼ਤਿਹਾਰ ਜਾਰੀ ਕਰ ਦਿੱਤਾ ਹੈ। ਜੋ ਕਿ ਲਾਈਨਮੈਨਾਂ ਨਾਲ ਸਰਾਸਰ ਧੱਕਾ ਹੈ ਕਿਉਂਕਿ ਲੰਮਾ ਸਮਾਂ ਭਰਤੀ ਨਾ ਹੋਣ ਕਾਰਨ ਬੇਰੁਜ਼ਗਾਰ ਲਾਈਨਮੈਨ ਆਪਣੀ ਨੌਕਰੀ ਦੀ ਹੱਦ ਪਾਰ ਕਰ ਚੁੱਕੇ ਹਨ। ਮੀਟਿੰਗ ਦੌਰਾਨ ਸੂਬਾ ਪ੍ਰਧਾਨ ਨੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਬੇਨਤੀ



ਕਰਦਿਆਂ ਕਿਹਾ ਕਿ ਇਹਨਾ ਲਾਈਨਮੈਨਾਂ ਦੇ ਭਵਿੱਖ ਨੂੰ ਧਿਆਨ ਵਿਚ ਰੱਖਦੇ ਹੋਏ ਸਹਾਇਕ ਲਾਈਨਮੈਨ ਦੀ ਪੋਸਟਾਂ ਨੂੰ 1500 ਤੋਂ ਵੱਧਾ ਕੇ 5000 ਕੀਤਾ ਜਾਵੇ ਅਤੇ ਉਮਰ ਹੱਦ 37 ਸਾਲ ਤੋਂ ਵਧਾ ਕੇ 45 ਸਾਲ ਕੀਤੀ ਜਾਵੇ। ਜੇਕਰ ਪਾਵਰਕਾਮ ਨੇ ਇਹਨਾਂ ਲਾਈਨਮੈਨਾ ਦੇ ਮਸਲੇ ਨੂੰ ਗੰਭੀਰਤਾ ਨਾਲ ਲੈ ਕੇ ਹੱਲ ਨਾ ਕੀਤਾ ਤਾਂ ਮੇਰੇ ਵੱਲੋਂ 15 ਮਈ ਨੂੰ ਪਾਵਰਕਾਮ ਦੇ ਮੁੱਖ ਦਫਤਰ ਦੇ ਅੱਗੇ ਭੁੱਖ ਹੜਤਾਲ ਕੀਤੀ ਜਾਵੇਗੀ ਉਹਨਾ ਇਹ ਵੀ ਕਿਹਾ ਕਿ ਜਦੋਂ ਤੱਕ ਸਾਰੇ ਬੇਰੁਜ਼ਗਾਰ ਲਾਈਨਮੈਨਾਂ ਨੂੰ ਪਾਵਰਕਾਮ ਰੋਜ਼ਗਾਰ ਨਹੀ ਦਿੰਦੀ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ! ਜ਼ਿਕਰਯੋਗ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾ 2016 ਵਿਚ ਬੇਰੁਜ਼ਗਾਰ ਲਾਈਨਮੈਨ ਯੂਨੀਅਨ ਦੇ ਸੂਬਾ ਪ੍ਰਧਾਨ ਪਿਰਮਲ ਸਿੰਘ ਵੱਲੋਂ ਰੱਖੇ ਮਰਨ ਵਰਤ ਦੌਰਾਨ ਮੌਜੂਦਾ ਸਰਕਾਰ ਦੇ ਮੰਤਰੀਆ ਵੱਲੋਂ ਵੀ ਹਾਜ਼ਰੀ ਲਗਵਾਈ ਗਈ ਸੀ।

ਉਸ ਸਮੇ ਉਹਨਾਂ ਨੇ ਵਿਸ਼ਵਾਸ਼ ਦਵਾਇਆ ਸੀ ਕਿ ਸਾਡੀ ਸਰਕਾਰ ਆਉਣ ਤੇ ਲਾਈਨਮੈਨਾ ਦੇ ਮਸਲੇ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਉਸ ਸਮੇ ਮਹਾਰਾਣੀ ਪਰਨੀਤ ਕੌਰ, ਚਰਨਜੀਤ ਸਿੰਘ ਚੰਨੀ, ਸਾਧੂ ਸਿੰਘ ਧਰਮਸੋਤ, ਰਾਜਾ ਵੜਿੰਗ, ਬੀਬੀ ਰਜਿੰਦਰ ਕੌਰ ਭੱਠਲ ਆਦਿ ਆਗੂਆ ਨੇ ਲਾਈਨਮੈਨਾ ਦੇ ਹੱਕ ਵਿਚ ਨਿਤਰਨ ਦੀ ਗੱਲ ਕਹੀ ਸੀ।

ਯੂਨੀਅਨ ਦੇ ਵਫਦ ਵਿਚ ਸੋਮਾ ਸਿੰਘ ਭੱਤੇ, ਭੋਲਾ ਸਿੰਘ ਗੰਗੜਪੁਰ, ਰਜਿੰਦਰ ਸਿੰਘ ਗੁਰਦਾਸਪੁਰ, ਜਗਤਾਰ ਸਿੰਘ ਮਾਹਿਨਗਲ, ਹਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਜਗਤਾਰ ਸਿੰਘ, ਜਰਨੈਲ ਸਿੰਘ, ਚੇਤ ਸਿੰਘ ਆਦਿ ਹਾਜ਼ਰ ਸਨ।

# ਬਿਨ੍ਹਾਂ ਦਸਤਾਵੇਜ਼ਾਂ ਦੇ ਅਮਰੀਕਾ 'ਚ ਰਹਿ ਰਹੇ ਪਰਵਾਸੀਆਂ ਖ਼ਿਲਾਫ਼ ਕਾਰਵਾਈ

**ਨਿਊਯਾਰਕ (ਬਿਊਰੋ)**- ਬਿਨ੍ਹਾਂ ਦਸਤਾਵੇਜ਼ਾਂ ਦੇ ਅਮਰੀਕਾ 'ਚ ਰਹਿ ਰਹੇ ਪਰਵਾਸੀਆਂ ਦੀਆਂ ਔਕੜਾਂ ਵਧਦੀਆਂ ਜਾ ਰਹੀਆਂ ਹਨ। ਕਰੀਬ ਦੋ ਦਹਾਕੇ ਪਹਿਲਾਂ ਭਾਰਤ 'ਚ ਧਰਮ ਦੇ ਅਧਾਰ 'ਤੇ ਵਧੀਕੀਆਂ ਦਾ ਹਵਾਲਾ ਦੇ ਕੇ ਅਮਰੀਕਾ 'ਚ ਪਨਾਹ ਮੰਗਣ ਵਾਲੇ ਗੁਰਮੁਖ ਸਿੰਘ (46) ਨੂੰ ਕੈਲੀਫੋਰਨੀਆ ਦੇ ਇਮੀਗਰੇਸ਼ਨ ਅਧਿਕਾਰੀਆਂ ਨੇ ਹਿਰਾਸਤ 'ਚ ਲੈ ਲਿਆ ਹੈ। ਭਾਰਤ ਹਵਾਲੇ ਕਰਨ ਦੇ ਹੁਕਮਾਂ 'ਚ ਤਾਜ਼ੀ ਅਪੀਲ ਖ਼ਾਰਜ ਹੋਣ ਤੋਂ ਬਾਅਦ ਇਹ ਕਾਰਵਾਈ ਹੋਈ ਹੈ। ਟਰੰਪ ਪ੍ਰਸ਼ਾਸਨ ਵੱਲੋਂ ਬਿਨ੍ਹਾਂ ਦਸਤਾਵੇਜ਼ਾਂ ਦੇ ਮੁਲਕ 'ਚ ਰਹਿ ਰਹੇ ਪਰਵਾਸੀਆਂ ਖ਼ਿਲਾਫ਼ ਕਾਰਵਾਈ ਤਹਿਤ ਇਹ ਕਦਮ ਚੁੱਕਿਆ ਗਿਆ ਹੈ। ਪੰਜਾਬ 'ਚ ਟੈਕਸੀ ਡਰਾਈਵਰ ਗੁਰਮੁਖ ਸਿੰਘ ਬਿਨ੍ਹਾਂ ਵੀਜ਼ੇ ਦੇ 1998 'ਚ ਮੈਕਸੀਕੋ ਰਾਹੀਂ ਅਮਰੀਕਾ 'ਚ ਦਾਖ਼ਲ ਹੋ ਗਿਆ ਸੀ। ਦੋ ਬੱਚਿਆਂ ਦਾ ਪਿਤਾ ਗੁਰਮੁਖ ਸਿੰਘ ਅਮਰੀਕੀ ਮਹਿਲਾ ਨਾਲ ਵਿਆਹਿਆ ਹੋਇਆ ਹੈ ਅਤੇ ਉਸ ਨੇ 1999 'ਚ ਅਮਰੀਕਾ 'ਚ ਪਨਾਹ ਮੰਗੀ ਸੀ। ਉਸ ਦੀ ਪਤਨੀ ਬਲਵਿੰਦਰ ਕੌਰ 2010 'ਚ ਅਮਰੀਕੀ ਨਾਗਰਿਕ ਬਣੀ ਸੀ ਅਤੇ ਉਸ ਨੇ ਪਤੀ ਦੇ ਪੱਕੇ ਕਾਗਜ਼ਾਂ ਲਈ 2012 'ਚ ਦਰਖ਼ਾਸਤ ਦਿੱਤੀ ਸੀ। ਇਥੋਂ ਜ਼ਾਹਰ ਹੋਇਆ ਕਿ ਉਸ ਨੂੰ ਭਾਰਤ ਭੇਜਣ ਦੇ ਹੁਕਮ ਜਾਰੀ ਹਨ। ਗਾਰਡਨ ਗਰੋਵ ਦੇ ਵਸਨੀਕ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ ਅਤੇ ਅਮਰੀਕੀ ਇਮੀਗਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਨੇ ਕਿਹਾ ਕਿ ਹਰੇਕ ਪੱਧਰ 'ਤੇ ਅਦਾਲਤਾਂ ਨੇ ਉਸ ਨੂੰ ਮੁਲਕ ਭੇਜਣ ਦੇ ਹੁਕਮ ਬਰਕਰਾਰ ਰੱਖੇ ਜਿਸ ਮਗਰੋਂ ਉਸ ਨੂੰ ਹਿਰਾਸਤ 'ਚ ਲਿਆ ਗਿਆ ਹੈ। ਗੁਰਮੁਖ ਸਿੰਘ ਨੇ 18 ਵਰ੍ਹਿਆਂ ਦੀ ਧੀ ਮਨਪ੍ਰੀਤ ਸੈਣੀ ਨਾਲ ਗਲੇ ਮਿਲਣ ਸਮੇਂ ਜਜ਼ਬਾਤੀ ਹੁੰਦਿਆਂ ਕਿਹਾ ਕਿ ਉਸ ਦਾ ਪਰਿਵਾਰ ਟੁੱਟ ਜਾਏਗਾ।



# ਪ੍ਰਿੰਸੀਪਲ ਬਣੀ 10ਵੀਂ ਦੀ ਵਿਦਿਆਰਥਣ, ਮਿਡ ਡੇਅ ਮੀਲ ਚੱਖਿਆ

ਜਮਸ਼ੇਦਪੁਰ- ਝਾਰਖੰਡ ਦੇ ਛੋਟੇ ਜਿਹੇ ਪਿੰਡ ਵਿਚ ਬਾਲਿਕਾ ਸ਼ਕਤੀਕਰਨ ਨੂੰ ਲੈ ਕੇ ਪ੍ਰਸ਼ਾਸਨ ਨੇ ਵੱਖਰਾ ਪ੍ਰਯੋਗ ਕੀਤਾ ਹੈ। ਸਿੱਖਿਆ ਵਿਭਾਗ ਨੇ ਜਾਦੂਗੋੜਾ ਦੇ ਕੋਲ ਦੁਰਕੂ ਪਿੰਡ ਦੇ ਹਾਈ ਸਕੂਲ ਦੀ 10ਵੀਂ ਦੀ ਵਿਦਿਆਰਥਣ ਨੂੰ ਇਕ ਦਿਨ ਦਾ ਪ੍ਰਿੰ-ਸੀਪਲ ਬਣਾਇਆ।

ਪ੍ਰਿਅੰਕਾ ਬਕਾਇਦਾ ਸਭ ਤੋਂ ਪਹਿਲਾਂ ਸਕੂਲ ਪਹੁੰਚੀ। ਪ੍ਰਿਅੰਕਾ ਨੇ ਮਿਡ-ਡੇਅ ਮੀਲ ਦੇ ਲਈ ਬਣਾਏ ਗਏ ਖਾਣੇ ਦੀ ਜਾਂਚ ਕੀਤੀ ਅਤੇ ਇਸ ਤੋਂ ਬਾਅਦ ਖਾਣਾ ਵੰਡਵਾਇਆ। ਡਿਪਟੀ ਕਲੈਕਟਰ ਸੰਜੇ ਕੁਮਾਰ ਵੀ ਸਕੂਲ ਪਹੁੰਚੇ ਸਨ, ਪ੍ਰਿਅੰਕਾ ਨੇ ਉਹਨਾਂ ਨੂੰ ਵੀ ਮਿਡ-ਡੇਅ ਮੀਲ ਦਾ ਸਵਾਦ ਚਖਾਇਆ। ਪ੍ਰਿਅੰਕਾ ਨੇ ਡਿਪਟੀ ਕਲੈਕਟਰ ਨੂੰ ਸਕੂਲ ਦੀਆਂ ਬੁਨਿਆਦੀ ਜ਼ਰੂਰਤਾਂ ਦੇ ਬਾਰੇ ਦੱਸਿਆ ਅਤੇ ਉਹਨਾਂ ਨੂੰ



ਪ੍ਰਸ਼ਾਸਨ ਤੋਂ ਪੂਰਾ ਕਰਨ ਦੀ ਮੰਗ ਕੀਤੀ। ਇਸ ਅਜੀਬ ਪ੍ਰਯੋਗ ਦਾ ਸਿਹਰਾ ਸੀ. ਐਮ. ਕੈਂਪ ਆਫਿਸ ਦੇ ਡਿਪਟੀ ਕਲੈਕਟਰ ਸੰਜੇ ਕੁਮਾਰ ਦੀ ਪਹਿਲ ਤੇ ਕੀਤਾ ਗਿਆ ਸੀ। ਸ਼ਨੀਵਾਰ ਨੂੰ ਸਕੂਲ ਪਹੁੰਚਦੇ ਹੀ ਪ੍ਰਿੰਸੀਪਲ ਸੁਨੀਲ ਯਾਦਵ ਨੇ ਕਾਰਜਕਾਰੀ ਪ੍ਰਿੰਸੀਪਲ ਪ੍ਰਿਅੰਕਾ ਨੂੰ ਪ੍ਰਿੰਸੀਪਲ ਰੂਮ ਤੱਕ ਲਿਜਾ ਕੇ ਉਹਨਾਂ ਨੂੰ ਕੁਰਸੀ ਤੇ ਬਿਠਾਇਆ।

ਸੰਥਾਲ ਆਦਿਵਾਸੀ ਪਰਿਵਾਰ ਤੋਂ ਆਉਣ ਵਾਲੀ 14 ਸਾਲਾ ਵਿਦਿਆਰਥਣ ਪ੍ਰਿਅੰਕਾ ਦਸਵੀਂ ਕਲਾਸ ਦੀ ਵਿਦਿਆਰਥਣ ਹੈ ਅਤੇ ਆਪਣੇ ਪਿਤਾ ਦੀਆਂ ਤਿੰਨ ਕੁੜੀਆਂ ਵਿਚੋਂ ਦੂਜੇ ਨੰਬਰ ਤੇ ਹੈ। ਪੜ੍ਹਨ ਵਿਚ ਮੋਹਰੀ ਪ੍ਰਿਅੰਕਾ ਦੀ ਸਕੂਲ ਵਿਚ ਹਾਜ਼ਰੀ 100 ਪ੍ਰਤੀਸ਼ਤ ਹੈ। ਉਸਨੇ ਇਕ ਵੀ ਦਿਨ ਸਕੂਲ ਮਿਸ ਨਹੀਂ ਕੀਤਾ ਹੈ।

# ਸਮਾਰਟ ਸੋਲਰ ਛਤਰੀ ਬਣਾਉਣ ਵਾਲੇ ਰਾਮਕ੍ਰਿਸ਼ਨ ਨੂੰ ਜਾਪਾਨ ਨੇ ਬੁਲਾਇਆ

**ਬੰਗਲੌਰ**- ਵਿਦਿਸ਼ਾ, ਠੇਠ ਦਿਹਾਤੀ ਕਿਸਾਨ ਦੇ 15 ਸਾਲਾ ਮੁੰਡੇ ਰਾਮਕ੍ਰਿਸ਼ਨ ਅਹਿਰਵਾਰ ਨੇ ਅਜਿਹਾ ਸਮਾਰਟ ਸੋਲਰ ਛਤਰੀ ਬਣਾਈ ਹੈ, ਉਸਨੂੰ ਅੰਤਰ ਰਾਸ਼ਟਰੀ ਪੱਧਰ ਤੇ ਪ੍ਰਦਰਸ਼ਨ ਦੇ ਲਈ ਜਾਪਾਨ ਬੁਲਾਇਆ ਗਿਆ ਹੈ। ਵਿਦਿਸ਼ਾ ਜ਼ਿਲ੍ਹੇ ਤੋਂ ਪਹਿਲਾ ਮੌਕਾ ਹੈ ਜਦੋਂ ਹਾਈ ਸਕੂਲ ਦਾ ਕੋਈ ਵਿਦਿਆਰਥੀ ਅੰਤਰ ਰਾਸ਼ਟਰੀ ਪੱਧਰ 'ਤੇ ਆਪਣਾ ਮਾਡਲ ਪ੍ਰਦਰਸ਼ਿਤ ਕਰਨ ਉਥੇ ਜਾਵੇਗਾ।

ਕੁਰਵਾਈ ਬਲਾਕ ਦੇ ਕਰਮੇਡੀ ਪਿੰਡ ਦੇ ਕਿਸਾਨ ਨੰਦਰਾਮ ਅਹਿਰਵਾਰ ਦਾ ਲੜਕਾ ਰਾਮਕ੍ਰਿਸ਼ਨ ਕੁਰਵਾਈ ਦੇ ਹੋਸਟਲ ਵਿਚ ਰਹਿ ਕੇ ਉਥੇ ਸਰਕਾਰੀ ਆਦਰਸ਼ ਹਾਈ ਸਕੂਲ ਵਿਚ ਪੜ੍ਹਦਾ ਹੈ। ਬੀਤੇ ਸਾਲ ਆਯੋਜਿਤ ਇੰਸਪਾਇਰ ਐਵਾਰਡ ਯੋਜਨਾ ਦੇ ਲਈ ਜਦੋਂ ਉਸਦਾ ਨਾਮਿਨੇਸ਼ਨ ਜ਼ਿਲ੍ਹਾ ਪੱਧਰ ਦੇ ਲਈ ਹੋਇਆ ਤਾਂ ਉਸਨੇ ਸਕੂਲ ਅਧਿਆਪਕ ਸ਼ਾਹਿਨਾ ਫਿਰਦੌਸ ਖਾਨ ਅਤੇ



ਅਧਿਆਪਕ ਬਲਿਰਾਮ ਸਾਹੂ ਦੇ ਮਾਰਗ ਦਰਸ਼ਨ ਵਿਚ ਸਮਾਰਟ ਸੋਲਰ ਛਤਰੀ ਬਣਾਈ। ਇਹ ਛਤਰੀ ਦਰਸ਼ਕਾਂ ਅਤੇ ਅਧਿਆ-ਪਕਾਂ ਨੂੰ ਇੰਨੀ ਪਸੰਦ ਆਈ ਕਿ ਉਹ ਰਾਜ ਪੱਧਰ ਤੇ ਫਿਰ ਕੌਮੀ ਪੱਧਰ ਦੇ ਲਈ ਚੁਣ ਲਿਆ ਗਿਆ। ਕੌਮੀ ਮੁਕਾਬਲਾ ਨਵੀਂ ਦਿੱਲੀ ਵਿਚ ਹੋਇਆ। ਜਿੱਥੇ ਇਸਨੂੰ ਅੰਤਰ ਰਾਸ਼ਟਰੀ ਪੱਧਰ ਤੇ ਪ੍ਰਦਰਸ਼ਨ ਦੇ ਲਈ ਚੁਣ ਲਿਆ ਗਿਆ।

ਰਾਮਕ੍ਰਿਸ਼ਨ ਨੇ ਦੱਸਿਆ ਕਿ ਮੈਂ ਕਿਸਾਨ ਦਾ ਲੜਕਾ ਹਾਂ, ਇਸ ਕਰਕੇ ਕਿਸਾਨ ਸਮੱਸਿਆਵਾਂ ਦੇ ਹੱਲ ਦੇ ਲਈ ਛਤਰੀ ਵਿਚ ਨਵੀਂ ਤਕਨੀਕ ਜੋੜੀ।ਛਤਰੀ ਅਜਿਹੀ ਬਣਾਈ ਕਿ ਬਾਰਿਸ਼ ਤੋਂ ਬਚਾਅ ਦੇ ਨਾਲ ਹੀ ਉਸ ਵਿਚ ਟਾਰਚ, ਸਾਇਰਨ, ਮੋਬਾਇਲ ਚਾਰਜਰ, ਮਿਊਜ਼ਿਕ ਆਦਿ ਦੀ ਵਿਵਸਥਾ ਵੀ ਹੈ। ਇਸਦੀ ਲਾਗਤ ਵੀ ਕੇਵਲ 700-800 ਰੁਪਏ ਹੈ।



ਅਮਰੀਕੀ ਪੰਜਾਬੀ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼-3 ਬੀ.1, ਮੁਹਾਲੀ ਵਿਖੇ ਬੱਚਿਆਂ ਨਾਲ ਰੁਬਰੂ ਹੋਏ। ਉਹਨਾਂ ਆਪਣੇ ਜੀਵਨ ਦੇ ਤਜਰਬਿਆਂ ਬਾਰੇ ਪ੍ਰਾਇਮਰੀ ਸਕੂਲ ਦੀਆਂ ਬਾਲ ਸਭਾਵਾਂ ਤੋਂ ਪੈਦਾ ਹੋਏ ਪੰਜਾਬੀ ਮਾਂ-ਬੋਲੀ ਦੇ ਮੋਹ ਤੋਂ ਸਾਹਿਤ ਨਾਲ ਜੁੜਨ ਦੀ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ।

# ਲਹਿਰਾ ਮੁਹੱਬਤ ਚ ਸਰਕਾਰ ਤੇ ਕਿਸਾਨ ਆਹਮੋ ਸਾਹਮਣੇ

**ਰਾਮਪੁਰਾ ਫੂਲ (ਦਲਜੀਤ ਸਿੰਘ ਸਿਧਾਣਾ):** ਪੰਜਾਬ ਸਰਕਾਰ ਵੱਲੋਂ ਹਾੜੀ ਦੀ ਫਸਲ ਦੀ ਰਹਿੰਦ ਖੂੰਹਦ ( ਕਣਕ ਦਾ ਨਾੜ) ਨੂੰ ਖੇਤ ਚ ਅੱਗ ਲਾ ਕੇ ਸਾੜਨ ਤੇ ਲਾਈ ਪਾਬੰਦੀ ਤੇ ਅੱਗ ਲਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 2500 ਰੁਪਏ ਜੁਰਮਾਨਾ ਕਰਨ ਦਾ ਐਲਾਨ ਹੁਣ ਸਰਕਾਰ ਦੇ ਗਲੇ ਦੀ ਹੱਡੀ



ਬਣਦਾ ਜਾ ਰਿਹਾ ਹੈ । ਅੱਜ ਇੱਥੇ ਜ਼ਿਲ੍ਹਾ ਬਠਿੰਡਾ ਦੇ ਹਲਕਾ ਭੁੱਚੋ ਦੇ ਪਿੰਡ ਲਹਿਰਾ ਮੁਹੱਬਤ ਚ ਕਿਸਾਨ ਜਸਵੀਰ ਸਿੰਘ ਪੁੱਤਰ ਪ੍ਰੀਤਮ ਸਿੰਘ ਨੇ ਡੇਢ ਏਕੜ ਚ ਖੜੇ ਨਾੜ ਨੂੰ ਅੱਗ ਲਾਈ ਤਾਂ ਉਸ ਦਾ ਪਤਾ ਲੱਗਣ ਤੇ ਐਸ ਡੀ ਐਮ ਸੁਨਾਕਸ਼ੀ ਸਿਨਾ ਮੌਕੇ ਤੇ ਪਹੁੰਚ ਗਈ ਤੇ ਕਿਸਾਨ ਨੂੰ ਅੱਗ ਲਗਾਉਣ ਤੋ ਰੋਕਿਆ ਤਾਂ ਪਿੰਡ ਦੇ ਕਿਸਾਨਾਂ ਨੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸਿੱਧੂਪੁਰ ਨੇ ਐਸ ਡੀ ਐਮ ਦਾ ਵਿਰੋਧ ਸ਼ੁਰੂ ਕਰ ਦਿੱਤਾ ਤੇ ਕਾਫੀ ਤਕਰਾਰ ਬਾਜੀ ਤੋ ਬਾਅਦ ਕਿਸਾਨਾਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕੇ ਉਹ ਕਿਸਾਨਾਂ ਨੂੰ ਨਾੜ ਸਾੜਨ ਤੇ ਜੁਰਮਾਨੇ ਲਗਾਉਣੇ ਬੰਦ ਕਰੇ ਤੇ ਇਸ ਮੌਕੇ ਕਿਸਾਨ ਯੂਨੀਅਨ ਦੇ ਆਗੂ ਸਾਧੂ ਸਿੰਘ ਤੇ ਜਿਉਣ ਸਿੰਘ ਨੇ ਕਿਹਾ ਕੇ ਉਹ 4 ਮਈ ਨੂੰ ਸਾਰੇ ਪਿੰਡ ਵਾਸੀ ਇਕੱਠੇ ਹੋ ਕੇ ਇੱਕੋ ਦਿਨ ਅਗ ਲਗਾਉਣਗੇ, ਇਸ ਸਬੰਧੀ ਉਹਨਾਂ ਨੇ ਪਿੰਡ ਦੇ ਗੁਰਦੁਆਰਿਆਂ ਚ ਸਪੀਕਰ ਰਾਹੀ ਬੋਲ ਦਿੱਤਾ ਹੈ ਪਰ ਉਧਰ ਐਸ ਡੀ ਐਮ ਨੇ ਕਿਹਾ ਕੇ ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ ਦੋਸ਼ੀ ਕਿਸਾਨਾਂ ਤੇ ਹੋਵੇਗੀ ਕਾਰਵਾਈ । ਇਸ ਤਰਾ ਹੀ ਨੇੜਲੇ ਪਿੰਡ ਲਹਿਰਾ ਖਾਨਾ ਦੇ ਕਿਸਾਨਾਂ ਨੇ ਇਕੱਠੇ ਹੋ ਕੇ ਅੱਜ ਨਾੜ ਨੂੰ ਅੱਗ ਲਾ ਦਿੱਤੀ ਹੈ ਹੁਣ ਦੇਖਣਾ ਇਹ ਹੈ ਕੇ ਇੰਨੀ ਵੱਡੀ ਗਿਣਤੀ ਅੱਗ ਲਾਉਣ ਵਾਲੇ ਕਿਸਾਨਾਂ ਤੇ ਸਰਕਾਰ ਕਾਰਵਾਈ ਕਰਦੀ ਹੈ ਜਾ ਮੂਕ ਦਰਸ਼ਕ ਬਣ ਕੇ ਦੇਖਦੀ ਰਹੇਗੀ। ਇਸ ਮਸਲੇ ਸਬੰਧੀ ਵਾਤਾਵਰਨ ਪ੍ਰੇਮੀਆ ਦਾ ਕਹਿਣਾ ਹੈ ਕੇ ਸਰਕਾਰ ਨੇ ਪ੍ਰਦੂਸਨ ਨੂੰ ਰੋਕਣ ਲਈ ਇਹ ਕਰੜਾ ਫੈਸਲਾ ਲਿਆ ਹੈ ਇਸ ਲਈ ਸਾਨੂੰ ਸਾਰਿਆ ਨੂੰ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਕੇ ਪ੍ਰਦੂਸਨ ਨਾਲ ਹੋਣ ਵਾਲੀਆ ਬੀਮਾਰੀਆਂ ਤੋ ਨਿਜਾਤ ਮਿਲ ਸਕੇ। ਉਧਰ ਖੇਤੀ ਮਾਹਰਾ ਦਾ ਕਹਿਣਾ ਹੈ ਕੇ ਸਰਕਾਰ ਨੇ ਵਧੀਆ ਫੈਸਲਾ ਗਲਤ ਢੰਗ ਨਾਲ ਤੇ ਕਿਸਾਨਾਂ ਨੂੰ ਭਰੋਸੇ 'ਚ ਲਏ ਬਿਨਾ ਕੀਤਾ ਹੈ ਜਿਸ ਨਾਲ ਕਿਸਾਨਾਂ ਦੀ ਹਾਲਤ ਤਾਂ ਪਹਿਲਾ ਹੀ ਡਾਵਾਂਡੋਲ ਸੀ ਇਸ ਨਾਲ ਹੋਰ ਖਰਚੇ ਵਧਣਗੇ।

## ਨਿਊਜ਼ੀਲੈਂਡ ਸੰਸਦੀ ਚੋਣਾਂ 23 ਸਤੰਬਰ 2017

# ਏਥਨਿਕ ਕਮਿਊਨਿਟੀਆਂ ਤੋਂ ਲਏ 11 ਉਮੀਦਵਾਰਾਂ 'ਚ 5 ਭਾਰਤੀ ਮੂਲ ਦੇ

ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਨਿਊਜ਼ੀਲੈਂਡ ਸੰਸਦ ਇਸ ਵੇਲੇ ਆਪਣੀ 51ਵੀਂ ਮਿਆਦ ਸਤੰਬਰ 2017 ਦੇ ਆਖਰੀ ਹਫਤੇ ਖਤਮ ਕਰ ਰਹੀ ਹੈ। 23 ਸਤੰਬਰ ਨੂੰ ਅਗਲੀਆਂ ਸੰਸਦੀ ਚੋਣਾਂ ਲਈ ਵੋਟਾਂ ਦੀ ਆਖਰੀ ਮਿਤੀ ਹੈ। ਇਸ ਸਬੰਧੀ ਜਿੱਥੇ ਦੇਸ਼ ਦਾ ਸੱਤਾਧਾਰ ਨੈਸ਼ਨਲ ਪਾਰਟੀ ਆਪਣੇ ਉਮੀਦਵਾਰਾਂ ਦੀ ਚੋਣ ਪ੍ਰਕ੍ਰਿਆ ਦੇ ਵਿਚੋਂ ਲੰਘ ਰਹੀ ਹੈ ਉਥੇ ਵਿਰੋਧੀ ਧਿਰ ਲੇਬਰ ਪਾਰਟੀ ਵੀ ਆਪਣੇ ਉਮੀਦਵਾਰਾਂ ਦੀ ਚੋਣ ਕਰ ਰਹੀ ਹੈ। ਇਥੇ ਦੋ ਤਰਾਂ ਸੰਸਦ ਮੈਂਬਰ ਬਣਦੇ ਹਨ ਇਕ ਵੱਧ ਵੋਟਾਂ ਲੈ ਕੇ ਅਤੇ ਦੂਜੇ ਪਾਰਟੀ ਵੋਟ ਲਈ ਬਣਾਏ ਗਏ ਫਾਰਮੂਲੇ ਦੇ ਅਧਾਰ ਉਤੇ। ਅੱਜ ਲੇਬਰ ਪਾਰਟੀ ਜਿਸਦਾ ਗਠਨ 1916 ਵਿਚ ਹੋਇਆ ਸੀ ਅਤੇ ਸੰਸਦ ਮੈਂਬਰ 1919 ਤੋਂ ਚੁਣੇ ਜਾਣੇ ਸ਼ੁਰੂ ਹੋਏ ਨੇ ਏਥਨਿਕ ਕਮਿਊਨਿਟੀ ਦੀਆਂ ਨਿਊਜ਼ੀਲੈਂਡ ਵਿਚ ਭਾਗੀਦਾਰੀ ਨੂੰ ਮਾਨਤਾ ਦੇਣ ਦੇ ਉਦੇਸ਼ ਨਾਲ 11 ਏਥਨਿਕ ਉਮੀਦਵਾਰਾਂ ਦੀ ਲਿਸਟ ਜਾਰੀ ਕੀਤੀ। ਖੁਸ਼ੀ ਦੀ ਗੱਲ ਹੈ ਕਿ 11 ਵਿਚੋਂ 5 ਭਾਰਤੀ ਮੂਲ ਦੇ ਉਮੀਦਵਾਰ ਆਪਣਾ ਨਾਂਅ ਦਰਜ ਕਰਵਾਉਣ ਵਿਚ ਕਾਮਯਾਬ ਰਹੇ। ਸਭ ਤੋਂ ਵੱਧ ਜਿਸ ਦਾ ਸੰਸਦ ਮੈਂਬਰ ਬਨਣਾ ਲਗਪਗ ਤੈਅ ਲਗਦਾ ਹੈ ਉਹ ਹੈ ਪ੍ਰਿਅੰਕਾ ਰਾਧਾਕ੍ਰਿਸ਼ਨ। ਕੇਰਲਾ ਪਰਿਵਾਰ ਦੀ, ਚੇਨਈ ਦੀ ਜੰਮਪਲ ਇਹ ਭਾਰਤੀ ਮਹਿਲਾ ਸਿੰਗਾਪੁਰ ਵਿਖੇ ਪੜ੍ਹੀ-ਲਿਖੀ ਹੈ। ਪਰ ਇੰਡੀਆ ਜਾਣਾ-ਆਉਣਾ ਇਸਦਾ ਬਣਿਆ ਰਿਹਾ। ਨਿਊਜ਼ੀਲੈਂਡ ਆ ਇਸਨੇ 2006 ਦੇ ਵਿਚ ਲੇਬਰ ਪਾਰਟੀ ਨਾਲ ਸਾਂਝ ਬਣਾਈ। ਪਿਛਲੀਆਂ ਚੋਣਾਂ ਦੇ ਵਿਚ ਇਸਦਾ ਲਿਸਟ ਰੈਂਕਿੰਗ ਨੰਬਰ 23 ਸੀ ਅਤੇ ਸੰਸਦ ਮੈਂਬਰ ਨਹੀਂ ਸੀ ਬਣ ਸਕੀ ਪਰ ਇਸ ਵਾਰ ਰੈਂਕਿੰਗ 11 ਹੈ ਜਿਸ ਕਰਕੇ ਸੰਸਦ ਮੈਂਬਰ ਬਨਣਾ ਲਗਪਗ ਤੈਅ ਹੈ। ਨਿਊਜ਼ੀਲੈਂਡ ਪਾਰਲੀਮੈਂਟ ਦੇ ਵਿਚ ਇਹ ਲੇਬਰ ਪਾਰਟੀ ਦੀ ਪਹਿਲੀ ਭਾਰਤੀ ਮਹਿਲਾ ਹੋਵੇਗੀ। ਇਸਦਾ ਚੋਣ ਹਲਕਾ ਮਾਊਂਗਾਕੇਕੀਕੇ ਹੈ ਜਿੱਥੇ ਇਹ ਚੋਣ ਵੀ ਲੜੇਗੀ। ਇਸ ਤੋਂ ਇਲਾਵਾ ਦੂਜੀ ਮਹਿਲਾ ਬਲਜੀਤ ਕੌਰ (ਸਿੱਧਵਾਂ ਬੇਟ) ਨੂੰ ਹਨੂਆ ਤੋਂ ਚੋਣ ਹਲਕਾ ਦਿੱਤਾ ਗਿਆ ਹੈ ਅਤੇ ਇਸਦਾ ਲਿਸਟ ਨੰਬਰ 63 ਹੈ। ਵੋਟਾਂ ਦੇ ਅਧਾਰ ਉਤੇ ਹੀ ਇਹ ਉਮੀਦਵਾਰ ਸੰਸਦ ਮੈਂਬਰ ਬਣ ਸਕੇਗੀ ਲਿਸਟ ਐਮ.ਪੀ. ਬਨਣਾ ਔਖਾ ਹੋਵੇਗਾ। ਇਸੀ ਤਰ੍ਹਾਂ ਜੈਸੀ ਪਾਬਲਾ (ਪਿਛੋਕੜ ਪਿੰਡ ਲਸਾੜਾ ਜਲੰਧਰ) ਨੂੰ ਪਾਪਾਕੁਰਾ ਤੋਂ ਚੋਣ ਲੜਾਈ ਜਾ ਰਹੀ ਹੈ ਅਤੇ ਲਿਸਟ ਰੈਂਕਿੰਗ 53 ਹੈ। ਚੌਥੇ ਉਮੀਦਵਾਰ ਸਰਬਜੀਤ ਸਿੰਘ ਜੌਹਲ ਨੂੰ ਲਿਸਟ ਮੈਂਬਰ ਵਜੋਂ ਚੁਣ ਕੇ ਲਿਸਟ ਰੈਂਕਿੰਗ 48 ਦਿੱਤੀ ਗਈ ਹੈ। ਇੰਗਲੈਂਡ ਜਨਮੇ ਅਤੇ ਉਚ ਸਿਖਿਆ ਪ੍ਰਾਪਤ ਸਰਬਜੀਤ ਸਿੰਘ ਜੌਹਲ ਇਸ ਵੇਲੇ ਮੈਸੀ ਯੂਨੀਵਰਸਿਟੀ ਦੇ ਵਿਚ ਸਕੂਲ ਦੇ ਵਿਚ ਰਿਸਰਚ ਵਿਭਾਗਦੇ ਵਿਚ ਹਨ। ਉਨ੍ਹਾਂ ਦਾ ਜੱਦੀ ਸ਼ਹਿਰ ਫਿਲੌਰ ਹੈ ਤੇ ਉਹ ਵੀ ਅਕਸਰ ਪੰਜਾਬ ਜਾਂਦੇ ਰਹਿੰਦੇ ਹਨ। ਪੰਜਵੇਂ ਉਮੀਦਵਾਰ ਗੌਰਵ ਸ਼ਰਮਾ ਨੂੰ ਲਿਸਟ ਰੈਂਕਿੰਗ 69 ਦਿੱਤੀ ਗਈ ਹੈ। ਦੂਜੀਆਂ ਕਮਿਊਨਿਟੀਆਂ ਵਿਚੋਂ ਦੋ ਚਾਈਨੀਜ਼, ਇਕ ਫਿਲਪੀਨੋ, ਇਕ ਕੋਰੀਅਨ, ਇਕ ਜੌਰਡਨੀਅਨ ਅਤੇ ਇਕ ਅਜ਼ਰਬੈਜਾਨੀ ਨੂੰ ਚੁਣਿਆ ਗਿਆ ਹੈ।



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hay-ward, CA 94544



Prop: Jasbir Singh Takhar
510-755-2132

Harmandeep Singh



# Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

## IRP Plates for 48 States- Same day Plates

**TRUCKING SERVICES:**

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

**PERSONAL CAR SERVICES:**
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



# Buying or Selling Gas Stations and Hotels All over in California

Do you want to Buy/Sell your Gas Station and Hotel Business property?
Call us for a free consultation.

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਜਾਂ ਹੋਟਲ ਦੀ ਕਾਰੋਬਾਰੀ ਸੰਪਤੀ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ। ਅਸੀਂ ਤੁਹਾਨੂੰ ਮੁਫਤ ਮਾਹਿਰਾਂ ਦੀ ਸਲਾਹ ਅਤੇ ਹੋਟਲ ਜਾਂ ਗੈਸ ਸਟੇਸ਼ਨ ਦੀ ਕੀਮਤ ਬਾਰੇ ਜਾਣਕਾਰੀ ਦਿਆਂਗੇ।

Call us for a Free Consultation about Selling your Gas Station or Hotel and we can also Give you our Expert opinion of the Value of Your Gas Station or Hotel.









*Commercial Real estate and investment adviser*

Shell Mobil EXXON TEXACO Chevron VALERO Holiday Inn Express & Suites Hampton Inn COURTYARD Marriott

**7412 Elsie Avenue, Sacramento CA 95828**

"Honesty and Experience make the Difference"
www.buyorsellgasstationsandhotels.com



# A & S

## Auto Repair & Services

## Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਧਰਤੀ ਰੋਵੇ ਜ਼ਾਰੋ-ਜ਼ਾਰ, ਕੋਈ ਕਰੇ ਨਾ ਇਸ ਨੂੰ ਪਿਆਰ!



ਗੁਰਮੀਤ ਸਿੰਘ ਪਲਾਹੀ
91-98158-02070

**ਹੁਣ ਵਾਤਾਵਰਣ ਚਿੰਤਕ ਵਿਕਾਸ ਦੇ ਨਾਮ ਉੱਤੇ ਹੋਣ ਵਾਲੇ ਹਰ ਕਿਸਮ ਦੇ ਕੰਮਾਂ ਨੂੰ ਰੋਕ ਦੇਣ ਲਈ ਉਤਾਰੂ ਹਨ। ਦੂਜੇ ਪਾਸੇ ਸਰਕਾਰ ਅਤੇ ਉਸ ਦੇ ਨੀਤੀਕਾਰ ਇਸ ਗੱਲ ਨੂੰ ਮੰਨਣ ਨੂੰ ਤਿਆਰ ਹੀ ਨਹੀਂ ਹਨ। ਅਤੇ ਫਿਰ ਬਹਿਸ ਦੀ ਦਿਸ਼ਾ ਵਿਕਾਸ ਬਨਾਮ ਵਾਤਾਵਰਣ/ ਧਰਤੀ 'ਤੇ ਟਿੱਕ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਸਾਨੂੰ ਦੋਹਾਂ ਤਰ੍ਹਾਂ ਦੇ ਫਜ਼ੂਲ ਵਿਵਾਦ ਤੋਂ ਬਚਣਾ ਹੋਵੇਗਾ। ਸੁਰੱਖਿਅਤ ਧਰਤੀ ਅਤੇ ਇਸ ਦਾ ਵਾਤਾਵਰਣ ਵੀ ਚਾਹੀਦਾ ਹੈ, ਤਾਂ ਬਿਹਤਰ ਜੀਵਨ ਦੇ ਸਾਰੇ ਰਸਤੇ ਬਣਾਉਣੇ ਹੋਣਗੇ। ਅਸਲ 'ਚ ਅਸੀਂ ਗੰਭੀਰ ਬਹਿਸ ਤੋਂ ਵਾਰ-ਵਾਰ ਕਤਰਾਉਂਦੇ ਹਾਂ ਕਿ ਸਾਡੇ ਵਿਕਾਸ ਦੀ ਸੀਮਾ ਕੀ ਹੋਵੇ, ਤਾਂ ਕਿ ਉਸ ਤੋਂ ਅੱਗੇ ਨੀਤੀ ਜਾਂ ਯੋਜਨਾਕਾਰ ਨਾ ਸੋਚਣ। ਵਾਤਾਵਰਣ ਪ੍ਰੇਮੀ ਇਸ ਸੀਮਾ ਤੱਕ ਨੀਤੀਕਾਰਾਂ ਦਾ ਸਾਥ ਦਿੰਦਿਆਂ ਸੁਰੱਖਿਆ ਦੇ ਢੰਗ-ਤਰੀਕਿਆਂ ਨੂੰ ਵੀ ਇਸ ਨਾਲ ਜੋੜ ਦੇਂਦੇ ਹਨ। ਅਸਲ ਵਿੱਚ ਝਗੜੇ ਦੀਆਂ ਮੌਜੂਦਾ ਹਾਲਤਾਂ ਨੇ ਬਹੁਤ ਸਾਰੇ ਜਨਹਿੱਤ ਦੇ ਫ਼ੈਸਲਿਆਂ ਨੂੰ ਅਟਕਾ ਦਿੱਤਾ ਹੈ।**

**ਮੂਲ : ਅਨਿਲ ਪ੍ਰਕਾਸ਼ ਜੋਸ਼ੀ**
**ਅਨੁਵਾਦ : ਗੁਰਮੀਤ ਪਲਾਹੀ**

ਧਰਤੀ ਬਹੁਤ ਕੁਝ ਕਹਿਣਾ ਚਾਹੁੰਦੀ ਹੈ, ਪਰ ਅਸੀਂ ਸੁਣਨਾ ਹੀ ਨਹੀਂ ਚਾਹੁੰਦੇ। ਇਸ ਨਾ ਸੁਣਨ ਦੀ ਜ਼ਿਦ ਦੇ ਪਿੱਛੇ ਕਾਰਨ ਸਾਡੀ ਚਮਕ-ਦਮਕ ਭਰੀ ਜੀਵਨ ਸ਼ੈਲੀ ਹੈ, ਜਿਸ ਵਿੱਚ ਜ਼ਰੂਰਤਾਂ ਏਨੀਆਂ ਵਧ ਗਈਆਂ ਹਨ ਕਿ ਸਾਡੇ ਲਈ ਹੁਣ ਵਾਪਸ ਪਰਤਣਾ ਅਸੰਭਵ ਜਿਹਾ ਲੱਗ ਰਿਹਾ ਹੈ, ਭਾਵ ਸਾਡੀਆਂ ਜ਼ਰੂਰਤਾਂ ਵਧਦੀਆਂ ਹੀ ਜਾ ਰਹੀਆਂ ਹਨ। ਅਸੀਂ ਪਿਛਲੇ 30-40 ਸਾਲਾਂ ਤੋਂ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਇਸ ਦਿਖਾਵੇ ਦੇ ਕਾਰਨ ਆਪਾਂ ਕੁਝ ਖੋਹ ਲਿਆ ਹੈ। ਇਸ ਲਈ ਵਿਸ਼ਵ-ਪੱਧਰੀ ਬਹਿਸ ਦੀ ਸ਼ੁਰੂਆਤ ਹੋਈ, ਜਿਸ ਵਿੱਚ ਸਟਾਕਹੋਮ ਦੀ ਬੈਠਕ ਖ਼ਾਸ ਰਹੀ। ਫਿਰ ਜਿਵੇਂ-ਜਿਵੇਂ ਹਾਲਾਤ ਵਿਗੜਦੇ ਗਏ, ਉਵੇਂ-ਉਵੇਂ ਬੈਠਕਾਂ ਵਿੱਚ ਤੇਜ਼ੀ ਆਉਂਦੀ ਗਈ ਅਤੇ ਲੱਗਭੱਗ ਚਾਰ ਦਹਾਕੇ ਇਹ ਬੈਠਕਾਂ ਕਰਨ ਵਿੱਚ ਹੀ ਲੰਘ ਗਏ। ਜੇਕਰ ਉਸ ਸਮੇਂ ਧਰਤੀ ਨੂੰ ਬਚਾਉਣ ਲਈ ਠੋਸ ਕਦਮ ਚੁੱਕੇ ਜਾਂਦੇ, ਤਾਂ ਸ਼ਾਇਦ ਅੱਜ ਇਹ ਹਾਲਤ ਨਾ ਹੁੰਦੀ। ਹਾਲਾਤ ਵਿਗੜਨ ਦੀ ਰਫ਼ਤਾਰ ਏਨੀ ਤੇਜ਼ ਸੀ ਕਿ ਵਧਦੀ ਹੀ ਚਲੀ ਗਈ।

ਹੁਣ ਜ਼ਰਾ ਧਰਤੀ ਦੇ ਗਹਿਣੇ ਜੰਗਲਾਂ ਵੱਲ ਨਜ਼ਰ ਮਾਰੀਏ। ਇਨ੍ਹਾਂ 'ਚ ਭਾਰੀ ਕਮੀ ਆਈ ਹੈ। ਉਦਯੋਗਿਕ ਕਰਾਂਤੀ ਤੋਂ ਪਹਿਲਾਂ ਧਰਤੀ ਉੱਤੇ ਛੇ ਅਰਬ ਹੈਕਟੇਅਰ ਖੇਤਰਫਲ ਵਿੱਚ ਜੰਗਲ ਸਨ, ਜੋ ਘਟ ਕੇ ਚਾਰ ਅਰਬ ਹੈਕਟੇਅਰ ਰਹਿ ਗਏ ਹਨ। ਜੇਕਰ ਆਈ ਯੂ ਸੀ ਐੱਨ (ਅੰਤਰ-ਰਾਸ਼ਟਰੀ ਪ੍ਰਕਿਰਤੀ ਸੁਰੱਖਿਆ ਸੰਘ) ਦੀ 'ਰੈੱਡ ਲਿਸਟ' (ਖ਼ਤਰੇ ਦੇ ਨਿਸ਼ਾਨ ਵਾਲੀ ਲਿਸਟ) ਦੇਖੀਏ ਤਾਂ ਪਤਾ ਲੱਗੇਗਾ ਕਿ 2012 ਤੱਕ ਪੌਦਿਆਂ ਦੀਆਂ 121 ਅਤੇ ਜੀਵ-ਜੰਤੂਆਂ ਦੀਆਂ 737 ਪ੍ਰਜਾਤੀਆਂ ਲੱਗਭੱਗ ਖ਼ਤਮ ਹੋ ਗਈਆਂ ਹਨ। ਇਹੋ ਨਹੀਂ, ਜੀਵ- ਜੰਤੂਆਂ ਦੀਆਂ 2261 ਪ੍ਰਜਾਤੀਆਂ ਦੀ ਹੋਂਦ ਖ਼ਤਰੇ 'ਚ ਹੈ। ਆਈ ਯੂ ਸੀ ਐੱਨ ਦੇ ਮੁਤਾਬਕ ਦੁਨੀਆ ਦੀਆਂ ਲੱਗਭੱਗ ਗਿਆਰਾਂ ਫ਼ੀਸਦੀ ਪ੍ਰਜਾਤੀਆਂ ਖ਼ਤਰੇ ਦੇ ਕਗਾਰ 'ਤੇ ਹਨ ਅਤੇ ਇਸ ਸਭ ਦਾ ਵੱਡਾ ਕਾਰਨ ਧਰਤੀ ਦੀਆਂ ਪਰਸਥਿਤੀਆਂ 'ਚ ਬਦਲਾਅ ਦਾ ਆਉਣਾ ਹੈ।

ਹਵਾ ਬਿਨਾਂ ਜੀਵਨ ਸੰਭਵ ਨਹੀਂ ਹੈ। ਵਿਸ਼ਵ ਸਿਹਤ ਸੰਗਠਨ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ ਦੁਨੀਆ ਦੇ 92 ਫ਼ੀਸਦੀ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਹਵਾ ਪ੍ਰਦੂਸ਼ਣ ਦੀ ਲਪੇਟ ਵਿੱਚ ਹਨ ਅਤੇ ਹਰ ਵਰ੍ਹੇ 30 ਲੱਖ ਲੋਕ ਇਸ ਦੇ ਕਾਰਨ ਮਰਦੇ ਵੀ ਹਨ। ਇਸੇ ਤਰ੍ਹਾਂ ਦੁਨੀਆ ਦੀਆਂ ਲੱਗਭੱਗ ਅੱਧੀਆਂ ਨਦੀਆਂ ਕਿਸੇ ਨਾ ਕਿਸੇ ਸੰਕਟ ਵਿੱਚੋਂ ਲੰਘ ਰਹੀਆਂ ਹਨ। ਸਾਰੀਆਂ ਚੀਜ਼ਾਂ ਦੀ ਗੁਣਵੱਤਾ ਅਤੇ ਮਾਤਰਾ ਤੇਜ਼ੀ ਨਾਲ ਘਟ ਰਹੀ ਹੈ। ਸਾਡੇ ਦੇਸ਼ ਦੀਆਂ 70 ਫ਼ੀਸਦੀ ਤੋਂ ਜ਼ਿਆਦਾ ਨਦੀਆਂ ਮਰਨ ਕੰਢੇ ਹਨ। ਅੰਤਰ-ਰਾਸ਼ਟਰੀ ਜਲ ਸੰਸਾਧਨ ਦੇ ਅਨੁਸਾਰ ਲੱਗਭੱਗ 1.2 ਅਰਬ ਲੋਕ ਭੌਤਿਕ ਤੌਰ 'ਤੇ ਪਾਣੀ ਦੇ ਸੰਕਟ ਵਿੱਚ ਹਨ ਅਤੇ 1.6 ਅਰਬ ਲੋਕ ਆਰਥਿਕ ਤੌਰ 'ਤੇ ਪਾਣੀ ਦੇ ਸੰਕਟ 'ਚ ਹਨ ਅਤੇ ਇਹ ਸੰਖਿਆ ਦਿਨੋ-ਦਿਨ ਵਧਦੀ ਜਾ ਰਹੀ ਹੈ। ਦੁਨੀਆ 'ਚ ਅੱਜ ਵੀ 78 ਕਰੋੜ ਲੋਕ ਸ਼ੁੱਧ ਪਾਣੀ ਤੋਂ ਵਿਰਵੇ ਹਨ। ਲੱਗਭੱਗ 25 ਲੱਖ ਲੋਕਾਂ ਦੀ ਮੌਤ ਪ੍ਰਦੂਸ਼ਤ ਪਾਣੀ ਨਾਲ ਹੁੰਦੀ ਹੈ। ਮਿੱਟੀ ਦਾ ਵੀ ਬੁਰਾ ਹਾਲ ਹੈ। ਪਿਛਲੇ ਡੇਢ ਸੌ ਸਾਲਾਂ ਵਿੱਚ 50 ਪ੍ਰਤੀਸ਼ਤ ਧਰਤੀ ਦੀ ਸਤਹ ਦੀ ਮਿੱਟੀ ਨੂੰ ਖੋਰਾ ਲੱਗਿਆ ਹੈ, ਜਿਸ ਦੀ ਮਾਤਰਾ 75 ਅਰਬ ਟਨ ਹੈ। ਮਿੱਟੀ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਲਈ ਹਰ ਕਿਸਮ ਦੇ ਬਨਾਉਟੀ ਤੱਤਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਸਾਡੇ ਸਾਰਿਆਂ ਲਈ ਹਾਨੀਕਾਰਕ ਸਿੱਧ ਹੋ ਰਹੇ ਹਨ।

ਇਨ੍ਹਾਂ ਵਿਗੜਦੀਆਂ ਹਾਲਤਾਂ ਵਿੱਚ ਇੱਕ ਸੰਵੇਦਨਸ਼ੀਲ ਅਮਰੀਕੀ ਸਾਂਸਦ ਨੇ ਕਲਪਨਾ ਕਰ ਕੇ ਇਹ ਯਾਦ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਧਰਤੀ ਸਾਡਾ ਧਿਆਨ ਆਪਣੇ ਵਿਗੜਦੇ ਹਾਲਾਤ ਵੱਲ ਖਿੱਚਣਾ ਚਾਹੁੰਦੀ ਹੈ। ਇਸ ਵੱਡੀ ਪਹਿਲ ਲਈ ਦੁਨੀਆ ਦੇ 177 ਦੇਸ਼ ਸਿਰਫ਼ 'ਧਰਤੀ ਦਿਹਾੜਾ' ਜਾਂ ਹੋਰ ਦਿਹਾੜੇ ਮਨਾਉਣ ਦੀ ਖਾਨਾਪੂਰੀ ਕਰਨ ਦਾ ਫਰਜ਼ ਨਿਭਾਉਂਦੇ ਹਨ, ਪਰ ਹਾਲਾਤ ਟੱਸ ਤੋਂ ਮੱਸ ਨਹੀਂ ਹੁੰਦੇ, ਉਵੇਂ ਹੀ ਬਣੇ ਹੋਏ ਹਨ। ਸਾਡੇ ਵਿਕਾਸ ਦੇ ਸਾਰੇ ਕੰਮ ਹਵਾ, ਮਿੱਟੀ, ਪਾਣੀ, ਜੰਗਲ ਅਤੇ ਆਕਾਸ਼ ਸਭ ਨੂੰ ਬਰਬਾਦ ਕਰਨ ਦਾ ਕਾਰਨ ਬਣ ਰਹੇ ਹਨ, ਤਾਂ ਇਹੋ ਜਿਹੇ ਹਾਲਾਤ 'ਚ ਇੱਕ ਦਿਨ ਧਰਤੀ ਦਾ ਬੰਜਰ ਹੋਣਾ ਲਾਜ਼ਮੀ ਹੈ, ਕਿਉਂਕਿ ਇਨ੍ਹਾਂ ਸਭਨਾਂ ਉੱਤੇ ਚੋਟ ਦਾ ਸਿੱਧਾ ਅਰਥ ਆਪਣੀ ਹੀ ਜਾਨ ਨੂੰ ਜੋਖ਼ਿਮ 'ਚ ਪਾਉਣਾ ਹੈ ਅਤੇ ਖ਼ੁਦਕੁਸ਼ੀ ਕਰਨਾ ਹੈ।

ਹੁਣ ਵਾਤਾਵਰਣ ਚਿੰਤਕ ਵਿਕਾਸ ਦੇ ਨਾਮ ਉੱਤੇ ਹੋਣ ਵਾਲੇ ਹਰ ਕਿਸਮ ਦੇ ਕੰਮਾਂ ਨੂੰ ਰੋਕ ਦੇਣ ਲਈ ਉਤਾਰੂ ਹਨ। ਦੂਜੇ ਪਾਸੇ ਸਰਕਾਰ ਅਤੇ ਉਸ ਦੇ ਨੀਤੀਕਾਰ ਇਸ ਗੱਲ ਨੂੰ ਮੰਨਣ ਨੂੰ ਤਿਆਰ ਹੀ ਨਹੀਂ ਹਨ। ਅਤੇ ਫਿਰ ਬਹਿਸ ਦੀ ਦਿਸ਼ਾ ਵਿਕਾਸ ਬਨਾਮ ਵਾਤਾਵਰਣ/ ਧਰਤੀ 'ਤੇ ਟਿੱਕ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਸਾਨੂੰ ਦੋਹਾਂ ਤਰ੍ਹਾਂ ਦੇ ਫਜ਼ੂਲ ਵਿਵਾਦ ਤੋਂ ਬਚਣਾ ਹੋਵੇਗਾ।

ਸੁਰੱਖਿਅਤ ਧਰਤੀ ਅਤੇ ਇਸ ਦਾ ਵਾਤਾਵਰਣ ਵੀ ਚਾਹੀਦਾ ਹੈ, ਤਾਂ ਬਿਹਤਰ ਜੀਵਨ ਦੇ ਸਾਰੇ ਰਸਤੇ ਬਣਾਉਣੇ ਹੋਣਗੇ। ਅਸਲ 'ਚ ਅਸੀਂ ਗੰਭੀਰ ਬਹਿਸ ਤੋਂ ਵਾਰ-ਵਾਰ ਕਤਰਾਉਂਦੇ ਹਾਂ ਕਿ ਸਾਡੇ ਵਿਕਾਸ ਦੀ ਸੀਮਾ ਕੀ ਹੋਵੇ, ਤਾਂ ਕਿ ਉਸ ਤੋਂ ਅੱਗੇ ਨੀਤੀ ਜਾਂ ਯੋਜਨਾਕਾਰ ਨਾ ਸੋਚਣ। ਵਾਤਾਵਰਣ ਪ੍ਰੇਮੀ ਇਸ ਸੀਮਾ ਤੱਕ ਨੀਤੀਕਾਰਾਂ ਦਾ ਸਾਥ ਦਿੰਦਿਆਂ ਸੁਰੱਖਿਆ ਦੇ ਢੰਗ-ਤਰੀਕਿਆਂ ਨੂੰ ਵੀ ਇਸ ਨਾਲ ਜੋੜ ਦੇਂਦੇ ਹਨ। ਅਸਲ ਵਿੱਚ ਝਗੜੇ ਦੀਆਂ ਮੌਜੂਦਾ ਹਾਲਤਾਂ ਨੇ ਬਹੁਤ ਸਾਰੇ ਜਨਹਿੱਤ ਦੇ ਫ਼ੈਸਲਿਆਂ ਨੂੰ ਅਟਕਾ ਦਿੱਤਾ ਹੈ।

ਦੂਸਰਾ ਵੱਡਾ ਸਵਾਲ, ਜੋ ਜ਼ਿਆਦਾ ਗੰਭੀਰ ਹੈ, ਕਿ ਦੁਨੀਆ ਦੀ ਅੱਧੀ ਆਬਾਦੀ ਹੁਣ ਵੀ ਵਿਕਾਸ ਦੀ ਨਵੀਂ ਰੌਸ਼ਨੀ ਤੋਂ ਵੰਚਿਤ ਹੈ। ਅਸੀਂ ਨਵੀਆਂ-ਨਵੀਆਂ ਖੋਜਾਂ ਨਾਲ ਪਹਿਲਾਂ ਹੀ ਵੱਡੇ ਠਾਠ-ਬਾਠ ਨਾਲ ਰਹਿ ਰਹੀ ਆਬਾਦੀ ਨੂੰ ਹੋਰ ਰਿਝਾਉਣ 'ਤੇ ਲੱਗੇ ਹੋਏ ਹਾਂ, ਜਦੋਂ ਕਿ ਇੱਕ ਵੱਡਾ ਤਬਕਾ ਅੱਜ ਵੀ ਮੁੱਢਲੀਆਂ ਲੋੜਾਂ ਤੋਂ ਦੂਰ ਹੈ। ਨੀਤੀਕਾਰਾਂ ਅਤੇ ਵਾਤਾਵਰਣ ਚਿੰਤਕਾਂ ਨੂੰ ਇਨ੍ਹਾਂ ਦੇ ਹੱਕਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ, ਤਾਂ ਕਿ ਉਨ੍ਹਾਂ ਨੂੰ ਬਿਹਤਰ ਜੀਵਨ ਮਿਲ ਸਕੇ ਅਤੇ ਇਸ ਖ਼ਾਸ ਵਰਗ ਦੇ ਵਿਲਾਸਤਾ ਦੇ ਵਧਦੇ ਅੰਨ੍ਹੇਵਾਹ ਰੁਝਾਨਾਂ ਉੱਤੇ ਰੋਕ ਲੱਗ ਸਕੇ। ਧਰਤੀ ਸਭ ਦੀ ਹੈ ਅਤੇ ਇਹ ਸਾਰਿਆਂ ਨੂੰ ਬਰਾਬਰ ਦਾ ਜੀਵਨ ਜਿਉਣ ਦਾ ਹੱਕ ਦਿੰਦੀ ਹੈ। ਇਹ ਮਨੁੱਖ ਰਾਹੀਂ ਬਣਾਈ ਕੋਈ ਨਾ-ਬਰਾਬਰੀ ਹੈ, ਜਿਸ ਵਿੱਚ ਮੁੱਠੀ ਭਰ ਲੋਕ ਆਪਣੇ ਸੁੱਖਾਂ ਲਈ ਬਾਕੀ ਲੋਕਾਂ ਦਾ ਤ੍ਰਿਸਕਾਰ ਕਰਦੇ ਹਨ। ਜੇਕਰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਬਚਾਅ ਕੇ ਰੱਖਣਾ ਹੈ ਤਾਂ ਵਿਕਾਸ ਦੀ ਇੱਕ ਇਹੋ ਜਿਹੀ ਰੇਖਾ ਖਿੱਚਣੀ ਪਵੇਗੀ ਕਿ ਧਰਤੀ ਉੱਤੇ ਰਹਿਣ ਵਾਲੇ ਮਨੁੱਖਾਂ ਦਾ ਭਵਿੱਖ ਸੁਰੱਖਿਅਤ ਰਹੇ। ਕੁਝ ਸਮੇਂ ਤੋਂ ਸਾਨੂੰ ਧਰਤੀ ਦੇ ਵਿਹਾਰ ਦੇ ਸੰਕੇਤ ਮਿਲ ਰਹੇ ਹਨ। ਸਮੇਂ ਤੋਂ ਪਹਿਲਾਂ ਅੱਤ ਦੀ ਗਰਮੀ, ਸਰਦੀ ਵਿੱਚ ਹੜ੍ਹ, ਮਾਨਸੂਨ ਦੇ ਮੌਸਮ ਦੌਰਾਨ ਸੋਕਾ,- ਇਹ ਸਾਰਾ ਕੁਝ ਧਰਤੀ ਦੀ ਪੀੜ ਦੇ ਚਿੰਨ੍ਹ ਹਨ। ਇਹ ਪੂਰੀ ਦੁਨੀਆ 'ਚ ਹੋ ਰਿਹਾ ਹੈ। ਮਤਲਬ ਸਾਫ਼ ਹੈ ਕਿ ਧਤਰੀ ਜਿਉਣ ਦਾ ਸਾਧਨ ਹੈ, ਨਾ ਕਿ ਵਿਲਾਸਤਾਵਾਂ ਦਾ। ਇਸ ਨੂੰ ਸਿਰਫ਼ ਜ਼ਰੂਰਤਾਂ ਲਈ ਹਵਸ ਦਾ ਸ਼ਿਕਾਰ ਬਣਾਉਣਾ ਅਨਰਥ ਹੋਵੇਗਾ। ਅਸੀਂ ਧਰਤੀ ਨੂੰ ਆਰਥਿਕ ਵਿਕਾਸ ਦਾ ਮੰਚ ਸਮਝਿਆ ਹੈ ਅਤੇ ਜੀ ਡੀ ਪੀ ਦੀ ਚਮਕ ਵਿੱਚ ਅਸੀਂ ਇਸ ਦੇ ਸ਼ੋਸ਼ਣ ਵਿੱਚ ਜੁੱਟੇ ਹੋਏ ਹਾਂ, ਕਿਉਂਕਿ ਵਿਗੜਦੇ ਵਾਤਾਵਰਣ ਦਾ ਬਿਉਰਾ ਦੇਣ ਵਾਲਾ ਕੋਈ ਸੰਕੇਤਕ ਪੈਮਾਨਾ ਸਾਡੇ ਕੋਲ ਨਹੀਂ ਹੈ। ਜੀ ਡੀ ਪੀ ਬਾਰੇ ਭਰਮਾਂ 'ਚ ਪਈਆਂ ਸਰਕਾਰਾਂ ਅਤੇ ਸਮਾਜ ਨੂੰ ਜੀਣ ਦੇ ਰਸਤੇ ਯਾਦ ਕਰਾਉਣ ਦੀ ਲੋੜ ਹੈ, ਜਿਹੜੇ ਹਵਾ, ਪਾਣੀ ਅਤੇ ਧਰਤੀ ਦੀ ਬਿਹਤਰੀ 'ਤੇ ਟਿਕੇ ਹੋਏ ਹਨ ਅਤੇ ਇਸ ਦੇ ਲਈ ਜੀ ਡੀ ਪੀ ਦੇ ਸਮਾਂਤਰ ਜੀ ਈ ਪੀ (ਗਰੌਸ ਇਨਵਾਇਰਨਮੈਂਟ ਪ੍ਰੋਡਕਸ਼ਨ) ਜਿਹੇ ਸੰਕੇਤਕ ਪੈਮਾਨੇ ਅਪਨਾਉਣੇ ਪੈਣਗੇ, ਤਾਂ ਕਿ ਅੱਛੀ ਹਵਾ, ਸ਼ੁੱਧ ਪਾਣੀ ਹੀ ਪਹਿਲ ਬਣੀ ਰਹੇ। ਜਦੋਂ ਤੱਕ ਧਰਤੀ ਆਪਣੀ ਮੌਲਿਕ ਧੁਰੀ ਉੱਤੇ ਨਹੀਂ ਘੁੰਮਦੀ ਰਹੇਗੀ, ਤਦ ਤੱਕ ਭੌਤਿਕ ਸੁਖ ਟਿਕਾਊ ਨਹੀਂ ਹੋ ਸਕਦੇ।



ਹਰਿਆਣਾ ਸਰਕਾਰ ਨੇ 1994 ਬੈਚ ਦੇ ਵਾਲਮੀਕੀ ਸਮਾਜ ਦੇ ਆਈ. ਪੀ. ਐਸ. ਅਧਿਕਾਰੀ ਸ੍ਰੀ ਬੀ. ਐਸ. ਸੰਧੂ ਨੂੰ ਡੀ. ਜੀ. ਪੀ. ਬਣਾਇਆ ਹੈ। ਹਰਿਆਣਾ ਸਰਕਾ ਨੂੰ ਵਾਲਮੀਕ ਸਮਾਜ ਵੱਲੋਂ ਵਧਾਈ।

## ਕੀ ਇਹ ਸੱਚ ਨਹੀਂ?



ਉਹੀ ਮਰਦ ਇਤਿਹਾਸ ਵਿਚ ਦਰਜ ਹੁੰਦਾ
ਜਿਹੜਾ ਕੁਫਰ ਦੇ ਸਾਹਮੇਂ ਨਾ ਝੁਕਿਆ ਐ।

ਰਾਜ-ਮੱਦ ਦੇ ਨਸ਼ੇ ਵਿਚ ਅੱਤ ਚੁੱਕੇ
ਸਮਝੋ ਅੰਤ ਨੇੜੇ ਉਸਦਾ ਢੁੱਕਿਆ ਐ।

ਬੇਈਮਾਨ ਕਈ ਛਾਂਗਦੇ ਗਏ ਏਥੋਂ
ਇਮਾਨਦਾਰੀ ਦਾ ਬੂਟਾ ਨਾ ਸੁੱਕਿਆ ਐ।

ਖੁੱਸੇ ਅਹੁਦੇ ਦੀ ਤੜਪ ਹੀ ਬੋਲਦੀ ਏ
ਜਦ ਵੀ ਕੁਰਸੀ ਤੋਂ ਲਿਹਾ ਕੋਈ ਬੁੱਕਿਆ ਐ।

ਸਭ ਕੁਝ ਵੇਖਦੇ ਹੁੰਦੇ ਨੇ ਲੋਕ ਸਾਰੇ
ਸੱਚ ਚੋਰਾਂ ਬੇਈਮਾਨਾਂ ਤੋਂ ਠੁਕਿਆ ਐ।

ਮੂੰਹ ਉਸੇ ਦਾ ਲਿੱਬੜਿਆ ਆਪਣਾ ਹੀ
ਅੱਜ ਤੱਕ ਜਿਹਨੇ ਵੀ ਚੰਦ 'ਤੇ ਥੁੱਕਿਆ ਐ!

**-ਤਰਲੋਚਨ ਸਿੰਘ 'ਦੁਪਾਲਪੁਰ'**
**001-408-915-1268**

# ਪਾਣੀ ਨੂੰ ਤਰਸਦੇ ਨਰਮਦਾ ਯੋਜਨਾ ਦੇ ਵਾਸ਼ਿੰਦੇ



**- ਨਿਰਮਲ ਚੌਹਾਨ**
**91-94631- 61691**

ਸੰਘੇੜਾ (ਗੁਜਰਾਤ) ਇਹ ਨਰਮਦਾ ਯੋਜਨਾ ਵਿਸਥਾਪਿਤ ਪਰਿਵਾਰਾਂ ਦੀਆਂ ਔਰਤਾਂ ਹਨ। ਪਿਆਸ ਸ਼ਾਂਤ ਕਰਨ ਦੇ ਲਈ ਹਰ ਰੋਜ਼ ਇੰਨਾ



ਨੂੰ ਇਕ ਕਿਲੋਮੀਟਰ ਤੱਕ ਪੈਦਲ ਯਾਤਰਾ ਕਰਨੀ ਪੈਂਦੀ ਹੈ। ਜਾਨ ਮੁਸੀਬਤ ਵਿਚ ਪਾ ਕੇ ਨਰਮਦਾ ਲਹਿਰ ਯੋਜਨਾ ਦੀ ਨਹਿਰ ਤੋਂ ਪਾਣੀ ਭਰਨਾ ਪੈਂਦਾ ਹੈ। ਨਹਿਰ ਢਲਾਣ ਵਾਲੀ ਹੈ। ਇਹ ਪਰਿਵਾਰ ਉਸ ਯੋਜਨਾ ਦੇ ਚਲਦੇ ਵਿਸਥਾਪਿਤ ਹੋਏ ਹਨ, ਜੋ ਯੋਜਨਾ ਰਾਜ ਦੇ ਕੱਛ-ਸੋਰਾਸ਼ਟਰ ਅੰਚਲ ਦੇ ਲੱਖਾਂ ਪਰਿਵਾਰਾਂ ਤੱਕ ਪਾਣੀ ਪਹੁੰਚਾਉਂਦੀ ਹੈ। ਇਹਨਾਂ ਨੂੰ ਸੰਘੇੜਾ ਤਹਿਸੀਲ ਵਿਚ ਵਸਾਇਆ ਗਿਆ ਹੈ। 800 ਨਾਲੋਂ ਵੱਧ ਲੋਕਾਂ ਦੀ ਇਸ ਬਸਤੀ ਵਿਚ ਇਕ ਟੈਂਕਰ ਹੀ ਪਾਣੀ ਆਉਂਦਾ ਹੈ ਜੋ ਕਾਫੀ ਨਹੀਂ ਹੈ। ਇਸੇ ਲਈ ਇਹਨਾਂ ਔਰਤਾਂ ਨੂੰ ਇਉਂ ਹੀ ਖਤਰਾ ਮੁੱਲ ਲੈਣਾ ਪੈਂਦਾ ਹੈ।

### ਮੱਧ ਪ੍ਰਦੇਸ਼- ਤਲਾਬ ਦਾ ਗੰਧਲਾ ਪਾਣੀ ਸਾਫ ਕਰਨ ਦਾ ਦੇਸੀ ਜੁਗਾੜ



ਧਾਰ (ਮੱਧ ਪ੍ਰਦੇਸ਼)- ਤਿਰਨਾ ਵਿਕਾਸਖੰਡ ਦੇ ਜੰਗਲ ਦਾ ਪਿੰਡ ਕਾਲਾਪਾਠਾ (ਪਹਾੜੀ ਤੇ ਵੱਸੇ ਇਸ ਪਿੰਡ ਦਾ ਤਲਾਬ ਦੋ ਮਹੀਨੇ ਪਹਿਲਾਂ ਸੁੱਕ ਗਿਆ ਸੀ ਪਰ ਪਹਾੜੀ ਦੇ ਥੱਲੇ ਕਰੀਬ 2 ਕਿਲੋਮੀਟਰ ਦੂਰ ਦੇ ਹਰਸਿੰਘੀ ਤਲਾਬ ਵਿਚ ਪਾਣੀ ਹੈ। ਇਕ ਮਹੀਨੇ ਪਹਿਲਾਂ ਪਿੰਡ ਦੇ ਬੰਸ਼ੀਲਾਲ ਜਾਮਨਿਆ ਨੇ ਖੇਤ ਦੀ ਮੋਟਰ ਅਤੇ ਪਾਈਪ ਲਗਾ ਕੇ ਇੱਥੋਂ ਪਾਣੀ ਦੋ ਕਿਲੋਮੀਟਰ ਦੂਰ ਉਚਾਈ ਤੇ ਚੜ੍ਹਾਇਆ। ਪਾਣੀ ਮਿੱਟੀ ਰੰਗਾ ਹੋਇਆ ਤਾਂ ਲੋਕਾਂ ਨੇ ਆਲੇ-ਦੁਆਲੇ ਟੋਏ ਪੁੱਟ ਕੇ ਸਾਫ ਕੱਢਣ ਦਾ ਦੇਸੀ ਤਰੀਕਾ ਜੁਗਾੜ ਲਿਆ।

### ਖੁਦ ਹਨੇਰੇ ਵਿਚ ਭਟਕੇ ਤਾਂ ਦ੍ਰਿਸ਼ਟੀਹੀਣਾਂ ਦੇ ਲਈ ਖੋਲ੍ਹਿਆ ਮੁਫਤ ਸਕੂਲ

ਨੇਤਰਹੀਣ ਹੋਣ ਦੇ ਕਾਰਨ ਜ਼ਿੰਦਗੀ ਵਿਚ ਆਈਆਂ ਮੁਸ਼ਕਿਲਾਂ ਨੂੰ ਦੇਖ ਕੇ ਦੋ ਦੋਸਤਾਂ, ਨੇਤਰਹੀਣ ਦੋਸਤਾਂ ਨੇ ਦੂਜੇ ਨੇਤਰਹੀਣਾਂ ਦਾ ਜੀਵਨ ਬਦਲਣ ਦਾ ਇਰਾਦਾ ਕੀਤਾ। ਉਹਨਾਂ ਦੀ ਇਹ ਜ਼ਿੱਦ ਸੀ ਕਿ ਬਿਨਾਂ ਸਰਕਾਰੀ ਮਦਦ ਦੇ ਦੋ ਦੋਸਤਾਂ ਨੇ ਨੇਤਰਹੀਣਾਂ ਦੇ ਲਈ ਮੁਕਤਸਰ ਵਿਚ 'ਪ੍ਰਕਾਸ਼ ਟੂ ਉਜਾਲਾ' ਨਾਂ ਦਾ







ਇਕ ਮੁਫਤ ਸਕੂਲ ਚਲਾ ਦਿੱਤਾ। ਅੱਜ ਇਸ ਸਕੂਲ ਵਿਚ 13 ਵਿਦਿਆਰਥੀ ਬ੍ਰੇਲ ਲਿਪੀ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ। 2008 ਵਿਚ ਚੰਡੀਗੜ੍ਹ ਵਿਖੇ ਨੇਤਰਹੀਣਾਂ ਦੇ ਹੱਕਾਂ ਦੇ ਲਈ ਚੱਲ ਰਹੀ ਹੜਤਾਲ ਵਿਚ ਗੁਰਭਿੰਦਰ ਸਿੰਘ ਅਤੇ ਸੁਖਦੇਵ ਸਿੰਘ ਮਿਲੇ ਸਨ। ਹੌਲੀ-ਹੌਲੀ ਇਹ ਦੋਸਤੀ ਵਧਦੀ ਗਈ ਅਤੇ ਫਿਰ ਦੋਹਾਂ ਨੇ ਆਪਣੇ ਵਰਗੇ ਦੂਜੇ ਨੇਤਰਹੀਣਾਂ ਦੇ ਲਈ ਇਕ ਮਾਰਚ 2015 ਵਿਚ ਸਕੂਲ ਖੋਲ੍ਹ ਦਿੱਤਾ। ਗੁਰਭਿੰਦਰ ਪੰਚਾਇਤ ਵਿਭਾਗ ਵਿਚ ਦਰਜਾ ਚਾਰ ਮੁਲਾਜ਼ਮ ਹੈ। ਸੁਖਦੇਵ 24 ਘੰਟੇ ਸਕੂਲ ਸੰਭਾਲਦਾ ਹੈ। ਗੁਰਭਿੰਦਰ ਨੇ ਦੱਸਿਆ, ਜਦ ਉਹ ਅੱਠਵੀਂ ਜਮਾਤ ਵਿਚ ਸੀ ਤਾਂ ਉਸ ਨੂੰ ਟਾਈਫਾਈਡ ਹੋ ਗਿਆ ਸੀ, ਜਿਸ ਕਰਕੇ 2002 ਵਿਚ ਉਸ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਜਦ ਕਿ ਸੁਖਦੇਵ ਜਨਮ ਤੋਂ ਹੀ ਨੇਤਰਹੀਣ ਹੈ। ਗੁਰਭਿੰਦਰ ਅਤੇ ਸੁਖਦੇਵ ਦੱਸਦੇ ਹਨ, ਇਸ ਤੋਂ ਪਹਿਲਾਂ ਨੇਤਰਹੀਣ ਬੱਚਿਆਂ ਨੂੰ ਪੜ੍ਹਨ ਦੇ ਲਈ ਰਾਜਸਥਾਨਦੇ ਗੰਗਾਨਗਰ ਜਾਣਾ ਪੈਂਦਾ ਸੀ ਜਾਂ ਫਿਰ ਲੁਧਿਆਣਾ ਵਿਚ ਪੜ੍ਹਾਈ ਕੀਤੀ ਜਾਂਦੀ ਸੀ। ਉਨ੍ਹਾਂ ਨੇ ਦੱਸਿਆ ਕ੍ਰਿ 'ਪ੍ਰਕਾਸ਼ ਟੂ ਉ-ਜਾਲਾ' ਨੇਤਰਹੀਣ ਸਕੂਲ ਵਿਚ ਉਹਨਾਂ ਰਾਹੀਂ ਬੱਚਿਆਂ ਨੂੰ ਖਾਣ-ਪੀਣ ਅਤੇ ਰਿਹਾਇਸ਼ ਮੁਫਤ ਦਿੱਤੀ ਜਾ ਰਹੀ ਹੈ। ਗਰਮੀਆਂ-ਸਰਦੀਆਂ ਦੀਆਂ ਛੁੱਟੀਆਂ ਵਿਚ ਬੱਚੇ ਆਪਣੇ ਮਾਪਿਆਂ ਦੇ ਨਾਲ ਘਰ ਜਾਂਦੇ ਹਨ। ਸਕੂਲ ਦਾ ਮਹੀਨੇ ਦਾ ਖਰਚਾ 50 ਤੋਂ 55 ਹਜ਼ਾਰ ਹੈ। ਉਹਨਾਂ ਦਾ ਮੁੱਖ ਮਕਸਦ ਨੇਤਰਹੀਣ ਬੱਚਿਆਂ ਨੂੰ ਸਮਾਜ ਵਿਚ ਪੂਰੀ ਥਾਂ ਦਿਵਾਉਣਾ ਹੈ। ਬੱਚਿਆਂ ਨੂੰ ਬ੍ਰੇਲ ਲਿੱਪੀ ਰਾਹੀਂ ਪੜ੍ਹਾਈ, ਹੋਰ ਵਿਧੀਆਂ ਰਾਹੀਂ ਗਿਆਨ, ਖੇਡਾਂ ਅਤੇ ਸੰਗੀਤ ਦੀ ਵੀ ਪੂਰੀ ਸਿੱਖਿਆ ਦਿੱਤੀ ਜਾ ਰਹੀ ਹੈ। ਸਕੂਲ ਵਿਚ ਵੱਖ-ਵੱਖ ਅਧਿਆਪਕ ਵੀ ਹਨ।

### ਖੇਤ ਵਿਚ ਬੀਜ ਦਿੱਤੇ 'ਹੈਂਡਪੰਪ' ਤਾਂ ਕਿ ਲੋਕ ਮਹਿਸੂਸ ਕਰਨ ਪਾਣੀ ਦਾ ਸੰਕਟ

ਬੜੋਦਰਾ, ਮਹਾਂਰਾਸ਼ਟਰ ਵਿਚ ਵਿਦਰਭ ਵਿਚ ਪਾਣੀ ਦੀ ਅਥਾਹ ਕਮੀ ਦੇ ਕਾਰਨ ਕਈ ਕਿਸਾਨਾਂ ਨੇ ਮੌਤ ਨੂੰ ਗਲੇ ਲਗਾ ਲਿਆ। ਇਸ ਤੋਂ ਦੁਖੀ ਹੋ ਕੇ ਲੋਕਾਂ ਨੂੰ ਪਾਣੀ ਬਚਾਉਣ ਦੇ ਲਈ ਪ੍ਰੇਰਿਤ ਕਰਨ ਦੇ ਮਕਸਦ ਨਾਲ ਬੜੋਦਰਾ ਦੇ ਫਾਇਨ ਆਰਟਸ (ਸਕਲਪਚਰ) ਦੇ ਵਿਦਿਆਰਥੀ ਪ੍ਰਸੰਨ ਗੋਗਿਲਵਾਰ ਨੇ ਪੀ. ਓ. ਪੀ. ਦੇ ਹੈਂਡਪੰਪ ਦੀਆਂ ਪ੍ਰਕਿਰਤੀਆਂ ਬਣਾ ਕੇ ਇਹਨਾਂ ਨੂੰ ਖੇਤ ਵਿਚ ਇਸ ਤਰ੍ਹਾਂ ਲਗਾਇਆ, ਜਿਵੇਂ ਇਹ ਛੋਟੇ ਹੈਂਡਪੰਪ ਖੇਤ ਵਿਚ ਉਗ ਆਏ ਹੋਣ। ਪਿੰਡ ਵਿਚ ਜਦ ਹੈਂਡਪੰਪ ਦੀ ਕਮੀ ਨਹੀਂ ਹੋਵੇਗੀ। ਪਿੰਡ ਵਿਚ ਲੋਕਾਂ ਨੂੰ ਪਾਣੀ ਦੇ ਸੰਕਟ ਤੋਂ ਬਚਾਉਣ ਲਈ ਉਹਨਾਂ ਨੇ ਇਹ ਯਤਨ ਕੀਤਾ ਹੈ।



# ਸਈਓ ਨੀ! ਇਕ ਬਾਤ ਸੁਣਾਵਾਂ !!



ਐੱਸ ਬਲਵੰਤ
s.balwantuk@yahoo.co.uk

ਦਿੱਲੀ ਵਿਚ ਰਹਿੰਦੀਆਂ ਸਨ ਦੋ ਪਰੀਆਂ!

ਇਕ ਦਾ ਨਾਂਅ ਸੀ ਅੰਮ੍ਰਿਤਾ ਪ੍ਰੀਤਮ। ਉਹ ਸੀ ਉਮਦਾ ਸ਼ਾਇਰਾ। ਸਮਾਜ ਤੋਂ ਬਾਗੀ। ਮਜ਼੍ਹਬਾਂ, ਧਰਮਾਂ ਤੋਂ ਕੋਹਾਂ ਦੂਰ। ਮੁਹੱਬਤ ਦਾ ਮੁਜੱਸਮਾ। ਔਰਤਾਂ ਦੀ ਖੈਰ-ਖੁਆਹ। ਗਜ਼ਬ ਦੀ ਖੂਬਸੂਰਤ। ਸਿਗਰਟਾਂ ਫੂਕਦੀ। ਵਾਈਨ ਦੇ ਗਲਾਸ ਟਕਰਾਉਂਦੀ। ਪੰਜਾਬੀ ਦੀ ਆਧੁਨਿਕ ਸ਼ਾਇਰਾ।ਲਗਪਗ ਸਾਢ੍ਹੇ ਤਿੰਨ ਦਹਾਕੇ "ਨਾਗਮਣੀ" ਪ੍ਰਕਾਸ਼ਿਤ ਕਰਨ ਵਾਲੀ ਪ੍ਰਕਾਸ਼ਕ। "ਅਜ ਆਖਾਂਵਾਰਿਸ ਸ਼ਾਹ ਨੂੰ!" ਵਰਗੀ ਨਜ਼ਮ ਲਿਖਣ ਵਾਲੀ। "ਪਿੰਜਰ", "ਰਸੀਦੀ ਟਿਕਟ", ਤੇ ਹੋਰਬੇਸ਼ੁਮਾਰ ਕਿਤਾਬਾਂ ਲਿਖਣ ਵਾਲੀ ਅੰਮ੍ਰਿਤਾ। ਨੌਜੁਆਨ ਮੁੰਡੇ ਕੁੜੀਆਂ ਦੀ ਦੀਦੀ।

ਦੂਜੀ ਪਰੀ ਦਾ ਨਾਂਅ ਸੀ ਕ੍ਰਿਸ਼ਨਾ ਸੋਬਤੀ। ਚਿੱਟੇ ਪਾਸਪੋਰਟ ਦੀ ਧਾਰਣੀ। ਬੇਬਾਕ । ਥਾਪੀ ਮਾਰ ਕੇ ਸਮਾਜ ਦੇ ਧੁਰ ਅੰਦਰਲੀਆ ਕੁਰੀਤੀਆਂ ਨੂੰ ਵੰਗਾਰਨ ਵਾਲੀ। ਅਥਾਹ ਡੂੰਘੀ ਸੋਚ ਤੇ ਇਤਿਹਾਸ 'ਚ ਖੁੱਭ ਕੇ ਉਸ 'ਚ ਪਈਆਂ ਬਾਰੀਕੀਆਂ ਨੂੰ ਉਧੇੜਨ ਵਾਲੀ। ਔਰਤ-ਮਰਦ ਦਾ ਦੁੱਖ ਮਹਿਸੂਸ ਕਰਕੇ ਆਪਣੇ ਸ਼ਬਦਾਂ ਵਿਚ ਉਸ ਦੁੱਖ ਨੂੰ ਉਕਾਰਨ ਵਾਲੀ। "ਜ਼ਿੰਦਗੀਨਾਮਾ" ਵਰਗੇ ਇਤਿਹਾਸਿਕ ਨਾਵਲ ਦੀ ਜਨਣੀ। "ਮਿਤਰੋ- ਮਰਜਾਣੀ", "ਡਾਰ ਸੇ ਵਿਛੁੜੀ", "ਸੂਰਜਮੁਖੀ- ਅੰਧੇਰੇ ਕੇ", "ਯਾਰੋਂ ਕੇ ਯਾਰ", ਤੇ ਹੋਰ ਬੇਸ਼ੁਮਾਰ ਕ੍ਰਿਤੀਆਂ ਦੀ ਸਿਰਜਣਹਾਰੀ। ਆਪਣੇ ਪੈੱਨ- ਨਾਂਅ "ਹਸ਼ਮਤ" ਹੇਠ ਲਿਖੇ ਤੇ "ਹਮ ਹਸ਼ਮਤ" ਕਿਤਾਬ ਵਿਚ ਛਪੇ ਨਿਰਮਲ ਵਰਮਾ, ਭੀਸ਼ਮ ਸਾਹਨੀ, ਨਾਮਵਰ ਸਿੰਘ ਵਰਗੇ ਕੱਦਾਵਰ ਲੇਖਕਾਂ ਦੇ ਸਕੈਚ ਲਿਖਣ ਵਾਲੀ ਕ੍ਰਿਸ਼ਨਾ ਸੋਬਤੀ।

ਇਨ੍ਹਾਂ 'ਚੋਂ ਕੁਝ ਗੱਲਾਂ ਤਾਂ ਮੈ ਸੁਣੀਆਂ ਸਨ ਲੋਕਾਂ ਦੇ ਮੂੰਹੋਂ ਉਦੋਂ ਜਦੋਂ ਮੇਰੇ ਮੂੰਹ 'ਤੇ ਲੂੰਈਂ-ਲੂਈਂ ਦਾਹੜੀ ਫੁੱਟਣੀ ਸ਼ੁਰੂ ਹੀ ਹੋਈ ਸੀ। ਪਰ ਕਈ ਗੱਲਾਂ ਬਾਅਦ ਦੀਆਂ ਹਨ ਜੋ ਮੈਂਦੇਖੀਆਂ। ਹੰਢਾਈਆਂ। ਇਹੋ ਜਿਹੇ ਕਈ ਕਈ ਹੋਰ ਜੁਮਲੇ ਵੀ ਉੜਦੇ ਸਨ ਉਦੋਂ ਇਨ੍ਹਾਂ ਦੋ ਲੇਖਕਾਵਾਂ ਬਾਰੇ, ਜਦੋਂ ਮੈਂ ਉਨ੍ਹਾਂ ਨੂੰ ਕਾਫ਼ੀ/ਟੀ ਹਾਉਸ ਵਿਖੇ ਕਾਫ਼ੀ ਦੀਆਂ ਚੁਸਕੀਆਂ ਲੈਂਦੇ ਦੇਖਦਾ ਹੁੰਦਾ ਸੀ, ਕਿਉਂਕਿ ਇਹ ਉਹ ਵਕਤ ਸੀ ਜਦੋਂ ਕਿਸੇ ਔਰਤ ਦਾ ਮਰਦ ਦੇ ਮੁਕਾਬਲੇ ਖੜ੍ਹੇ ਹੋਣਾ ਇਕ ਇਨਕਲਾਬੀ ਕਦਮ ਮਿਥਿਆ ਜਾਂਦਾ ਸੀ।

ਵਕਤ ਬਦਲਿਆ। ਮੈਂ ਆਪਣੇ ਮੂੰਹ ਦੀ ਦਾਹੜੀ ਨੂੰ ਸਫਾ ਚੱਟ ਕਰਨ ਲੱਗ ਪਿਆ। ਇਹਨਾਂ ਮਹਾਨ ਲੇਖਕਾਵਾਂ ਨਾਲ ਨਾਲ ਹੱਥ ਮਿਲਾਉਣ ਜੋਗਾ ਹੋ ਗਿਆ। ਜੇਬ੍ਹੋਂ ਫੱਕੜ ਹੋਣ ਕਰਕੇ ਸੜਕ ਤੇ ਮੀਲੋ-ਮੀਲ ਪੈਦਲ ਤੁਰ ਕੇ ਗੁਜ਼ਾਰਾ ਕਰਨ ਵਾਲਾ, ਪਹਿਲੀ ਵਾਰ ਜਦ ਇਕ ਸਾਈਕਲ ਦਾ ਮਾਲਕ ਬਣ ਗਿਆ ਤਾਂ ਫੁੱਲਿਆਂ ਨਾ ਸਮਾਉਣ ਵਾਲਾ। ਫਿਰ ਸਕੂਟਰ ਤੇ ਅਖੀਰ ਕਾਰ ਵਾਲਾ ਤੇ ਫਿਰ ਕਾਰਾਂ ਵਾਲਾ ਬਣ ਮਹਿਫਲਾਂ 'ਚ ਸ਼ਾਮਿਲ ਹੋਣ ਜੋਗਾ ਹੋ ਗਿਆ। ਸ਼ਹਿਰ ਦੀਆਂ ਮਹਾਨ ਹਸਤੀਆਂ ਨਾਲ ਮੁਲਾਕਾਤਾਂ ਕਰਨ ਜੋਗਾ ਹੋਗਿਆ। ਛੋਟੇ-ਮੋਟੇ ਅਫਸਰਾਂ ਤੋਂ ਲੈ ਕੇ ਪ੍ਰਧਾਨ ਮੰਤਰੀਆਂ ਨਾਲ ਸਟੇਜਾਂ ਸਾਂਝੀਆਂ ਕਰਨ ਜੋਗਾ ਹੋ ਗਿਆ। ਨਿਰੋਲ ਸੈਲਫ-ਮੇਡ ਤੇ ਮਿਹਨਤ ਨਾਲ ਇਥੇ ਪਹੁੰਚਣ ਦੀ ਖੁਸ਼ੀ ਹਾਸਿਲ ਕਰ ਸਮਾਜੀ ਸਿਲਸਿਲੇ ਦੇ ਉੱਪਰਲੇ ਤਾਣੇ-ਬਾਣੇ ਦਾ ਹਿੱਸਾ ਬਣ ਲਗਾਤਾਰ ਉਸ ਨਾਲ ਤੁਰਨ ਵਾਲਾ ਹੋਗਿਆ। ਪਰ ਆਪਣੀ ਜ਼ਮੀਨ ਤੋਂ ਨਾ ਟੁੱਟ ਕੇ ਆਪਣੇ ਵਰਕਰਾਂ ਦੇ ਘਰ ਮਹੀਨੇ 'ਚ ਇਕ ਵਾਰੀਰੋਟੀ ਜ਼ਰੂਰ ਖਾਣ ਵਾਲਾ ਹੋ ਗਿਆ।

ਫਿਰ ਇਹ ਉਦੋਂ ਦੀਆਂ ਗੱਲਾਂ ਹਨ।

1956 ਵਿਚ ਇਨ੍ਹਾਂ 'ਚੋਂ ਸਾਹਿਤ ਅਕਾਦਮੀ ਵਲੋਂ ਸਨਮਾਨਿਤ ਕੀਤੀ ਗਈ ਪਹਿਲੀ ਪੰਜਾਬੀ ਔਰਤ ਸ਼ਾਇਰਾ ਅੰਮ੍ਰਿਤਾ ਪ੍ਰੀਤਮ। ਲੱਗੀ ਉਸ ਪਰੀ ਦੀ ਪੂਰੀ ਚੜ੍ਹਤ ਹੋਣ। ਤੇ ਇਹ ਸ਼ਾਇਦ ਸਨਮਾਨਤ ਹੋਣ ਤੋਂ ਕਰੀਬ ਇਕ ਦਹਾਕੇ ਬਾਅਦ ਦੀ ਗੱਲ ਹੈ ਜਦੋਂ ਅੰਮ੍ਰਿਤਾ-ਇਮਰੋਜ਼ ਨੇ "ਨਾਗਮਣੀ" ਪ੍ਰਕਾਸ਼ਨ ਦਾ ਸੋਚਿਆ ਤੇ ਉਹ ਦੋਨੋਂ ਉਸ ਵੇਲੇ ਦੀ ਮੈਗਜ਼ੀਨਾਂ ਛਾਪਣ ਵਾਲੀ ਮਸ਼ਹੂਰ ਸਿੰਘਸਨ ਪ੍ਰੈਸ ਆਏ। ਪਰ ਪ੍ਰੈਸ ਦੇ ਮਾਲਕ ਹਰਭਜਨ ਸਿੰਘ ਨੇ ਹੋਰ ਮਸਰੂਫੀਅਤ ਹੋਣ ਕਾਰਣ ਆਪਣੀ ਅਸਮੱਰਥਾਜਤਾ ਦਿੱਤੀ ਤਾਂ ਮੈ "ਨਾਗਮਣੀ" ਨੂੰ ਛਪਵਾਉਣ ਦਾ ਨੇੜੇ ਹੀ ਡਾਕਟਰ ਸੱਤਪਾਲ ਦੀ ਪ੍ਰੈਸਵਿਚ ਪ੍ਰਬੰਧ ਕਰਵਾ ਦਿੱਤਾ। ਉਥੋਂ ਹੀ ਅਸੀਂ ਤਿੰਨੇ ਜਣੇ ਚਾਵੜੀ ਬਾਜ਼ਾਰ ਗਏ ਤੇ ਉਥੋਂ ਇਮਰੋਜ਼ ਦੀ ਖਾਹਿਸ਼ ਮੁਤਾਬਿਕ ਇਸ ਨੂੰ ਛਾਪਣ ਵਾਸਤੇ ਖਾਕੀ ਰੰਗ ਦੇ ਕ੍ਰਾਫਟ ਪੇਪਰ ਦਾਫੈਸਲਾ ਕਰਾਇਆ ਤਾਂ "ਨਾਗਮਣੀ" ਦਾ ਆਗਾਜ਼ ਹੋ ਗਿਆ। "ਨਾਗਮਣੀ" ਦੇ ਪ੍ਰਕਾਸ਼ਿਤ ਹੁੰਦਿਆਂ ਹੀ ਪੰਜਾਬੀ ਸਾਹਿਤ ਨਾਲ ਜੁੜੀ ਸਾਰੀ ਨੌਜੁਆਨੀ ਇਸ ਮੈਗਜ਼ੀਨ ਨਾਲ ਜੁੜ ਗਈ। ਸਾਰੇ ਅਪ-ਕਮਿੰਗ ਸ਼ਾਇਰ-ਸ਼ਾਇਰਾਵਾਂ "ਨਾਗਮਣੀ" ਵਿਚ ਪ੍ਰਕਾਸ਼ਿਤ ਹੋਣਾ ਇਕ ਮਾਣ ਸਮਝਣ ਲੱਗੇ ਤੇ ਅੰਮ੍ਰਿਤਾ ਦੇਘਰ ਨੌਜੁਆਨੀ ਦਾ ਤਾਂ ਜਿਵੇਂ ਮੇਲਾ ਹੀ ਲੱਗਾ ਰਹਿੰਦਾ। ਅੰਮ੍ਰਿਤਾ ਦੀ ਚੜ੍ਹਤ ਦਾ ਇਹ ਹਾਲ ਸੀ ਕਿ ਹੌਲੀ-ਹੌਲੀ ਅੰਮ੍ਰਿਤਾ ਲਈ ਇੰਦਰਾ ਗਾਂਧੀ ਦੇ ਘਰ ਦੇ ਦਰਵਾਜ਼ੇ ਵੀ ਖੁੱਲ੍ਹ ਗਏ। ਇੰਦਰਾ ਗਾਂਧੀ ਵੀ ਅੰਮ੍ਰਿਤਾ ਪ੍ਰੀਤਮ ਦੇ ਦੋਸਤ ਬਣ ਗਏ। ਫਿਲਮੀ ਪ੍ਰੋਡਿਊਸਰਾਂ, ਸ਼ਾਇਰਾਂ, ਸੰਗੀਤਕਾਰਾਂ, ਕਲਾਕਾਰਾਂ ਜਾਂ ਸਭਿਆਚਾਰ ਤੇ ਰਾਜਨੀਤੀ ਨਾਲ ਸੰਬੰਧਿਤ ਲੋਕਾਂ ਦਾਨੇੜ ਹੋਰ ਵਧਦਾ ਗਿਆ।

ਉਧਰ ਦੂਜੀ ਪਰੀ ਕ੍ਰਿਸ਼ਨਾ ਸੋਬਤੀ ਦਾ ਉਨੱਤੀ ਸਾਲ ਪਹਿਲਾਂਲਿਖਿਆ ਤੇ 1952 ਵਿਚ ਅਲਾਹਾਬਾਦ ਦੀ ਲੀਡਰ ਪ੍ਰੈਸ ਨੂੰ "ਛੰਨਾਂ" ਦੇ ਨਾਂਅ 'ਤੇ ਪ੍ਰਕਾਸ਼ਿਤ ਕਰਨ ਲਈ ਦਿੱਤਾ ਖਰੜਾ ਜੋ ਉਸ ਪ੍ਰਕਾਸ਼ਕ ਦੇ ਸੰਪਾਦਕ ਵਲੋਂ ਜ਼ਬਰਦਸਤੀ ਸ਼ਬਦੀ ਝੋਲ-ਕਚੋਲ ਕਾਰਣ ਉਦੋਂ ਉਸ ਕੋਲੋਂ ਪੂਰਾ ਖਰਚਾ ਜੇਬ੍ਹ 'ਚੋਂ ਭਰ ਵਾਪਸ ਲੈ ਲਿਆ ਸੀ, ਕਿਉਂਕਿ ਇਹ ਸ਼ਬਦ ਤੇ ਵਰਤੀ ਭਾਸ਼ਾ ਹੀ ਇਸ ਨਾਵਲ ਦੀ ਜਿੰਦ-ਜਾਨ ਸਨ, ਪੂਰੀ ਤਰ੍ਹਾਂ ਦੁਬਾਰਾ ਸੋਧਣ ਮਗਰੋਂ ਦਿੱਲੀ ਦੇ ਰਾਜਕਮਲ ਪ੍ਰਕਾਸ਼ਨ ਵਲੋਂ 1979 ਵਿਚ ਨਵੇਂ ਨਾਂਅ "ਜ਼ਿੰਦਗੀਨਾਮਾ"ਨਾਲ ਪ੍ਰਕਾਸ਼ਿਤ ਕਰ ਦਿੱਤਾ ਗਿਆ। "ਜ਼ਿੰਦਗੀਨਾਮਾ" ਦੇ ਪ੍ਰਕਾਸ਼ਿਤ ਹੁੰਦਿਆਂ ਹੀ ਸਾਰੇ ਸਾਹਿਤਿਕ ਹਲਕਿਆ ਵਿਚ ਜ਼ਬਰਦਸਤ ਹੱਲਚਲ ਮਚ ਗਈ। ਅਖਬਾਰਾਂ, ਰਸਾਲੇ, ਲੋਕਾਂ ਦੇ ਲਿਪਸ ਇਸਕਿਤਾਬ ਦੇ ਚਰਚਿਆਂ ਨਾਲ ਲਬਾਲਬ ਭਰ ਗਏ।

ਉਦੋਂ ਕ੍ਰਿਸ਼ਨਾ ਸੋਬਤੀ ਮੇਰੇ ਘਰ ਦੇ ਨੇੜੇ ਹੀ ਮਾਲ ਰੋਡ 'ਤੇ ਰਵੀਰਾ ਫਲੈਟਸ ਵਿਚ ਰਹਿੰਦੇ ਸਨ। ਕੋਲ ਹੀ ਪੰਜਾਬੀ ਦੀ ਕੋਇਲ ਸੁਰਿੰਦਰ ਕੌਰ ਵੀ ਰਹਿੰਦੇ ਸਨ। ਮੇਰਾ ਕ੍ਰਿਸ਼ਨਾ ਸੋਬਤੀ ਦੇ ਤੇ ਉਨ੍ਹਾਂ ਦਾ ਮੇਰੇ ਘਰ ਆਉਣਾ ਜਾਣਾ ਲੱਗਾ ਰਹਿੰਦਾ। ਮੇਰੇ ਘਰ ਜਦ ਵੀ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਪੱਕਦੀ ਤਾਂ ਜਿਵੇਂ ਕ੍ਰਿਸ਼ਨਾ ਸੋਬਤੀ ਨੂੰ ਖੁਸ਼ਬੂ ਆ ਜਾਂਦੀ। ਉਸ ਦੀ ਆਮਦ ਹੋ ਜਾਂਦੀ ਜਾਂ ਮੈਂ ਟਿਫਿਨ 'ਚ ਪਾਇਹ ਸਭ ਕੁਝ ਉਨ੍ਹਾਂ ਦੇ ਘਰ ਲੈ ਜਾਂਦਾ। ਕ੍ਰਿਸ਼ਨਾ ਸੋਬਤੀ ਹੁਰਾਂ ਦੇ ਘਰ ਉਨ੍ਹਾਂ ਦੀ ਮਾਤਾ ਦੀ ਠੇਠ ਪੰਜਾਬੀ 'ਚ ਗੱਲਾਂ ਕਰਦਿਆਂ ਬਹੁਤ ਵਾਰੀ ਉਹ ਕਈ-ਕਈ ਸਦੀਆਂ ਪਹਿਲਾਂ ਵਾਲੇ ਵੱਸਦੇ ਪੰਜਾਬ ਦੀ ਧਰਤੀ 'ਤੇ ਕਦੇ ਗੁਜਰਾਤ ਲੈ ਜਾਂਦੇ ਤੇ ਕਦੇ ਮੁਲਤਾਨ, ਕਦੇ ਲਾਹੌਰ ਤੇ ਕਦੇ ਝੰਗ। ਕਦੇ ਉਹ ਗਿੱਧਿਆਂ ਦੀ ਤੇ ਕਦੇ ਪੀਂਘਾਂ ਦੀ ਨੁਹਾਰ ਬੰਨ੍ਹਦਿਆਂ ਲੋਕ ਗੀਤਾਂ 'ਚੋਂ ਲੰਘਾਉਂਦੇ ਆਪਣੇ ਵੇਲੇ ਦੇ ਪੰਜਾਬ ਦੇ ਦਰਸ਼ਨ ਕਰਾ ਦਿੰਦੇ। ਉਨ੍ਹਾਂ ਨੂੰ ਭਾਵੇਂ ਆਪਣੀ ਉਮਰ ਨੇ ਆਪਣੇ ਆਪ ਨੂੰ ਹੰਢਾਉਂਦਿਆਂ ਚਿਹਰੇ 'ਤੇ ਝੁਰੜੀਆਂ ਪਾ ਦਿੱਤੀਆਂ ਸਨ ਪਰ ਸਰੀਰਕ ਤੌਰ 'ਤੇ ਉਹ ਹਾਲੇ ਵੀ ਨੱਠੇ-ਭੱਜੇ



ਫਿਰਦੇ ਸਨ। ਹੱਸ-ਮੁਖ। ਚੁਲਬੁਲੇ ਸੁਭਾਅ ਦੇ ਮਾਲਕ।

ਇਸੇ ਤਰ੍ਹਾਂ ਤੁਰਦਿਆਂ ਕੁਝ ਚਿਰ ਮਗਰੋਂ ਹੀ ਅੰਮ੍ਰਿਤਾ ਪ੍ਰੀਤਮ ਦੀ ਲਿਖੀ "ਹਰਦੱਤ ਕਾ ਜ਼ਿੰਦਗੀਨਾਮਾ" ਨਾਂਅ ਦੀ ਪੁਸਤਕ ਆ ਗਈ। ਰੌਲਾ ਪੈ ਗਿਆ ਕਿ ਇਹ ਕੀ ਹੋਇਆ? ਫਿਰ ਇਕ ਦਿਨ ਆਈ ਉਹ ਵਖਤਾਂ ਦੀ ਮਾਰੀ ਦੁਪਹਿਰ। ਜਿਸ ਨੇ ਸਭ ਨਾਵਲਾਂ, ਕਵਿਤਾਵਾਂ, ਗੱਲਾਂ, ਹਾਸੇ, ਠੱਠਿਆਂ ਨੂੰ ਨਿਗਲ ਲਿਆ। ਦੋਹੀਂ ਪਾਸੀ ਹੱਠ ਭਾਰੀ ਹੋ ਗਿਆ। ਉਸ ਦਿਨ ਸੁਣਾਈ ਸੀ ਸਾਰੀ ਕਹਾਣੀ ਕ੍ਰਿਸ਼ਨਾ ਸੋਬਤੀ ਨੇ। ਬਹੁਤ ਲੰਬੀ ਹੈ। ਪਰ ਇਥੇ ਇੰਨਾਹੀ ਕਿ ਉਦੋਂ ਕ੍ਰਿਸ਼ਨਾ ਸੋਬਤੀ ਨੇ ਅੰਮ੍ਰਿਤਾ ਨੂੰ ਸ਼ਿਕਾਇਤ ਕਰਨ ਲਈ ਫੋਨ ਮਿਲਾਇਆ ਸੀ ਕਿ ਅੰਮ੍ਰਿਤਾ ਪ੍ਰੀਤਮ ਏਡੀ ਵੱਡੀ ਲੇਖਿਕਾ ਹੈ ਪਰ ਪਹਿਲਾਂ ਤਾਂ ਉਸ ਨੇ ਕ੍ਰਿਸ਼ਨਾ ਸੋਬਤੀ ਦੇ ਨਾਵਲ "ਜ਼ਿੰਦਗੀਨਾਮਾ" ਦੀ ਨਕਲ ਕਰ ਆਪਣੀ ਕਿਤਾਬ ਦਾ ਨਾਂਅ "ਹਰਦੱਤ ਦਾ ਜ਼ਿੰਦਗੀਨਾਮਾ" ਰੱਖਿਆ ਤੇ ਹੁਣ ਉਸ ਦੇ ਪਬਲਿਸਿਟੀ ਪੰਫਲੈਂਟ ਵਿਚ ਸਿਰਫ "ਜ਼ਿੰਦਗੀਨਾਮਾ" ਹੀ ਲਿਖ ਕੇ ਪ੍ਰਚਾਰ ਕਰਵਾ ਰਹੀ ਹੈ। ਅੰਮ੍ਰਿਤਾ ਨੇ ਥੋਹੜੀ-ਬਹੁਤ ਗੱਲ ਕੀਤੀ ਪਰ ਬਾਅਦ ਵਿਚ ਗੁੱਸੇ ਵਿਚ ਕ੍ਰਿਸ਼ਨਾ ਦਾ ਫੋਨ ਬਿਨਾਂ ਮੁਨਾਸਿਬ ਜਵਾਬ ਦਿੱਤੇ ਠੱਪ ਕਰ ਦਿੱਤਾ, ਜਿਵੇਂ ਕਹਿ ਰਹੀ ਹੋਵੇ "ਜੋ ਕਰਨਾ ਹੈ ਕਰ ਲੈਅ।" ਬੱਸ ਇੰਨਾ ਕੁ ਝਗੜਾ ਸੀ। ਜੇ ਅੰਮ੍ਰਿਤਾ ਪ੍ਰੀਤਮ ਇਸ ਤਰ੍ਹਾਂ ਖੌਰ੍ਹੀ ਨਾ ਬੋਲਦੀ ਤਾਂ ਸ਼ਾਇਦ ਮੁਕੱਦਮੇ ਦੀ ਨੌਬਤ ਹੀ ਨਾ ਆਉਂਦੀ।

ਮੈਂ ਕ੍ਰਿਸ਼ਨਾ ਸੋਬਤੀ ਨੂੰ ਬੇਨਤੀ ਕੀਤੀ "ਰਹਿਣ ਦਿਓ ਲੜਾਈ।" ਪਰ ਉਹ ਭਰੀ ਪੀਤੀ ਸੀ "ਇਕ ਚੋਰੀਤੇ ਉਪਰੋਂ ਸੀਨਾ ਜ਼ੋਰੀ? ਯੇਹ ਕੋਈ ਤਰੀਕਾ ਹੈ?।" ਗੁਜਰਾਤੀ ਪੰਜਾਬਣ ਵੀ ਅੜ ਗਈ। ਮੈਂ ਬਹੁਤ ਕਿਹਾ। ਕਾਹਲੀ ਨਾ ਕਰੋ। ਮੈਂ ਪੁਸਤਕ ਦੇ ਪ੍ਰਕਾਸ਼ਕ ਹਿੰਦੀ ਬੁਕ ਸੈਂਟਰ ਦੇ ਮਾਲਕ ਅਮਰ ਨਾਥ ਨੂੰ ਫੋਨ ਕੀਤਾ। ਅਮਰ ਨਾਥ ਮੇਰੇ ਅੱਛੇ ਦੋਸਤਾਂ 'ਚੋਂ ਹੈ। ਉਹ ਕਹਿੰਦਾ ਗਲਤੀ ਪਬਲਿਸਿਟੀ ਵਿਭਾਗ ਤੋਂ ਹੋਈ। ਮੈਂ ਮੁਆਫੀ ਮੰਗ ਲੈਨਾ। ਮੈਨੂੰ ਕਹਿੰਦਾ ਤੂੰ ਆ ਜਾਹ। ਨਾਲੇ ਚਾਹ ਪਿਲਾਊਂ ਤੇ ਨਾਲੇ ਜੋ ਲਿਖ ਕੇ ਦੇਵੇਂਗਾ, ਮੈ ਸਾਈਨ ਕਰ ਦੇਵਾਂਗਾ।

ਪਰ ਗੁਜਰਾਤੀ ਪੰਜਾਬਣ ਮੇਰੇ ਦਫਤਰੋਂ ਉੱਠ ਪ੍ਰੋਫੈਸਰ ਸੁਤਿੰਦਰ ਸਿੰਘ ਨੂਰ ਨੂੰ ਦਿੱਲੀ ਯੂਨੀਵਰਸਿਟੀ ਮਿਲਣ ਚਲੇ ਗਈ। ਦੂਸਰੇ ਦਿਨ ਮੈਂ ਅਮਰਨਾਥ ਕੋਲ ਜਾਣ ਦੀ ਤਿਆਰੀ ਕਰ ਰਿਹਾ ਸੀ ਕਿ ਪਤਾ ਲੱਗਾ ਮੁਕੱਦਮਾ ਹੋ ਗਿਆ। ਕੁਝ ਨਹੀਂ ਸੀ ਕਰ ਸਕਦਾ। ਵਕੀਲਾਂ ਦੇ ਕੋਟ ਹੋਰ ਨਿੱਖਰਨੇ ਸ਼ੁਰੂ ਹੋ ਗਏ। ਕਚਹਿਰੀਆਂ ਦੇ ਮੂੰਹ ਭਰਨ ਲੱਗੇ। ਮੁਕੱਦਮਿਆਂ ਦਾ ਕਾਰਵਾਂ ਤੁਰਦਾ ਰਿਹਾ ਅਸੀਂ ਉਜੜਦੀਆਂ ਬਹਾਰਾਂ ਦੇਖਦੇ ਰਹੇ।

ਵਕਤ ਫਿਰ ਲੰਘਦਾ ਗਿਆ। ਗੱਲਾਂ ਤੁਰਦੀਆਂ ਰਹੀਆਂ। ਮੁਕੱਦਮੇ ਦੀਆਂ ਤਰੀਕਾਂ ਪੈਣੀਆਂ ਸ਼ੁਰੂ ਹੋ ਗਈਆਂ। ਫਿਰ ਕ੍ਰਿਸ਼ਨਾ ਸੋਬਤੀ ਨੂੰ ਗਵਾਹੀ ਦੀ ਲੋੜ ਸੀ। ਉਸ ਨੇ ਗਾਵਹ ਦੇ ਤੌਰ 'ਤੇ ਸ਼ਾਇਰ ਤਾਰਾ ਸਿੰਘ ਕਾਮਿਲ ਦਾ ਨਾਂਅ ਲਿਖਾਇਆ। ਮੇਰੇ ਨਾਲ ਜਾ ਕੇ ਦਿੱਲੀ ਯੂਨੀਵਰਸਿਟੀ ਵਿਖੇ ਕ੍ਰਿਸ਼ਨਾ ਸੋਬਤੀ ਨੇ ਡਾਕਟਰ ਸੁਤਿੰਦਰ ਸਿੰਘ ਨੂਰ ਨੂੰ ਗਵਾਹੀ ਲਈ ਪੁੱਛਿਆ। ਨੂਰ ਨੇ "ਹਾਂ" 'ਚ ਹਾਮੀ ਭਰੀ। ਪਰ ਮਗਰੋਂ ਕੀ ਵਾਪਰ ਗਿਆ। ਤਾਰਾ ਸਿੰਘ ਨੇ ਡਟ ਕੇ ਗਵਾਹੀ ਦਿੱਤੀ ਪਰ ਨੂਰ ਬਿਦਕ ਗਿਆ। ਕ੍ਰਿਸ਼ਨਾ ਸੋਬਤੀ ਉਦਾਸ ਹੋ ਗਈ, ਕਿਉਂਕਿ ਨੂਰ ਨੂੰ ਕ੍ਰਿਸ਼ਨਾ ਸੋਬਤੀ ਨਾਲ ਮਿਲਾਉਣ ਵਾਲਾ ਮੈਂ ਹੀ ਸਾਂ। ਉਹ ਜਿਵੇਂ ਮੇਰੇ 'ਤੇ ਭਰੋਸਾ ਕਰਦੀ ਸੀ, ਸ਼ਾਇਦ ਉਸ ਨੇ ਮੇਰੇਸਾਰੇ ਦੋਸਤਾਂ 'ਤੇ ਵੀ ਮੇਰੇ ਕਾਰਣ ਹੀ ਭਰੋਸਾ ਕਰ ਲਿਆ ਹੋਵੇ। ਪਰ ਮੁਕੱਦਮਾ ਚਲਦਾ ਰਿਹਾ।

ਇਕ ਦਿਨ ਮੈ ਆਪਣੇ ਗੋਦਾਮ ਵਿਚ ਕੁਝ ਕੰਮ ਕਰਵਾ ਰਿਹਾ ਸੀ ਕਿ ਮੇਰਾ ਜਲੰਧਰ ਦਾ ਦੋਸਤ ਸੁਖਵੰਤ ਢੱਡਾ (ਕਲਾਸਿਕ ਫਿਲਮ "ਇਕ ਚਾਦਰ ਮੈਲੀ ਸੀ" ਦਾ ਡਾਇਰੈਕਟਰ) ਮੈਨੂੰ ਮਿਲਣ ਆਇਆ। ਮੇਰੇ ਸਭ ਦੋਸਤਾਂ ਨੂੰ ਪਤਾ ਸੀ ਕਿ ਢੱਡਾ ਮੇਰਾ ਜਲੰਧਰ ਤੋਂ ਪੁਰਾਣਾ ਦੋਸਤ ਹੈ। ਉਹ ਪੂਨਾ ਫਿਲਮ ਇੰਸਟੀਚਿਊਟ ਤੋਂ ਡਾਇਰੈਕਸ਼ਨ ਦਾ ਕੋਰਸ ਕਰਕੇ ਬੰਬਈ ਫਿਲਮ ਡਾਇਰੈਕਸ਼ਨ ਦੇ ਆਹਰ ਵਿਚ ਰੁੱਝਿਆ ਹੋਇਆ ਸੀ, ਤੇ ਉਨ੍ਹਾਂ ਦਿਨਾਂ ਵਿਚ ਉਹ ਅੰਮ੍ਰਿਤਾ ਦੇ ਕਿਸੇ ਨਾਵਲ 'ਤੇ ਫਿਲਮ ਬਣਾਉਣ ਦੀ ਸੋਚ ਕੇ ਉਸ ਵੱਲ ਅਕਸਰ ਚਲੇ ਜਾਂਦਾ ਸੀ। ਵੈਸੇ ਉਹ ਮੇਰੇ ਘਰ ਅਕਸਰ ਆਉਂਦਾ ਹੁੰਦਾ ਸੀ ਤੇ ਮੇਰੇ ਘਰ ਹੀ ਠਹਿਰਦਾ ਹੁੰਦਾ ਸੀ। ਉਸ ਦਿਨ ਉਸ ਨੇ ਆਪਣੇ



ਅਚਾਨਕਆਉਣ ਦਾ ਕਾਰਣ ਇਹ ਦੱਸਿਆ ਕਿ ਅੰਮ੍ਰਿਤਾ ਪ੍ਰੀਤਮ ਦੇ ਘਰ ਇਹ ਚਰਚਾ ਹੈ ਕਿ ਇਸ ਕੇਸ ਵਿਚ ਮੈਂ ਕ੍ਰਿਸ਼ਨਾ ਦੀ ਆਰਥਿਕ ਮਦਦ ਕਰ ਰਿਹਾਂ। ਤੇ ਅੰਮ੍ਰਿਤਾ ਪ੍ਰੀਤਮ ਨੇ ਇਹ ਸੁਨੇਹਾ ਘੱਲਿਆਕਿ ਮੈਂ ਉਸ ਦੀ ਆਰਥਿਕ ਮਦਦ ਕਿਉਂ ਕਰਦਾ ਹਾਂ? ਇਹ ਗੱਲ ਸੁਣ ਮੇਰੇ ਪੈਰਾਂ ਹੇਠੋਂ ਜਿਵੇ ਜ਼ਮੀਨ ਹੀ ਖਿਸਕ ਗਈ ਸੀ। ਮੈਨੂੰ ਬਹੁਤ ਹੈਰਾਨੀ ਵੀ ਹੋਈ ਕਿ ਮੈਂ ਉਹ ਬੰਦਾ ਸੀ ਜਿਸਨੇ ਇਹ ਕੇਸ ਨਾ ਬਣੇ ਲਈ ਜੀਅ ਤੋੜ ਕੋਸ਼ਿਸ਼ ਕੀਤੀ ਸੀ। ਪਰ ਪਤਾ ਨਹੀਂ ਹੋਰ ਕਿਹਨਾਂ ਕਾਰਨਾਂ ਕਰਕੇ ਕ੍ਰਿਸ਼ਨਾ ਨੇ ਹੋਰ ਉਡੀਕ ਨਾ ਕੀਤੀ। ਮੈਂ ਸਾਰੀ ਗੱਲ ਸੁਖਵੰਤ ਨੂੰ ਸਮਝਾਈ।

ਅਖੀਰ ਉਹ ਇਹ ਯਕੀਨ ਲੈ ਕੇ ਚਲਾ ਗਿਆ ਕਿ ਇਸ ਗੱਲ ਵਿਚ ਮੇਰਾ ਕੋਈ ਹੱਥ ਨਹੀਂ। ਇਸ ਗੱਲ ਕਰਕੇ ਮੈਂ ਅੰਮ੍ਰਿਤਾ ਨੂੰ ਖਾਸ ਮਿਲਣ ਵੀ ਗਿਆ ਤਾ ਂਕਿ ਉਸ ਨੂੰ ਯਕੀਨ ਆ ਸਕੇ। ਫਿਰ ਅੰਮ੍ਰਿਤਾ ਪ੍ਰੀਤਮ ਨੇ ਮੈਨੂੰ ਦੋਹਾਂ 'ਚ ਸੁਲਾਹ ਕਰਾਉਣ ਲਈ ਵੀ ਕਿਹਾ। ਮੈਂ ਕ੍ਰਿਸ਼ਨਾ ਸੋਬਤੀ ਨਾਲ ਗੱਲ ਵੀ ਕੀਤੀ। ਪਰ ਉਨ੍ਹਾਂ ਇਕ ਲੰਮੀ ਜਿਹੀ ਮੁਸਕਾਨ ਦਿੰਦਿਆਂ ਕਿਹਾ ਕਿ "ਜੋ ਮੇਰਾ ਖਰਚਾ ਹੋਇਆ, ਉਹ ਭਰ ਦੇਵੇ। ਜੋ ਮੇਰਾ ਵਕਤ ਜ਼ਾਇਆ ਹੋਇਆ ਉਹ ਵਾਪਸ ਲਿਆ ਦੇਵੇ।" ਪ੍ਰੋ ਅਮਰੀਕ ਸਿੰਘ ਵੀ ਗਏ ਸਨ ਇਹੀ ਸੁਨੇਹਾ ਲੈ ਕੇ। ਸ਼ਾਇਦ ਹੋਰ ਵੀ ਕਈ। ਪਰ ਹਰੇਕ ਨੂੰ ਜੁਆਬ ਇਹੀ ਮਿਲਿਆ ਤੇ ਮੁਕੱਦਮਾ ਚਲਦਾ ਰਿਹਾ।

ਅੰਮ੍ਰਿਤਾ ਨਾਲ ਜਾਣ-ਪਹਿਚਾਣ ਤਾਂ ਪਹਿਲਾਂ ਵੀ ਸੀ, ਪਰ ਹੁਣ ਉਹ ਮੇਰੇ ਨਾਲ ਕੁਝ ਵਧੇਰੇ ਹੀ ਨੇੜ ਕਰਨ ਲੱਗ ਪਏ ਸਨ। ਮੇਰੇ ਘਰ ਦੀ ਹਰ ਗੱਲ ਦਾ ਧਿਆਨ ਰੱਖਦੇ। ਮੇਰੀ ਪਤਨੀ ਨੂੰ ਅਰਥਾਰਾਈਟਸ ਦੀ ਸਮੱਸਿਆ ਆਉਣ ਲੱਗੀ ਤਾਂ ਸਪੈਸ਼ਲ ਫੁਨ ਕਰਕੇ ਦੱਸਦੇ ਰਹਿੰਦੇ ਕਿ ਫਲਾਣੇ ਡਾਕਟਰ ਨੂੰ ਸੰਪਰਕ ਕਰ। ਆਹ ਕਰ। ਔਹ ਕਰ। ਮੇਰੀ ਬੇਟੀ ਰਾਜੀ ਦਾ ਬਹੁਤ ਧਿਆਨ ਰੱਖਦੇ। ਹੋਰ ਵੀ ਬਹੁਤ ਸਾਰੀਆਂ ਗੱਲਾਂ।

ਪਰ ਇਸ ਕਾਰਣ ਮੈਂ ਕ੍ਰਿਸ਼ਨਾ ਸੋਬਤੀ ਨਾਲ ਆਪਣੀ ਦੋਸਤੀ ਤੇ ਸੰਬੰਧ ਛੋਟੇ ਨਾ ਹੋਣ ਦਿੱਤੇ। ਅਸੀਂ ਬਾਕਾਇਦਾ ਇਕ ਦੂਜੇ ਦੇ ਪਰਿਵਾਰਾਂ ਨਾਲ ਜੁੜੇ ਰਹੇ। ਫਿਰ ਕ੍ਰਿਸ਼ਨਾ ਸੋਬਤੀ ਮੇਰੇ ਘਰ ਦੇ ਨੇੜਲਾਰਵੀਰਾ ਫਲੈਟਸ ਵਾਲਾ ਆਪਣਾ ਘਰ ਵੇਚ ਕੇ ਭੋਪਾਲ ਚਲੇ ਗਏ। ਵਾਪਸ ਦਿੱਲੀ ਦਿੱਲੀ ਆਏ ਤਾਂ ਮਯੂਰ ਵਿਹਾਰ ਰਹਿਣ ਲੱਗ ਪਏ। ਮੈਂ ਉਨ੍ਹਾਂ ਨੂੰ ਮਯੂਰ ਵਿਹਾਰ ਵੀ ਮਿਲਣ ਗਿਆ। ਪਰ ਮੁਕੱਦਮੇ ਦਾ ਫੈਸਲਾ ਨਾ ਹੋਇਆ। ਵਿਚਕਾਰ ਇਕ ਵਾਰੀ ਅੰਮ੍ਰਿਤਸਰੀਆਂ ਦੀ ਆਮਦ ਹੋਈ। ਉਦੋਂ ਪੰਜਾਬੀ ਵਿਚ ਪਰਮਿੰਦਰਜੀਤ ਦੀ ਸੰਪਾਦਕੀ ਵਿਚ "ਲੋਅ" ਮੈਗਜ਼ੀਨ ਨਿਕਲਦੀ ਹੁੰਦੀ ਸੀ। ਅਮਰੀਕ ਅਮਨ ਉਸ ਮੈਗਜ਼ੀਨ ਦੇ ਖਜ਼ਾਨਾ ਸਨ। ਨਾਲ ਕੁਝ ਦੋਸਤ ਹੋਰ ਵੀ ਸਨ। ਇਸੇ ਲਾਣੇ ਵਿਚਦਿੱਲੀ ਤੋਂ ਡਾਕਟਰ ਨੂਰ, ਮੋਹਨਜੀਤ, ਦੂਰ-ਦਰਸ਼ਨ ਵਾਲਾ ਰਮੇਸ਼ ਸ਼ਰਮਾ ਵੀ ਸ਼ਾਮਿਲ ਹੋ ਗਏ ਤੇ ਅਸੀਂ ਸਾਰਿਆਂ ਨੇ ਜਾ ਮਾਰਿਆ ਧਾਵਾ ਅੰਮ੍ਰਿਤਾ ਪ੍ਰੀਤਮ ਦੇ ਘਰ। ਅੰਮ੍ਰਤਾ ਉਦੋਂ ਬਿਮਾਰਸਨ। ਹਮੇਸ਼ਾ ਵਾਂਗ ਇਮਰੋਜ਼ ਹੀ ਗਰਮ-ਗਰਮ ਚਾਹ ਪਿਲਾ ਕੇ ਸਭ ਨੂੰ ਨਿੱਘੇ ਕਰਾ ਰਿਹਾ ਸੀ।

ਜਦੋਂ ਅਸੀ ਪਰਤਣ ਲੱਗੇ ਤਾਂ ਬਾਕੀ ਸਾਰਾ ਲਾਣਾ ਹਾਲੇ ਅੰਮ੍ਰਿਤਾ ਹੋਰਾਂ ਨਾਲ ਗੱਲੀਂ ਲੱਗਾ ਹੋਇਆ ਸੀ, ਪਰ ਮੈਂ ਤੇ ਰਮੇਸ਼ ਸ਼ਰਮਾ ਇਮਰੋਜ਼ ਨੂੰ ਲੈ ਥੱਲੇ ਆ ਗੇਟ 'ਤੇ ਖੜ੍ਹ ਬਾਕੀਆਂ ਦੀ ਉਡੀਕ ਕਰਨ ਲੱਗੇ।

ਇਮਰੋਜ਼ ਨਾਲ ਗੱਲਾਂ ਚੱਲ ਪਈਆਂ ਮੁਹੱਬਤ ਦੀਆਂ। ਉਹ ਦੱਸ ਰਿਹਾ ਸੀ ਮੁਹੱਬਤ ਦਾ ਜਜ਼ਬਾ। ਇਸ਼ਕ ਦੀ ਅਸਲੀਅਤ। ਬਹੁਤ ਸਾਰੀਆਂ ਭਾਰਤੀ ਇਸ਼ਕਾਂ ਦੀਆਂ ਮਿਸਾਲਾਂ। ਸੰਸਾਰ ਭਰ ਦੇ ਇਸ਼ਕਾਂ ਦੀਆਂ ਗੱਲਾਂ। ਪੰਜਾਬੀਆਂ ਦੇ ਇਸ਼ਕਾਂ ਦੀਆਂ ਗੱਲਾਂ। ਤੇ ਇਨ੍ਹਾ ਂਗੱਲਾਂ ਗੱਲਾਂ ਵਿਚ ਹੀ ਇਮਰੋਜ਼ ਨੇ ਸਾਹਮਣੇ ਇਕ ਘਰ ਵੱਲ ਇਸ਼ਾਰਾ ਕਰਦਿਆਂ ਦੱਸਿਆ, ਕਿ ਇਕ ਮੁਸਲਮਾਨ ਮੰਤਰੀ ਦੀ ਬੇਟੀ ਰੋਜ਼ ਅੰਮ੍ਰਿਤਾ ਕੋਲ ਆਪਣੇ ਆਸ਼ਿਕ ਨੂੰ ਲੈ ਕੇ ਆਣ ਬੈਠਿਆ ਕਰੇ, "ਦੀਦੀ ! ਸਾਡਾ ਵਿਆਹ ਕਰਾ ਦਿਓ ! ਨਹੀਂ ਤਾਂ ਅਸੀਂ ਖੁਦਕੁਸ਼ੀ ਕਰ ਲੈਣੀ ਐ। ਫਾਹਾ ਲੈ ਲੈਣਾ। ਜੇ ਦੇਰ ਕੀਤੀ ਤਾਂ ਮੇਰੇ ਅੱਬੂ ਨੇ ਸਾਨੂੰ ਮਰਵਾ ਦੇਣਾ। ਪਲੀਜ਼ ! ਦੀਦੀ ਪਲੀਜ਼!!" ਉਹ ਦੋਨੋਂ ਰੋਜ਼ ਆ ਕੇ ਲਿਲਕੜੀਆਂ ਕੱਢਦੇ। ਅਖੀਰ ਅੰਮ੍ਰਿਤਾ ਤੇ ਇਮਰੋਜ਼ ਨੇ ਉਨ੍ਹਾਂ ਦਾ ਵਿਆਹ ਕਰਵਾ ਦਿੱਤਾ। ਤੇ ਜਿਸ ਘਰ ਵੱਲ ਇਮਰੋਜ਼ ਨੇ ਇਸ਼ਾਰਾ ਕੀਤਾ ਸੀ, ਉਹੀ ਘਰ ਕਿਰਾਏ 'ਤੇ ਲੈ ਦਿੱਤਾ। ਇਮਰੋਜ਼ ਦੱਸ ਰਿਹਾ ਸੀ ਕਿ ਇਕ ਮਹੀਨਾ ਵੀ ਉਹ ਇਕੱਠੇ ਨਹੀਂ ਰਹੇ ਤੇ ਫਿਰ ਆਗਏ। "ਦੀਦੀ ਸਾਡਾ ਤਲਾਕ ਕਰਾ ਦਿਓ! ਨਹੀਂ ਤਾਂ ਅਸੀਂ ਮਰ ਜਾਣਾ !" ਤੇ ਇਮਰੋਜ਼ ਦੱਸ ਰਿਹਾ ਸੀ ਕਿ ਇਕ ਇਹ ਇੰਦਰਜੀਤ (ਇਮਰੋਜ਼ ਦਾ ਅਸਲੀ ਨਾਂਅ) ਹੈ ਜੋ ਅੰਮ੍ਰਿਤਾ ਦੇ ਇਸ਼ਕ ਵਿਚ ਪਟਿਆਲਿਓਂ ਤੁਰਿਆ, ਕੋਈ ਵਿਆਹ ਵਰਗਾ ਵਾਅਦਾ ਵੀ ਨਹੀਂ ਲਿਆ ਤੇ ਅੱਜ ਤੀਕ ਕਦੇ ਪਿੱਛੇ ਮੁੜ ਕੇ ਵੀ ਨਹੀਂ ਦੇਖਿਆ !"

ਅੰਮ੍ਰਿਤਾ ਪ੍ਰੀਤਮ ਤੇ ਉਸ ਦੇ ਹੌਸ ਖਾਸ ਵਾਲੇ ਘਰ ਨਾਲ ਮੇਰੀ ਇਸ ਦਿਨ ਇਹ ਆਖਰੀ ਮੁਲਾਕਾਤ ਸੀ। ਮੁਲਾਕਾਤਾਂ ਪਹਿਲਾਂ ਵੀ ਹੁੰਦੀਆਂ ਸਨ। ਸਵਿਜ਼ਰਲੈਂਡ ਤੋਂ ਜਦ ਕਦੇ ਦੇਵ ਨੇ ਆਉਣਾ, ਜਾਂ ਕਿਸੇ ਹੋਰ ਅਦੀਬ ਨੇ ਅਸੀਂ ਇਸ ਘਰ 'ਚਜੁੜ ਜਾਣਾ। ਭਾਪਾ ਪ੍ਰੀਤਮ ਸਿੰਘ ਦੇ ਨਵਯੁਗ ਫਾਰਮ ਤੋਂ "ਧੁੱਪ ਦੀ ਮਹਿਫਿਲ" 'ਚ ਸ਼ਮੂਲੀਅਤ ਕਰ ਮੁੜਦੇ ਹੋਏ ਰੁਕ ਜਾਣਾ, ਪਰ ਇਹ ਨਹੀ ਸੀ ਪਤਾ ਕਿ ਇਸ ਦਿਨ ਤੋਂ ਮਗਰੋਂ ਅੰਮ੍ਰਿਤਾ ਪ੍ਰੀਤਮ ਨੇ ਤੁਰ ਜਾਣਾ। ਇਸ ਆਲ੍ਹਣੇ ਨੇ ਕਿਸੇ ਇੱਟਾਂ-ਪੱਥਰਾਂ ਦੇ ਵਿਓਪਾਰੀਕੋਲ ਕੋਲ ਵਿਕ ਜਾਣਾ। ਤੇ ਇਥੇ ਇੱਟਾਂ-ਪੱਥਰਾਂ ਨਾਲ ਚਿਣੀਆਂ ਦੀਵਾਰਾਂ ਹੀ ਨਜ਼ਰ ਆਉਣੀਆਂ ਹਨ। ਇਨ੍ਹਾਂ ਦੀਵਾਰਾਂ ਅੰਦਰ ਕਿੰਨੀਆਂ ਰੂਹਾਂ ਤੜਫ ਰਹੀਆਂ ਹੋਣਗੀਆਂ ਕਿਸੇ ਨੂੰ ਅੰਦਾਜ਼ਾਵੀ ਨਹੀਂ ਹੋਣਾ। ਹੁਣ ਉਹ ਖਿਲਖਿਲਾਉਂਦੀਆਂ ਆਵਾਜ਼ਾਂ ਨਹੀਂ ਆਉਣੀਆਂ ਉੱਥੇ। ਉਹ ਮਹਿਕਾਂ ਨਹੀਂ ਆਉਣੀਆਂ। ਉਹ ਚਹਿਚਹਟਾਂ ਨਹੀਂ ਹੋਣੀਆਂ ਇਥੇ।

ਮੁਕੱਦਮੇ ਤੋਂ ਪਹਿਲਾਂ ਮੈਨੂੰ ਉਮੀਦ ਸੀ ਕ੍ਰਿਸ਼ਨਾ ਸੋਬਤੀ ਆਪਣੇ ਪੈੱਨ ਨਾਲ "ਜ਼ਿੰਦਗੀਨਾਮੇ" ਵਰਗੇ ਕਈ ਹੋਰ ਸ਼ਾਹਕਾਰਨਾਵਲਾਂ ਨੂੰ ਕਾਗਜ਼ 'ਤੇ ਉਤਾਰਨਗੇ। ਜੇ ਹੋਰ ਕੁਝ ਨਹੀਂ ਤਾਂ ਇਸ ਦੇ ਅਗਲੇ ਭਾਗ ਤਾਂ ਪੂਰੇਕਰਨਗੇ ਹੀ? ਪਰ ਇਹ ਨਾ ਹੋ ਸਕਿਆ। ਅੰਮ੍ਰਿਤਾ ਵੀ ਇਸ ਮੁਕੱਦਮੇ ਬਾਰੇ ਤੋੜ-ਭੰਨ 'ਚ ਉਲਝੀ ਰਹਿੰਦੀ। ਉਹ ਵੀ "ਅੱਜ ਆਖਾਂ ਵਾਰਿਸ ਸ਼ਾਹ ਨੂੰ!" ਵਰਗੀ ਹੋਰ ਨਜ਼ਮ ਨਾ ਲਿਖ ਸਕੀ।ਤੇ ਅਖੀਰ ਅੰਮ੍ਰਿਤਾ ਪ੍ਰੀਤਮ ਦੀ ਰੂਹ ਅਹਿਸਾਸਾਂ ਭਰੀਆਂ ਉਹ ਕਿਤਾਬਾਂ, ਨਜ਼ਮਾਂ, ਖਤੂ ਮਹਿਸੂਸੀਆਤ ਦਾ ਉਹ ਟਿੱਲਾ ਉਹ ਆਲ੍ਹਣਾ ਸਭ ਕੁਝ ਛੱਡ ਤੁਰ ਗਈ, ਜੋ ਸੰਸਕਾਰ ਵੇਲੇ ਨਜ਼ਰ ਆਉਂਦੀ ਸਿਰਫ ਇਕ "ਬੌਡੀ" ਰਹਿ ਗਈ ਸੀ। ਉਸ ਵੇਲੇ ਕੋਈ ਨਹੀਂ ਸੀ ਕਹਿ ਰਿਹਾ ਕਿ ਇਹ ਅੰਮ੍ਰਿਤਾ ਹੈ। ਉਹ ਅੰਮ੍ਰਿਤਾ ਜੋ ਕਈਆਂ ਦੇ ਦਿਲਾਂ 'ਤੇ ਰਾਜ ਕਰਦੀ ਹੁੰਦੀ ਸੀ, ਅੱਜ ਸਿਰਫ ਇਕ ਬਾਡੀ ਬਣ ਗਈ ਸੀ। ਸਿਰਫ ਲੋਥ ਬਣ ਗਈ ਸੀ।

ਤੇ ਅੰਮ੍ਰਿਤਾ ਪ੍ਰੀਤਮ ਤੇ ਉਸ ਦੇ ਪਤੀ ਪ੍ਰੀਤਮ ਸਿੰਘ ਦਾ ਵਾਰਿਸ ਤਾਂ ਪਹਿਲਾਂ ਹੀ ਬੰਬਈ ਫਿਲਮ ਜਗਤ ਵਿਚ ਕਿਸਮਤ ਅਜ਼ਮਾਉਣ ਚਲਾ ਗਿਆ ਸੀ ਤੇ ਅੰਮ੍ਰਿਤਾ ਦੇ ਸਰੀਰ 'ਚੋਂ ਰੂਹ ਦੇ ਅਲਵਿਦਾ ਕਹਿੰਦੇ ਹੀ ਉਸ ਨੇ ਉਹ ਯਾਦਗਾਰੀ ਟਿੱਲਾ, ਉਥੇ ਵੱਸਦੀਆਂ ਰੂਹਾਂ ਨੂੰ ਬਾਹਰ ਕੱਢ ਪੱਥਰ ਦੀਆਂ ਇੱਟਾਂ ਲਾਉਣ ਵਾਲਿਆਂ ਦੇ ਹਵਾਲੇ ਕਰ ਦਿੱਤਾ। ਪਰ ਸ਼ਾਇਦ ਰੂਹਾਂ ਅਹਿਸਾਸਾਂ ਦੇ ਕਾਤਿਲਾਂ ਤੋਂ ਖੁਦ ਆਪਣਾ ਵੀ ਕਤਲ ਕਰਵਾ ਬੈਠਾ। ਮਗਰੋਂ ਇਮਰੋਜ਼ ਆਪਣਾ ਬਰੁਸ਼ ਤੇ ਕੈਨਵੱਸ ਵੀ ਉੱਥੇ ਹੀ ਸੁੱਟ ਕਿਸੇ ਦੋਸਤ ਨਾਲ ਰਹਿੰਦਿਆਂ ਕਿਤਿਓਂ ਇਕ ਪੈੱਨ ਲੱਭ ਕਵਿਤਾਵਾਂ ਲਿਖਣ ਲੱਗ ਪਿਆ।

ਮੁਕੱਦਮਾ ਅੰਮ੍ਰਿਤਾ ਪ੍ਰੀਤਮ ਦੀ ਮੌਤ ਤੋਂ ਮਗਰੋਂ ਵੀ ਛੇ ਸਾਲ ਚਲਦਾ ਰਿਹਾ।

ਓ ਮੇਰੇ ਖੁਦਾ !
ਆਪਣੇ ਬੰਦੇ ਦੇ ਸਿਰ 'ਤੇ
ਮਿਹਰ ਦਾ ਹੱਥ ਰੱਖੀਂ
ਔਰ ਘੁਮੰਡ ਨੂੰ ਇਸ ਤੋਂ
ਹਮੇਸ਼ਾਂ ਲਈ ਵੱਖ ਰਖੀਂ!
ਆਮੀਨ !

# ਨਸ਼ਿਆਂ 'ਚ ਫਸਿਆ ਪੰਜਾਬ ਬਨਾਮ ਕੈਪਟਨ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ



ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ

**ਇੱਕ ਅਧਿਐਨ ਅਨੁਸਾਰ ਪੰਜਾਬ ਵਿੱਚ 75 ਫ਼ੀਸਦੀ ਨੌਜਵਾਨ ਨਸ਼ੀਲੇ ਪਦਾਰਥਾਂ ਦੀ ਲਪੇਟ ਵਿੱਚ ਹਨ, 67 ਫ਼ੀਸਦੀ ਘਰਾਂ ਵਿੱਚ ਘੱਟ ਤੋਂ ਘੱਟ ਇੱਕ ਵਿਅਕਤੀ ਨਸ਼ੇ ਦਾ ਸੇਵਨ ਕਰਦਾ ਹੈ ਤੇ ਹਰ ਸੱਤ ਦਿਨਾਂ ਵਿੱਚ ਇੱਕ ਵਿਅਕਤੀ ਦੀ ਨਸ਼ੇ ਨਾਲ ਮੌਤ ਹੁੰਦੀ ਹੈ। ਸੰਯੁਕਤ ਰਾਸ਼ਟਰ ਦੀ 2011 ਦੀ ਆਲਮੀ ਡਰੱਗਜ਼ ਰੀਪੋਰਟ ਅਨੁਸਾਰ ਏਸ਼ੀਆ ਵਿਚ ਭਾਰਤ ਡਰੱਗਜ਼ ਦਾ ਵੱਡਾ ਖਪਤਕਾਰ ਹੈ, ਜਦਕਿ ਪੰਜਾਬ ਇਸ ਮਾਮਲੇ ਵਿਚ ਮੁਲਕ ਦਾ ਸੱਭ ਤੋਂ ਵੱਧ ਪ੍ਰਭਾਵਿਤ ਸੂਬਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਐਤਕੀਂ ਕਰੀਬ 33 ਕਰੋੜ ਦੇ ਨਸ਼ੇ ਫੜੇ ਗਏ ਹਨ, ਜਦੋਂਕਿ 58 ਕਰੋੜ ਰੁਪਏ ਦੀ ਨਗ਼ਦੀ ਬਰਾਮਦ ਹੋਈ ਹੈ। ਕੇਂਦਰੀ ਕਾਨੂੰਨ ਤੇ ਨਿਆਂ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚੋਂ ਸਭ ਤੋਂ ਵੱਧ ਨਸ਼ੇ ਫੜੇ ਗਏ ਹਨ।**

ਨਸ਼ਿਆਂ ਦਾ ਸੰਸਾਰਕ ਬਾਜ਼ਾਰ ਪੰਜਾਬ ਨੂੰ ਕਮਜ਼ੋਰ ਕਰਨ ਦੀ ਅੰਤਰਰਾਸ਼ਟਰੀ ਸਾਜ਼ਿਸ਼ ਹੈ। ਡਰੱਗਸ ਦਾ ਬਾਜ਼ਾਰ ਗ਼ੈਰ ਕਾਨੂੰਨੀ ਤੌਰ 'ਤੇ ਇਸ ਕਰਕੇ ਵਿਕਸਤ ਹੋ ਰਿਹਾ ਹੈ, ਕਿਉਂਕਿ ਇਸ ਵਿਚ ਪੁਲੀਸ ਪ੍ਰਸ਼ਾਸ਼ਣ ਦੇ ਭ੍ਰਿਸ਼ਟ ਲੋਕ ਤੇ ਭ੍ਰਿਸ਼ਟ ਸਿਆਸਤਦਾਨ ਸ਼ਾਮਲ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਨਸ਼ੇੜੀ ਆਪਣੀ ਪਤਨੀ ਅਤੇ ਬੱਚਿਆਂ ਦੇ ਨਾਲ ਹਿੰਸਾ ਕਰਦੇ ਹਨ, ਕਈ ਪਰਿਵਾਰ ਤਬਾਹ ਹੋ ਜਾਂਦੇ ਹਨ, ਤਲਾਕ ਦੀ ਦਰ ਤੇ ਸੜਕ ਹਾਦਸਿਆਂ ਤੇ ਕਰਾਈਮ ਵਿੱਚ ਵਾਧਾ ਹੋਇਆ ਹੈ। ਇੱਥੋਂ ਤੱਕ ਮਾਂ-ਬਾਪ, ਭਰਾ ਦੇ ਵੀ ਕਤਲ ਹੋ ਚੁੱਕੇ ਹਨ। ਨਸ਼ਿਆਂ ਦਾ ਪ੍ਰਭਾਵ ਕੇਵਲ ਦੇਸ ਦੀ ਅਰਥ-ਵਿਵਸਥਾ 'ਤੇ ਨਹੀਂ, ਸਿੱਖਿਆ, ਸਿਹਤ, ਪਰਿਵਾਰ, ਵਿਆਹ ਸੰਬੰਧਾਂ, ਰੁਜ਼ਗਾਰ, ਵਿਅਕਤੀਤਵ ਵਿਕਾਸ, ਕਾਨੂੰਨ ਦੀ ਉਲੰਘਣਾ, ਅਨੁਸ਼ਾਸਨਹੀਣਤਾ ਆਦਿ 'ਤੇ ਵੀ ਪੈਂਦਾ ਹੈ।

ਇੱਕ ਅਧਿਐਨ ਅਨੁਸਾਰ ਪੰਜਾਬ ਵਿੱਚ 75 ਫ਼ੀਸਦੀ ਨੌਜਵਾਨ ਨਸ਼ੀਲੇ ਪਦਾਰਥਾਂ ਦੀ ਲਪੇਟ ਵਿੱਚ ਹਨ, 67 ਫ਼ੀਸਦੀ ਘਰਾਂ ਵਿੱਚ ਘੱਟ ਤੋਂ ਘੱਟ ਇੱਕ ਵਿਅਕਤੀ ਨਸ਼ੇ ਦਾ ਸੇਵਨ ਕਰਦਾ ਹੈ ਤੇ ਹਰ ਸੱਤ ਦਿਨਾਂ ਵਿੱਚ ਇੱਕ ਵਿਅਕਤੀ ਦੀ ਨਸ਼ੇ ਨਾਲ ਮੌਤ ਹੁੰਦੀ ਹੈ। ਸੰਯੁਕਤ ਰਾਸ਼ਟਰ ਦੀ 2011 ਦੀ ਆਲਮੀ ਡਰੱਗਜ਼ ਰੀਪੋਰਟ ਅਨੁਸਾਰ ਏਸ਼ੀਆ ਵਿਚ ਭਾਰਤ ਡਰੱਗਜ਼ ਦਾ ਵੱਡਾ ਖਪਤਕਾਰ ਹੈ, ਜਦਕਿ ਪੰਜਾਬ ਇਸ ਮਾਮਲੇ ਵਿਚ ਮੁਲਕ ਦਾ ਸੱਭ ਤੋਂ ਵੱਧ ਪ੍ਰਭਾਵਿਤ ਸੂਬਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਐਤਕੀਂ ਕਰੀਬ 33 ਕਰੋੜ ਦੇ ਨਸ਼ੇ ਫੜੇ ਗਏ ਹਨ, ਜਦੋਂਕਿ 58 ਕਰੋੜ ਰੁਪਏ ਦੀ ਨਗ਼ਦੀ ਬਰਾਮਦ ਹੋਈ ਹੈ। ਕੇਂਦਰੀ ਕਾਨੂੰਨ ਤੇ ਨਿਆਂ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚੋਂ ਸਭ ਤੋਂ ਵੱਧ ਨਸ਼ੇ ਫੜੇ ਗਏ ਹਨ।

ਬੀਤੇ ਦਿਨੀਂ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਦਿੱਲੀ ਦੀ ਰਿਪੋਰਟ ਮੁਤਾਬਕ ਪੰਜਾਬ ਵਿਚ ਕੈਮਿਸਟਾਂ ਦੀਆਂ ਦੁਕਾਨਾਂ ਤੋਂ ਹਰ ਸਾਲ ਪੌਣੇ ਚਾਰ ਸੌ ਕਰੋੜ ਰੁਪਏ ਦੀਆਂ ਨਸ਼ੇ ਦੀਆਂ ਦਵਾਈਆਂ ਦੀ ਵਿਕਰੀ ਹੋ ਰਹੀ ਹੈ।

ਰਿਪੋਰਟ ਮੁਤਾਬਿਕ ਨਸ਼ੇ ਕਰਨ ਵਾਲਿਆਂ ਵਿੱਚ 99 ਫ਼ੀਸਦ ਦੀ ਉਮਰ 18 ਤੋਂ 35 ਸਾਲ ਦੇ ਵਿੱਚ ਹੈ ਅਤੇ ਇਨ੍ਹਾਂ ਵਿਚੋਂ 54 ਪ੍ਰਤੀਸ਼ਤ ਵਿਆਹੇ ਵਰੇ ਪੁਰਸ਼ ਹਨ। ਕੈਮਿਸਟਾਂ ਤੋਂ ਨਸ਼ਾ ਕਰਨ ਲਈ ਵਧੇਰੇ ਕਰਕੇ ਕੁਡੀਨ, ਲੋਮੋਟਿਲ, ਬੁਪਰੋ ਨੌਰਫਿਨ, ਫੋਰਟਵਿਨ ਅਤੇ ਨੌਰਫਿਨ ਆਦਿ ਮੁੱਲ ਲਈ ਜਾ ਰਹੀ ਹੈ। ਇਹ ਦਵਾਈਆਂ ਡਾਕਟਰਾਂ ਵਲੋਂ ਮਰੀਜ਼ਾਂ ਵਾਸਤੇ ਲਿਖੀਆਂ ਜਾਂਦੀਆਂ ਹਨ ਪਰ ਵੱਡੀ ਗਿਣਤੀ ਲੋਕ ਕੈਮਿਸਟਾਂ ਨੂੰ ਗੁੰਮਰਾਹ ਕਰਕੇ ਇਹ ਦਵਾਈ ਲੈਣ ਵਿਚ ਕਾਮਯਾਬ ਹੋ ਜਾਂਦੇ ਹਨ। ਕਈ ਕੈਮਿਸਟ ਵਲੋਂ ਇਹ ਦਵਾਈਆਂ ਵੱਧ ਭਾਅ ਦੇ ਲਾਲਚ ਵਸ ਗ਼ੈਰ ਕਾਨੂੰਨੀ ਤੌਰ 'ਤੇ ਵੀ ਵੇਚੀਆਂ ਜਾ ਰਹੀਆਂ ਹਨ।

ਜਾਣਕਾਰੀ ਅਨੁਸਾਰ ਪੰਜਾਬ ਵਿੱਚ ਦਵਾਈਆਂ ਦੀਆਂ 17000 ਪ੍ਰਚੂਨ ਅਤੇ 8000 ਥੋਕ ਦੀਆਂ ਦੁਕਾਨਾਂ ਹਨ ਪਰ ਇਨ੍ਹਾਂ ਦੀ ਜਾਂਚ ਲਈ ਕੇਵਲ 48 ਡਰੱਗ ਇੰਸਪੈਕਟਰ ਹਨ। ਇਸ ਤਰ੍ਹਾਂ ਏਨੀ ਘੱਟ ਗਿਣਤੀ ਵਿਚ ਫੋਰਸ ਦੇ ਹੁੰਦਿਆਂ ਕੈਮਿਸਟਾਂ 'ਤੇ ਬਾਜ਼ ਅੱਖ ਰੱਖਣੀ ਆਸਾਨ ਨਹੀਂ ਹੈ। ਪਿਛਲੇ ਸਾਲ ਦੀ ਕਾਰਗੁਜ਼ਾਰੀ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਬਾਰਾਂ ਮਹੀਨੇ ਵਿੱਚ ਕੇਵਲ 9153 ਕੈਮਿਸਟਾਂ ਦੀਆਂ ਦੁਕਾਨਾਂ 'ਤੇ ਛਾਪੇ ਮਾਰੇ ਗਏ ਸਨ। ਇਹਨਾਂ ਵਿਚੋਂ 434 ਵਿਰੁੱਧ ਗ਼ੈਰ ਕਾਨੂੰਨੀ ਤੌਰ 'ਤੇ ਦਵਾਈ ਵੇਚਣ ਦਾ ਕੇਸ ਚਲ ਰਿਹਾ ਹੈ ਤੇ ਸਿਰਫ਼ 54 ਨੂੰ ਸਜ਼ਾ ਹੋਈ ਹੈ। ਸਰਕਾਰ ਵੱਲੋਂ ਖੋਲ੍ਹੇ ਗਏ ਨਸ਼ਾ ਛਡਾਉ ਕੇਂਦਰਾਂ ਵਿੱਚ ਮਨੋਰੋਗ ਦੇ ਮਾਹਿਰ ਡਾਕਟਰ ਨਹੀਂ ਹਨ। ਇਸ ਤੋਂ ਵੀ ਅੱਗੇ ਨਸ਼ੇੜੀਆਂ ਨੂੰ ਨਸ਼ਾਮੁਕਤ ਕਰਨ ਤੋਂ ਬਾਅਦ ਉਹਨਾਂ ਦੇ ਮੁੜ ਵਸੇਬੇ ਲਈ ਜਿਹੜੇ ਕੇਂਦਰ ਖੋਲ੍ਹੇ ਗਏ ਹਨ ਉਨ੍ਹਾਂ ਵਿੱਚ ਵੀ ਮਾਹਿਰ ਡਾਕਟਰਾਂ ਦੀ ਘਾਟ ਹੈ। ਪੰਜਾਬ ਸਿਹਤ ਵਿਭਾਗ ਦੇ ਸਟੇਟ ਡਰੱਗ ਇੰਸਪੈਕਟਰ ਡਾਕਟਰ ਪਰਵੀਨ ਮੱਟੂ ਦਾ ਕਹਿਣਾ ਹੈ ਕਿ ਆਮ ਕਰਕੇ ਡਾਕਟਰਾਂ ਵਲੋਂ ਮਰੀਜ਼ ਨੂੰ ਬਿਮਾਰੀ ਦੇ ਇਲਾਜ ਲਈ ਦਿੱਤੀਆਂ ਜਾ ਰਹੀਆਂ ਦਵਾਈਆਂ ਹੀ ਬਾਅਦ ਵਿਚ ਨਸ਼ੇ ਦੇ ਰੂਪ ਵਿਚ ਲੋਕ ਵਰਤਣ ਲੱਗ ਪੈਂਦੇ ਹਨ।

ਇਕ ਰਿਪੋਰਟ ਅਨੁਸਾਰ ਪੰਜਾਬ ਦੇ 8.6 ਲੱਖ ਲੋਕ ਮਹਿੰਗੇ ਡਰੱਗ ਦਾ ਖਤਰਨਾਕ ਢੰਗ ਨਾਲ ਨਸ਼ਾ ਕਰਦੇ ਹਨ। ਪੰਜਾਬ ਵਿਚ ਸ਼ਰਾਬ, ਅਫੀਮ, ਭੰਗ, ਗਾਂਜਾ, ਡੋਡਾ, ਭੁੱਕੀ ਆਦਿ ਤੋਂ ਇਲਾਵਾ ਹੀਰੋਇਨ, ਸਮੈਕ, ਕੋਕੀਨ, ਸੰਥੈਟਿਕ ਡਰੱਗ, ਆਈਸ ਡਰੱਗ ਦਾ ਉਪਯੋਗ ਹੋ ਰਿਹਾ ਹੈ। ਸਿੰਥੈਟਿਕ ਨਸ਼ੇ ਤਾਂ ਪੰਜਾਬ ਵਿਚ ਬਣਦੇ ਹਨ। ਇਸ ਸਬੰਧੀ ਪੰਜਾਬ ਪੁਲੀਸ ਪਹਿਲਾਂ ਹੀ ਪਰਦਾਫਾਸ਼ ਕਰ ਚੁੱਕੀ ਹੈ। ਡਰੱਗ, ਚਿੱਟਾ ਜੋ ਇੱਕ ਵਾਰ ਚਖਦਾ ਹੈ, ਉਹ ਉਸ ਦੀ ਲਪੇਟ ਵਿਚ ਆ ਜਾਂਦਾ ਹੈ।

ਖੁਫੀਆ ਰਿਪੋਰਟਾਂ ਅਨੁਸਾਰ ਨਸ਼ਿਆਂ ਦਾ ਮੁੱਖ ਕਾਰਨ ਗੁਆਂਢੀ ਦੇਸ ਪਾਕਿਸਤਾਨ ਹੈ। ਇੱਥੋਂ ਸਮੱਗਲਿੰਗ ਰਾਹੀਂ ਸਾਰੇ ਪ੍ਰਕਾਰ ਦੇ ਡਰੱਗ, ਨਸ਼ੇ ਇਧਰ ਆ ਰਹੇ ਹਨ। ਪਿਛਲੇ ਪੰਜ ਸਾਲਾਂ ਦੌਰਾਨ 6 ਹਜ਼ਾਰ ਕਰੋੜ ਦੀ ਡਰੱਗ ਫੜੀ ਗਈ। ਸਰਹੱਦੀ ਪਿੰਡਾਂ ਵਿਚ ਕਈ ਪਰਿਵਾਰਾਂ ਦੀਆਂ ਦੋ ਤਿੰਨ ਪੀੜ੍ਹੀਆਂ ਨਸ਼ੇ ਦੀ ਸਮੱਗਲਿੰਗ ਦੇ ਕਾਰੋਬਾਰ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਨੂੰ ਰਾਜਨੀਤਕ ਥਾਪੜਾ ਵੀ ਹਾਸਲ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੌਰਾਨ ਕੁਝ ਮੰਤਰੀਆਂ ਦੇ ਇਸ ਧੰਦੇ ਵਿਚ ਸ਼ਾਮਲ ਹੋਣ ਦੇ ਦੋਸ਼ ਲੱਗੇ ਸਨ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਪਸਰੇ ਨਸ਼ਿਆਂ ਦੇ ਰੁਝਾਨ ਸਬੰਧੀ ਹਾਈਕੋਰਟ ਦੇ ਹੁਕਮਾਂ 'ਤੇ ਬਣੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਹੁਣੇ ਜਿਹੇ ਸਿਆਸੀ ਆਗੂਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਸੀ। 'ਸਿੱਟ' ਦੁਆਰਾ 16 ਮਾਰਚ ਨੂੰ ਅਦਾਲਤ ਵਿੱਚ ਪੇਸ਼ ਕੀਤੀ ਗਈ 1700 ਪੰਨਿਆਂ ਦੀ ਰਿਪੋਰਟ ਵਿੱਚ ਬਰਖ਼ਾਸਤ ਡੀਐਸਪੀ ਜਗਦੀਸ਼ ਸਿੰਘ ਭੋਲਾ ਸਮੇਤ 20 ਮੁਲਜ਼ਮਾਂ ਦੇ ਨਾਂ ਸ਼ਾਮਲ ਹਨ ਪਰ ਕਿਸੇ ਵੀ ਸਿਆਸੀ ਆਗੂ ਦਾ ਨਾਂ ਇਸ ਵਿਚ ਨਹੀਂ ਹੈ। ਰਿਪੋਰਟ ਵਿੱਚ ਇਨ੍ਹਾਂ ਮੁਲਜ਼ਮਾਂ ਦੇ ਮੋਬਾਈਲ ਫ਼ੋਨਾਂ ਦੀਆਂ ਕਾਲਾਂ ਦਾ ਬਿਓਰਾ ਤੇ ਕੰਪਿਊਟਰਾਂ ਦਾ ਰਿਕਾਰਡ ਖੰਘਾਲਣ ਦਾ ਦਾਅਵਾ ਕੀਤਾ ਗਿਆ ਹੈ ਪਰ ਜਾਂਚ ਟੀਮ ਨੂੰ ਇਨ੍ਹਾਂ ਨਸ਼ਾ ਤਸਕਰਾਂ ਸੰਬੰਧ ਕਿਸੇ ਸਿਆਸਤਦਾਨ ਨਾਲ ਜੁੜੇ ਦਿਖਾਈ ਨਾ ਦਿੱਤੇ। ਸੁਆਲ ਇਹ ਹੈ ਕਿ ਪੰਜਾਬ ਵਿਚ ਨਸ਼ੇ ਭ੍ਰਿਸ਼ਟ ਪੁਲੀਸ ਅਫਸਰਾਂ ਤੇ ਰਾਜਨੀਤਕ ਥਾਪੜੇ ਤੋਂ ਬਿਨਾਂ ਕਿਵੇਂ ਵਿਕ ਸਕਦੇ ਸਨ? ਇਹ ਆਮ ਲੋਕਾਂ ਦੀ ਮਾਨਸਿਕਤਾ ਵਿਚ ਸੁਆਲ ਉਭਰਨੇ ਸ਼ੁਰੂ ਹੋ ਗਏ ਹਨ। ਇਕ ਸਾਬਕਾ ਪੁਲੀਸ ਅਧਿਕਾਰੀ ਨੇ ਵੀ ਇਕ ਪ੍ਰੈੱਸ ਕਾਨਫਰੰਸ ਦੌਰਾਨ ਪੁਲੀਸ ਅਫ਼ਸਰਾਂ, ਸਿਆਸਤਦਾਨਾਂ ਤੇ ਡਰੱਗ ਸਮੱਗਲਰਾਂ ਦੀ ਮਿਲੀਭੁਗਤ ਦੇ ਦੋਸ਼ ਲਗਾਏ ਸਨ ਤੇ ਕਿਹਾ ਸੀ ਕਿ ਇਨ੍ਹਾਂ ਕਾਰਨਾਂ ਕਰਕੇ ਨਸ਼ਿਆਂ ਦੀ ਤਸਕਰੀ ਹੋ ਰਹੀ ਹੈ। ਪਰ ਸਿੱਟ ਨੇ ਇਨ੍ਹਾਂ ਤੱਥਾਂ ਨੂੰ ਆਪਣੀ ਜਾਂਚ ਦਾ ਆਧਾਰ ਕਿਉਂ ਨਹੀਂ ਬਣਾਇਆ?

ਹੁਣੇ ਜਿਹੇ ਕੈਪਟਨ ਸਰਕਾਰ ਨੇ ਨਸ਼ੀਲੇ ਪਦਾਰਥਾਂ (ਡਰੱਗਜ਼) ਦੇ ਸਮਗਲਰਾਂ ਖ਼ਿਲਾਫ਼ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਪੁਲੀਸ ਨੂੰ 181 ਨੰਬਰ ਹੈਲਪਲਾਈਨ 'ਤੇ ਪਿਛਲੇ ਕੇਵਲ ਦੋ ਦਿਨਾਂ ਵਿੱਚ ਨਸ਼ਿਆਂ ਦੇ ਸਬੰਧ ਵਿੱਚ 240 ਸੂਹਾਂ ਮਿਲੀਆਂ ਹਨ। ਇਸ ਸਬੰਧੀ ਹੁਣ ਤੱਕ ਤਕਰੀਬਨ 500 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਨਸ਼ਿਆਂ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਕੋਲੋਂ 4.034 ਕਿਲੋ ਹੈਰੋਇਨ ਤੇ 0.605 ਕਿਲੋ ਸਮੈਕ ਬਰਾਮਦ ਕੀਤੀ ਗਈ। ਇਸ ਦੌਰਾਨ 2.22 ਕਿਲੋ ਚਰਸ, 24.46 ਕਿਲੋ ਅਫ਼ੀਮ, 715.31 ਕਿਲੋ ਪੋਸਤ ਅਤੇ 1.879 ਕਿਲੋ ਭੰਗ ਫੜੀ ਗਈ ਹੈ। ਪੁਲੀਸ ਨੇ 12.519 ਕਿਲੋ ਨਸ਼ੀਲਾ ਪਾਊਡਰ, 1576 ਟੀਕੇ, 111893 ਗੋਲੀਆਂ/ਕੈਪਸੂਲ, 72.78 ਕਿਲੋ ਗਾਂਜਾ ਅਤੇ 133 ਸ਼ੀਸ਼ੀਆਂ ਸਿਰਪ ਵੀ ਫੜਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਾਰਕੋਟਿਕਸ ਕੰਟਰੋਲ ਬਿਊਰੋ, ਡਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ ਅਤੇ ਕਸਟਮਜ਼ ਵਿਭਾਗ ਵਰਗੀਆਂ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰਨ ਲਈ ਵੀ ਸੂਬਾਈ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਹਨ ਤਾਂ ਜੋ ਦੇਸ਼ ਦੇ ਹੋਰ ਹਿੱਸਿਆਂ ਅਤੇ ਸਰਹੱਦੋਂ ਪਾਰੋਂ ਵੀ ਨਸ਼ਿਆਂ ਦੀ ਸਪਲਾਈ ਤੇ ਤਸਕਰੀ ਰੋਕੀ ਜਾ ਸਕੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਦਾਅਵਾ ਹੈ ਕਿ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਵਿਰੋਧੀ ਮੁਹਿੰਮ ਦੇ ਚੰਗੇ ਨਤੀਜੇ ਨਿਕਲਣ ਲੱਗੇ ਹਨ ਅਤੇ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਹਰਪ੍ਰੀਤ ਸਿੰਘ ਦੀ ਅਗਵਾਈ ਵਿਚ ਇਸ ਮੁਹਿੰਮ ਨੂੰ ਹੁਲਾਰਾ ਮਿਲੇਗਾ। ਪਰ ਇਸ ਮੁਹਿੰਮ ਦੇ ਸਿੱਟੇ ਕਿੰਨੇ ਕੁ ਸਾਰਥਕ ਰਹਿਣਗੇ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ।

ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਉਹ ਨਸ਼ੇ ਨਾਲ ਜੁੜੇ ਸਿਆਸਤਦਾਨਾਂ ਤੇ ਭ੍ਰਿਸ਼ਟ ਪੁਲੀਸ ਅਫਸਰਾਂ ਨੂੰ ਨਹੀਂ ਛੱਡਣਗੇ। ਇਸ ਲਈ ਉਨ੍ਹਾਂ ਨੂੰ ਇਸ ਸੰਬੰਧ ਵਿਚ ਬਾਕਾਇਦਾ ਉੱਚ ਪੱਧਰ ਦੇ ਇਮਾਨਦਾਰ ਪੁਲੀਸ ਅਫਸਰਾਂ ਤੇ ਸਾਬਕਾ ਜੱਜਾਂ ਦੀ ਕਮੇਟੀ ਬਣਾਉਣੀ ਚਾਹੀਦੀ ਹੈ, ਜੋ ਕਿ ਇਸ ਸੰਬੰਧ ਵਿਚ ਜਾਂਚ ਕਰੇ ਕਿ ਡਰੱਗ ਸਮੱਗਲਿੰਗ ਪਿੱਛੇ ਕਿਹੜੇ ਸਿਆਸਤਦਾਨ ਤੇ ਭ੍ਰਿਸ਼ਟ ਪੁਲੀਸ ਅਫਸਰ ਹਨ। ਸੁਆਲ ਤਾਂ ਇਹ ਹੈ ਕਿ ਜੇਕਰ ਚੋਣਾਂ ਦੌਰਾਨ ਕਰੋੜਾਂ ਰੁਪਏ ਵਿਚ ਖਰਚੇ ਜਾਂਦੇ ਹਨ ਤਾਂ ਇਹ ਫੰਡ ਕਿੱਥੋਂ ਆਉਂਦੇ ਹਨ। ਇਸ ਬਾਰੇ ਵੀ ਜਾਂਚ ਕਰਨ ਦੀ ਲੋੜ ਹੈ, ਕਿਉਂਕਿ ਇਹ ਮਨੁੱਖੀ ਹਿੱਤਾਂ ਦਾ ਸਵਾਲ ਹੈ ਅਤੇ ਪੰਜਾਬੀਆਂ ਦੀ ਹੋਂਦ ਤੇ ਜਵਾਨੀ ਬਚਾਉਣ ਦਾ ਵਿਸ਼ਾ ਹੈ।

### ਕਾਰਲ ਮਾਰਕਸ ਦੇ ਜਨਮ ਦਿਨ 'ਤੇ ਵਿਚਾਰ-ਚਰਚਾ

# ਲੋਕ-ਮੁਕਤੀ ਦਾ ਮਾਰਗ-ਦਰਸ਼ਕ ਮਾਰਕਸੀ ਫ਼ਲਸਫਾ: ਬੁੱਧੀਜੀਵੀਆਂ ਦਾ ਵਿਚਾਰ

ਜਲੰਧਰ- 5 ਮਈ 1818 ਨੂੰ ਜਨਮੇ ਕਾਰਲ ਮਾਰਕਸ ਦੇ 199ਵੇਂ ਜਨਮ ਦਿਹਾੜੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਉਹਨਾਂ ਦੀਆਂ ਫ਼ਲਸਫਾਨਾ, ਅਨੇਕਾਂ ਵਿਸ਼ਿਆਂ 'ਤੇ ਸਿਰਜੀਆਂ ਰਚਨਾਵਾਂ ਅਤੇ ਲੁੱਟ ਰਹਿਤ ਸਮਾਜ ਦੀ ਉਸਾਰੀ ਦੇ ਸਿਧਾਂਤ ਉਪਰ ਗੰਭੀਰ ਵਿਚਾਰ ਚਰਚਾ ਕੀਤੀ।

ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਹੋਏ ਇਸ ਸਮਾਗਮ 'ਚ ਸ਼ਹੀਦ ਭਗਤ ਸਿੰਘ ਦੇ ਸਾਥੀ ਬੈਕੁੰਠ ਨਾਥ ਸ਼ੁਕਲ (ਜਨਮ 5 ਮਈ 1907) ਅਤੇ ਪ੍ਰੀਤੀ ਲਤਾ ਵਾਡੇਕਰ (5 ਮਈ 1911) ਨੂੰ ਵੀ ਇਸ ਰੋਜ਼ ਉਹਨਾਂ ਦੇ ਜਨਮ ਦਿਹਾੜੇ 'ਤੇ ਯਾਦ ਕੀਤਾ ਗਿਆ।

ਵਿਚਾਰ ਚਰਚਾ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ, ਸੀਨੀਅਰ ਟਰੱਸਟੀ ਗੰਧਰਵ ਸੇਨ ਕੋਛੜ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਸਮਾਗਮ 'ਚ ਕਮੇਟੀ ਵੱਲੋਂ ਦੋਵੇਂ ਵਕਤਾ ਡਾ. ਪਰਮਿੰਦਰ, ਕਾਮਰੇਡ ਜਗਰੂਪ, ਸਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਮੰਚ ਸੰਚਾਲਕ ਅਮੋਲਕ ਸਿੰਘ ਮੰਚ 'ਤੇ ਸਸ਼ੋਭਤ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਨੇ ਸਮਾਗਮ ਦਾ ਆਗਾਜ਼ ਕਰਦਿਆਂ ਕਿਹਾ ਕਿ ਕਾਰਲ ਮਾਰਕਸ ਦੇ ਜਨਮ ਨੂੰ ਭਾਵੇਂ ਦੋ ਸਦੀਆਂ ਬੀਤ ਗਈਆਂ ਪਰ ਉਹਨਾਂ ਦੇ ਪੈਦਾਵਾਰੀ ਪ੍ਰਬੰਧ ਬਾਰੇ ਨਿਰਣੇ, ਸਮਾਜ ਦਾ ਅਧਿਐਨ ਕਰਨ ਦਾ ਵਿਗਿਆਨਕ ਜਮਾਤੀ ਨਜ਼ਰੀਆ, ਸਮਾਜ ਅੰਦਰ ਫੈਲੀਆਂ ਮਾਨਵ ਵਿਰੋਧੀ ਕੁੱਲ ਅਲਾਮਤਾਂ ਦੀ ਜੜ੍ਹ ਅਤੇ ਇਹ ਜੜ੍ਹ ਪੁੱਟਣ ਦੇ ਲਾਜ਼ਮੀ ਸੁਆਲ ਨੂੰ ਵਿਸ਼ਵ ਦੇ ਅਜੰਡੇ 'ਤੇ ਲਿਆਉਣ ਦੀ ਦੇਣ ਅੱਜ ਹੋਰ ਵੀ ਪ੍ਰਸੰਗਕ ਅਤੇ ਸਾਰਥਕ ਹੈ।

ਜਨਰਲ ਸਕੱਤਰ ਨੇ ਕਿਹਾ ਕਿ ਅਜੋਕੇ ਸਮੇਂ ਅੰਦਰ ਮਾਰਕਸਵਾਦੀ ਦਰਸ਼ਨ ਹੀ ਸਰਵੋਤਮ ਦਰਸ਼ਨ ਹੈ ਜਿਹੜਾ ਦੁਨੀਆਂ ਭਰ ਦੇ ਲੋਕਾਂ ਦੀ ਮੁਕਤੀ ਦਾ ਮਾਰਗ-ਦਰਸ਼ਕ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਨੇ 'ਕਾਰਲ ਮਾਰਕਸ ਦੀਆਂ ਹਿੰਦੋਸਤਾਨ ਬਾਰੇ ਲਿਖਤਾਂ ਦਾ ਮਹੱਤਵ' ਵਿਸ਼ੇ ਉਪਰ ਬੋਲਦਿਆਂ ਕਿਹਾ ਕਿ ਦੂਜਿਆਂ ਦੀ ਕਿਰਤ ਹੜੱਪਕੇ ਪਲਣ ਵਾਲੀਆਂ ਅਤੇ ਕਿਰਤ ਲੁਟਾ ਰਹੀਆਂ ਜਮਾਤਾਂ ਅੰਦਰ ਪਨਪਦੇ ਵਿਰੋਧ ਦੀ ਤੰਦ ਸਫ਼ਲਤਾ ਨਾਲ ਫੜਦਿਆਂ ਕਾਰਲ ਮਾਰਕਸ ਨੇ ਇਹ ਸਿਧਾਂਤ ਸਾਹਮਣੇ ਲਿਆਂਦਾ ਕਿ ਜਮਾਤੀ ਰਾਜ ਖਤਮ ਕਰਕੇ ਹਕੀਕੀ ਆਜ਼ਾਦੀ, ਖਰੀ ਜਮਹੂਰੀਅਤ, ਸਮਾਜਵਾਦ ਅਤੇ ਕਮਿਊਨਿਜ਼ਮ ਵੱਲ ਸਫ਼ਲਤਾ ਨਾਲ ਵਧਿਆ ਜਾ ਸਕਦਾ ਹੈ।



ਡਾ. ਪਰਮਿੰਦਰ ਨੇ ਇਤਿਹਾਸਕ ਹਵਾਲਿਆਂ ਨਾਲ ਦਰਸਾਇਆ ਕਿ ਸਾਡੇ ਦੇਸ਼ ਅੰਦਰ ਰੇਲਾਂ, ਸੜਕਾਂ, ਨਹਿਰਾਂ ਦਾ ਜਾਲ, ਸਾਡੇ ਮੁਲਕ ਦੀ ਤਰੱਕੀ ਲਈ ਨਹੀਂ ਸੀ ਸਗੋਂ ਬਰਤਾਨਵੀ ਸਾਮਰਾਜ ਦੀਆਂ ਆਰਥਕ ਅਤੇ ਫੌਜੀ ਲੋੜਾਂ ਦੀ ਪੂਰਤੀ ਲਈ ਕੀਤਾ ਗਿਆ ਸੀ। ਅਜੇਹੇ ਲੁੱਟ ਅਤੇ ਦਾਬੇ ਤੇ ਅਧਾਰਤ 'ਵਿਕਾਸ' ਨੇ ਅਸਲ 'ਚ ਸਾਡੇ ਮੁਲਕ ਦੀ ਦਸਤਕਾਰੀ ਨੂੰ ਤਬਾਹ ਕਰਨ ਦਾ ਕੰਮ ਕੀਤਾ। ਮਾਰਕਸ ਅਜਿਹੇ ਪ੍ਰਬੰਧ ਨੂੰ ਸਾਡੇ ਮੁਲਕ ਦਾ ਖ਼ੂਨ ਚੂਸਣ ਦਾ ਨਾਂਅ ਦਿੰਦੇ ਹਨ। ਉਹਨਾਂ ਕਿਹਾ ਕਿ ਲੈਨਿਨ ਨੇ ਕੌਮੀ ਮੁਕਤੀ ਲਹਿਰਾਂ ਦਾ ਜੋ ਮਾਰਗ ਦਰਸ਼ਨ ਪੇਸ਼ ਕੀਤਾ ਉਸਦੀ ਅਧਾਰਸ਼ਿਲਾ ਮਾਰਕਸੀ ਦਰਸ਼ਨ ਅਤੇ ਰਾਜਨੀਤੀ ਅੰਦਰ ਸਮੋਈ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਜਗਰੂਪ ਨੇ 'ਕਾਰਲ ਮਾਰਕਸ ਦੀ ਸਿਧਾਂਤਕ ਅਤੇ ਦਾਰਸ਼ਨਿਕ ਦੇਣ' ਵਿਸ਼ੇ ਉਪਰ ਬੋਲਦਿਆਂ ਕਿਹਾ ਕਿ ਕਾਰਲ ਮਾਰਕਸ ਦਾ ਵਿਗਿਆਨ ਸ਼ੁਰੂ ਹੀ ਇਥੋਂ ਹੁੰਦਾ ਹੈ ਉਹਨਾਂ ਕਿਹਾ ਸੀ,''ਹੁਣ ਤੱਕ ਦਾ ਫਲਸਫਾ ਹਾਲਾਤ ਦੀ ਸਿਰਫ਼ ਫੋਟੋਗਰਾਫੀ ਕਰਦਾ ਹੈ, ਭਾਵ ਹਾਲਾਤ ਬਿਆਨੀ ਕਰਦਾ ਹੈ ਜਦੋਂ ਕਿ ਅਸਲ ਮੁੱਦਾ ਤਾਂ ਅਜੋਕੇ ਸਮਾਜ ਨੂੰ ਬਦਲਣ ਦਾ ਹੈ।'' ਕਾਮਰੇਡ ਜਗਰੂਪ ਨੇ ਜ਼ੋਰ ਦੇ ਕੇ ਕਿਹਾ ਕਿ ਮਾਰਕਸ ਨੇ ਧਰਮ ਸਮੇਤ ਹਰੇਕ ਮਸਲੇ ਬਾਰੇ ਬਹੁਤ ਹੀ ਗਹਿਰਾਈ, ਬਾਰੀਕੀ ਅਤੇ ਵਿਗਿਆਨ ਆਧਾਰ ਤੇ ਵਿਸ਼ਲੇਸ਼ਣ ਕੀਤਾ ਅਤੇ ਇਨਕਲਾਬੀ ਸਮਾਜਕ ਤਬਦੀਲੀ ਦਾ ਸਿਧਾਂਤ ਸਾਹਮਣੇ ਲਿਆਂਦਾ। ਸਰਮਾਇਆਦਾਰੀ ਪ੍ਰਬੰਧ ਸ਼ੁਰੂ ਕਿਵੇਂ ਹੁੰਦੈ, ਵਧਦਾ ਫੁਲਦਾ ਕਿਵੇਂ ਹੈ ਅਤੇ ਆਪਣੀ ਮੌਤ ਕਿਵੇਂ ਮਰਦਾ ਹੈ ਇਹਨਾਂ ਤਿੰਨ ਨੁਕਤਿਆਂ ਬਾਰੇ ਮਾਰਕਸ ਦੀ ਇਤਿਹਾਸਕ ਦੇਣ ਬਾਰੇ ਜਗਰੂਪ ਨੇ ਰੌਸ਼ਨੀ ਪਾਈ।

ਕਾਮਰੇਡ ਜਗਰੂਪ ਨੇ ਵਿਸ਼ੇਸ਼ ਅੰਦਾਜ਼ ਵਿੱਚ ਇਤਿਹਾਸਕ ਹਵਾਲਾ ਦਿੰਦਿਆਂ ਕਿਹਾ ਕਿ,''ਮਾਰਕਸਵਾਦ ਨੂੰ ਉਸਦੇ ਅਖੌਤੀ ਵਾਰਸਾਂ ਤੋਂ ਦੁਸ਼ਮਣਾਂ ਨਾਲੋਂ ਵੀ ਵਧੇਰੇ ਖ਼ਤਰਾ ਹੈ।'' ਇਹ ਗੱਲ ਭਾਵੇਂ ਬਹੁਤ ਸਮਾਂ ਪਹਿਲਾਂ ਕਹੀ ਗਈ ਸੀ ਪਰ ਅੱਜ ਵੀ ਇਹੋ ਸੱਚ ਹੈ।

ਪ੍ਰਧਾਨਗੀ ਮੰਡਲ ਵੱਲੋਂ ਸੀਨੀਅਰ ਟਰੱਸਟੀ ਗੰਧਰਵ ਸੇਨ ਕੋਛੜ ਨੇ ਕਿਹਾ ਕਿ ਮਾਰਕਸੀ ਫਲਸਫੇ ਦੀ ਰੌਸ਼ਨੀ 'ਚ ਸਮੇਂ ਦੀ ਲੋੜ ਹੈ ਕਿ ਮੁਲਕ ਅੰਦਰ ਸਿਰ ਚੁੱਕ ਰਹੇ ਫ਼ਿਰਕੂ ਫਾਸ਼ੀ ਖ਼ਤਰੇ ਦਾ ਟਾਕਰਾ ਕਰਨ ਲਈ ਵਿਚਾਰ ਅਤੇ ਅਮਲ ਦੇ ਸੁਮੇਲ ਉਪਰ ਜ਼ੋਰ ਦਿੱਤਾ ਜਾਵੇ।

ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਅਜੇਹੇ ਢੁਕਵੇਂ ਮੌਕਿਆਂ ਅਤੇ ਵਿਸ਼ਿਆਂ ਉਪਰ ਨਿਰੰਤਰ ਵਿਚਾਰ ਗੋਸ਼ਟੀਆਂ ਕਰਨ ਦਾ ਭਰੋਸਾ ਦੁਆਉਂਦਿਆਂ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਜਗਰੂਪ ਦੁਆਰਾ ਰਚਿਤ ਪੁਸਤਕ 'ਇਨਕਲਾਬੀ ਦਰਸ਼ਨ' ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤੀ ਗਈ। ਸਮਾਗਮ 'ਚ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਕਮੇਟੀ ਮੈਂਬਰ ਹਰਵਿੰਦਰ ਭੰਡਾਲ, ਡਾ. ਕਰਮਜੀਤ, ਬਲਬੀਰ ਕੌਰ ਬੁੰਡਾਲਾ, ਦੇਵ ਰਾਜ ਨਯੀਅਰ, ਰਣਜੀਤ ਸਿੰਘ ਔਲਖ, ਮਨਜੀਤ ਸਿੰਘ ਤੋਂ ਇਲਾਵਾ ਡਾ. ਸੇਵਾ ਸਿੰਘ, ਗੁਰਮੀਤ ਕੌਰ ਧਾਮੀ, ਇਕਬਾਲ ਧਾਮੀ, ਬਲਵਿੰਦਰ ਕੌਰ, ਗੁਰਦੀਪ ਸਿੰਘ ਸੰਧਰ, ਡਾ. ਜਗਜੀਤ ਸਿੰਘ ਚੀਮਾ, ਗਿਆਨ ਸਿੰਘ ਸੈਦਪੁਰੀ, ਬੂਟਾ ਸਿੰਘ, ਹਰਮੇਸ਼ ਮਾਲੜੀ, ਤਰਸੇਮ ਪੀਟਰ, ਕਸ਼ਮੀਰ ਘੁੱਗਸ਼ੋਰ, ਸੁਖਦੇਵ ਸਿੰਘ ਬਿਲਗਾ, ਪ੍ਰੋ. ਗੋਪਾਲ ਬੁੱਟਰ, ਮਨਦੀਪ ਨਿਰਮੋਹੀ, ਐਡਵੋਕੇਟ ਅਮਰਜੀਤ ਬਾਈ ਅੰਮ੍ਰਿਤਸਰ, ਸ਼ਾਮ ਲਾਲ ਤੇ ਕੇਸਰ ਆਦਿ ਹਾਜ਼ਰ ਸਨ।

**– ਅਮੋਲਕ ਸਿੰਘ, ਕਨਵੀਨਰ, ਸਭਿਆਚਾਰਕ ਵਿੰਗ**
(94170 76735)

# ਬੜਾ ਡੂੰਘਾ ਰਿਸ਼ਤਾ ਹੈ ਕੇਸਾਂ ਦਾ ਮਨੁੱਖ ਨਾਲ



ਅੰਗਰੇਜ਼ ਸਿੰਘ ਹੁੰਦਲ
98767-85672

ਇਨਸਾਨ ਦੀ ਹੋਂਦ ਕੁੱਝ 4,00,000 ਸਾਲ ਪਹਿਲਾਂ ਤੋਂ ਦਰਜ਼ ਹੈ ਪਰ ਸਿਰਫ 2,500 ਸਾਲ ਪਹਿਲਾਂ ਇਨਸਾਨ ਵਾਲਾਂ ਨੂੰ ਕੁਝ ਅਛੇ ਕਾਰਨਾਂ ਤੋਂ ਕਤਲ ਕਰਨ ਲਗ ਪਿਆ। ਪੁਰਾਤਨ ਮਿਸਰ, ਗ੍ਰੀਕ, ਯਹੂਦੀ ਵੀ ਵਾਲਾਂ ਨੂੰ ਤਰਜੀਹ ਦਿੰਦੇ ਸਨ। ਸਿਰਫ ਦੇਵਤਿਆਂ ਨੂੰ ਅਰਪਣ ਕਰਨ ਲਈ ਜਾਂ ਕਿਸੇ ਦੀ ਮੌਤ ਦੇ ਸ਼ੋਕ ਪ੍ਰਗਟ ਕਰਨ ਲਈ ਉਹ ਵਾਲਾਂ ਨੂੰ ਕੱਟਦੇ ਸਨ।

ਇਨਸਾਨੀ ਵਾਲਾਂ ਦਾ ਰਹੱਸ: ਰੂਸੀ ਵਿਗਿਆਨਿਕ ਵਾਲਾਂ ਨੂੰ ਸੰਵੇਦਨੀਸ਼ਲ ਤੰਤੂ ਮੰਨਦੇ ਹਨ। ਵਾਲਾਂ ਤੋਂ ਕਿਸੇ ਦੀ ਸਿਹਤ ਅਤੇ ਪੁਰਾਣੀ ਬਿਮਾਰੀ ਦਾ ਪਤਾ ਲਗਾਇਆ ਜਾ ਸਕਦਾ ਹੈ। ਵਾਲਾਂ ਦਾ ਇਕ ਕਾਰਜ ਇਹ ਵੀ ਹੈ ਕਿ ਉਹ ਸੂਰਜ ਦੀਆ ਕਿਰਨਾਂ ਨਾਲ ਮਿਲ ਕੇ ਵਿਟਾਮਿਨ ਡੀ ਨੂੰ ਭਾਰੀ ਮਾਤਰਾ ਨਾਲ ਸੋਖ ਲੈਂਦੇ ਹਨ। ਜਿਵੇਂ ਸੂਰਜ ਦੀਆਂ ਕਿਰਨਾਂ ਤੋਂ ਬਿਨਾਂ ਜੀਵਨ ਸੰਭਵ ਨਹੀਂ ਤਿਵੇਂ ਹੀ ਵਾਲਾਂ ਤੋਂ ਬਿਨਾਂ ਇਨਸਾਨੀ ਜੀਵਨ ਸੰਭਵ ਨਹੀਂ। ALAN-E-HOARSE ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ ਜੇਕਰ ਵਾਲਾਂ ਦੀ ਇਵੇਂ ਹੀ ਬੇਅਦਬੀ ਕਰਦੇ ਰਹੇ ਤਾਂ ਅੱਗੇ ਚਲ ਕਿ ਸਰੀਰ ਵਿੱਚ ਕੁਝ ਤੱਤਾਂ ਦੀ ਕਮੀ ਇਸ ਪ੍ਰਕਾਰ ਦੀ ਹੋਵੇਗੀ ਕਿ ਇਨਸਾਨ ਦੀ ਹੋਂਦ ਹੀ ਬਦਲ ਜਾਵੇਗੀ। ਉਸ ਦਾ ਸਿਰ ਇਕ ਗੁੰਬਦ ਵਾਂਗ ਵੱਡਾ ਹੋ ਜਾਵੇਗਾ, ਲੱਤਾਂ ਤੀਲੀਆਂ ਵਾਂਗ ਸੁੱਕ ਜਾਣਗੀਆਂ, ਜਬਾੜਾ ਛੋਟਾ, ਦੰਦ ਛੋਟੇ, ਹੱਡੀਆਂ ਨਾਜ਼ੁਕ ਹੋ ਜਾਣਗੀਆਂ ਅਤੇ ਪੈਰਾਂ ਦੀਆਂ ਉਂਗਲਾਂ ਸ਼ਾਇਦ ਗਾਇਬ ਹੋ ਜਾਣ, ਜੇਕਰ ਵਾਲਾਂ ਦੀ ਪੂਰੀ ਪ੍ਰਾਕਿਰਤਿਕ ਦੇਖਭਾਲ ਨਾ ਕੀਤੀ ਗਈ ਤਾਂ!

ਸਿੱਖ 'ਵਾਹਿਗੁਰੂ' ਦੇ ਹੁਕਮ ਨੂੰ ਮੰਨਦੇ ਹਨ। ਉਹ ਇਹ ਮੰਨਦੇ ਹਨ ਕਿ ਪ੍ਰਮਾਤਮਾ ਦੀ ਬਖ਼ਸ਼ਿਸ਼ 'ਵਾਲਾਂ ਸਣੇ ਸਰੀਰ' ਇੱਕ ਤੋਹਫਾ ਹੈ ਨਾਂ ਕਿ ਬੋਝ। ਇਸ ਕਰਕੇ ਸਿੱਖ ਵਾਲਾਂ ਨੂੰ ਪਵਿੱਤਰ ਮੰਨਦੇ ਹੋਏ ਉਹਨਾਂ ਨੂੰ ਕਤਲ ਨਹੀਂ ਕਰਦੇ। ਪਰ ਕਈ ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ, ਦੂਜੀਆਂ ਹੋਂਦਾਂ ਵਿੱਚ ਰਲ ਮਿਲ ਜਾਣ ਲਈ ਆਪਣੇ ਵਾਲ ਕਤਲ ਕਰ ਰਹੇ ਹਨ, ਜੋ ਕਿ ਬਹੁਤ ਜ਼ਿਆਦਾ ਗਲਤ ਹੈ। ਕੇਸ ਤਾਂ ਸੂਰਜ ਤੋਂ ਕਿਰਨਾਂ ਲੈ ਕੇ ਵਿਟਾਮਿਨ ਡੀ ਬਣਾਉਣ ਵਿੱਚ ਮਦਦ ਕਰਦੇ ਹਨ ਅਤੇ ਬਹੁਤ ਜ਼ਿਆਦਾ ਤਪਦੀਆਂ ਕਿਰਨਾਂ ਜਿਵੇਂ ULTRA- VIOLET U.V. RAYS ਤੋਂ ਖੋਪੜੀ ਨੂੰ ਬਚਾਉਂਦੇ ਹਨ। ਸਰਦੀਆਂ ਵਿੱਚ ਤਾਂ ਚਮੜੀ ਦੀ ਸਤਹ ਤੇ INSULATING ਤਹਿ ਨੂੰ ਬਰਕਰਾਰ ਰੱਖਦੇ ਹਨ ਜਿਸ ਨਾਲ ਸਰੀਰ ਦਾ ਤਾਪਮਾਨ ਘੱਟਦਾ ਨਹੀਂ ਅਤੇ ਠੰਡ ਘੱਟ ਲੱਗਦੀ ਹੈ। ਵਾਲ ਤਾਂ ਹਾਨੀਕਾਰਕ RADIATION ਨੂੰ ਰੋਕਦੇ ਹਨ। ਵਾਲ ਕੁਝ ਖੁਰਾ ਤੱਤਾਂ, ਜਿਵੇਂ ZINC ਅਤੇ CHROMIUM ਦਾ ਗੁਦਾਮ ਹਨ ਅਤੇ ਬੁਰੇ ਤੱਤ, ਜਿਵੇਂ LEAD ਅਤੇ ARSENIC ਨੂੰ ਦੂਰ ਰੱਖਦੇ ਹਨ। ਦਾੜ੍ਹੀ ਅਤੇ ਮੁੱਛਾਂ ਦੇ ਵਾਲ ਛਾਨਣੀ ਦਾ ਕੰਮ ਕਰਦੇ ਹਨ। ਝਿੰਮਣੀਆਂ ਦੇ ਵਾਲ ਅੱਖਾਂ ਨੂੰ ਪਾਣੀ ਅਤੇ ਘੱਟੇ ਤੋਂ ਬਚਾਉਂਦੇ ਹਨ। ਕੁਝ ਵਾਲ ਲੱਤਾਂ ਅਤੇ ਬਾਹਾਂ ਦੇ ਲਾਗਾ ਲੱਗਣ ਤੋਂ ਬਚਾਉਂਦੇ ਹਨ। ਕਈ ਲੋਕ ਇਹ ਬਹਿਸ ਕਰਦੇ ਹਨ ਕਿ ਵਾਲਾਂ ਨੂੰ ਅਹਿਸਾਸ ਨਹੀਂ ਹੁੰਦਾ। ਇਹ ਗੱਲ ਇੰਝ ਨਹੀਂ ਹੈ। ਅਹਿਸਾਸ ਤਾਂ ਅੰਡੇ ਦੇ ਖੋਲ ਨੂੰ ਵੀ ਨਹੀਂ ਹੁੰਦਾ ਪਰ ਕੀ ਉਹ ਮਹੱਤਵਪੂਰਨ ਨਹੀਂ? ਦੰਦਾਂ ਦੇ ENAMEL ਵੀ ਅਹਿਸਾਸਰਹਿਤ ਹੁੰਦੇ ਹਨ ਪਰ ਕੀ ਬਿਨਾਂ ENAMEL ਦੇ ਦੰਦ ਠੀਕ ਰਹਿ ਸਕਦੇ ਹਨ? ਪੰਛੀਆਂ ਦੇ ਖੰਬ, ਜੋ ਅਹਿਸਾਸ ਨਹੀਂ ਕਰ ਸਕਦੇ, ਨਾ ਹੋਣ ਤੇ ਪੰਛੀ ਕਿਵੇਂ ਦੇ ਲੱਗਣਗੇ? ਇਸੇ ਤਰ੍ਹਾਂ ਹਨ ਸਾਡੇ ਵਾਲ। ਉਹ ਚਮੜੀ ਦੇ ਅੰਦਰੋਂ ਉਤਪਨ ਹੁੰਦੇ ਹਨ ਜਿਸ ਵਿੱਚ ਖੂਨ ਦੀਆਂ ਨਾੜਾਂ, ਤੇਲ ਦੇ GLANDS, NERVE FIBRES ਅਤੇ MUSCLES ਹੁੰਦੇ ਹਨ ਜਿਹੜੇ NAILS ਵਿਚ ਨਹੀਂ ਹੁੰਦੇ। ਵਾਲਾਂ ਨੂੰ ਜੇਕਰ ਸਟੀਲ ਉੱਤੇ ਰੱਖ ਕੇ ਕੁਝ ਜ਼ੋਰ ਦਿੱਤਾ ਜਾਵੇ ਤਾਂ ਉਹ Steel ਉੱਤੇ ਵੀ ਆਪਣਾ ਨਿਸ਼ਾਨ ਛੱਡ ਜਾਣਗੇ। Nails ਇੰਝ ਨਹੀ ਕਰ ਸਕਦੇ। ਉਹ ਤਾਂ ਸਿਰਫ ਉਂਗਲਾਂ ਦੇ ਪੋਟਿਆਂ ਦੀ ਰਾਖੀ ਕਰ ਸਕਦੇ ਹਨ। ਵਾਲ ਤਾਂ ਪੂਰੇ ਸਰੀਰ ਨੂੰ ਸਾਂਭਦੇ ਹਨ; ਬਾਹਰੋ ਵੀ ਤੇ ਅੰਦਰੋਂ ਵੀ। ਜਿੱਥੇ ਨੌਹਾਂ ਦੀ ਗਿਣਤੀ ਸਿਰਫ 20 ਹੈ ਉਥੇ ਵਾਲ ਇੱਕ ਤੋਂ ਡੇਢ ਲੱਖ ਹੁੰਦੇ ਹਨ। ਨੌਂਹ ਤਾਂ ਸਿਕਰੀ ਵਰਗੇ ਹੁੰਦੇ ਨੇ, ਨਾ ਲੋੜੀਂਦੇ ਅਤੇ ਬੇਜਾਨ, ਪਰ ਵਾਲ ਅਤੁਲ ਹੁੰਦੇ ਨੇ।

ਇੱਕ ਤਜ਼ਰਬੇ ਵਿੱਚ ਪਾਇਆ ਗਿਆ ਹੈ ਕਿ Clean Shave ਮਰਦਾਂ ਦੇ ਫੇਫੜਿਆਂ ਵਿੱਚ ਕੀਟਾਣੂ ਬਹੁਤ ਜ਼ਿਆਦਾ ਹੁੰਦੇ ਹਨ, ਦਾੜ੍ਹੀ ਵਾਲੇ ਮਰਦਾਂ ਨਾਲੋਂ। ਇਸ ਤੋਂ ਪਤਾ ਚਲਦਾ ਹੈ ਦਾੜ੍ਹੀ ਹਵਾ ਦੇ ਅਤੇ ਹੋਰ ਕੀਟਾਣੂਆਂ ਨੂੰ ਅੰਦਰ ਜਾਣ ਤੋਂ ਰੋਕਦੀ ਹੈ। ਵਾਲ ਕੱਟਣ ਨਾਲ ਮਰਦਾਨਾ Harmones 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਕੁਝ ਮਾਹਿਰ ਵਾਲਾਂ ਦੀ ਤੁਲਨਾ ਧਰਥੀ 'ਤੇ ਬਨਸਪਤੀ ਨਾਲ ਕਰਦੇ ਹਨ। ਉਹ ਕਹਿੰਦੇ ਹਨ ਕਿ ਜੇਕਰ ਬਨਸਪਤੀ ਦੇ ਕੱਟਿਆਂ Global Warming ਜਿਹੀ ਸਥਿਤੀ ਪੈਦਾ ਹੋ ਸਕਦੀ ਹੈ ਤੇ ਵਾਲਾਂ ਦੇ ਕੱਟਿਆਂ ਵੀ ਸਾਡੇ ਸਰੀਰ ਦੀ ਧਰਤੀ 'ਤੇ ਬਿਮਾਰੀਆਂ ਹਾਵੀ ਹੋ ਜਾਦੀਆਂ ਹਨ। ਵਾਲ ਕੁਦਰਤੀ ਨੇ ਤੇ ਜੇਕਰ ਕੁਦਰਤ ਤੋਂ ਬੇਮੁੱਖ ਹੋਵਾਂਗੇ ਤੇ ਆਪਣੇ ਅੰਤ ਨੂੰ ਆਪ ਸੱਦਾ ਦਿਆਂਗੇ।

ਵਾਲਾਂ ਦਾ ਕਤਲ ਆਰਥਿਕ ਤੌਰ ਤੇ ਵੀ ਮਹਿੰਗਾ ਪੈਂਦਾ ਹੈ। Shave ਕਰਨ ਲਈ ਸਾਬਣ, ਗਰਮ ਪਾਣੀ, Shaving Gel, ਤੇਜ਼ ਬਲੇਡ ਵਾਲਾ ਰੇਜ਼ਰ ਜਾਂ Shaving ਦੀ ਬਿਜਲਈ Machine, After Shave lotion ਆਦਿ ਦਾ ਬੜਾ ਖਰਚ ਹੁੰਦਾ ਹੈ, ਕੱਟੇ ਹੋਏ ਵਾਲਾਂ ਦਾ ਵੀ ਢੇਰ ਲੱਗ ਜਾਂਦਾ ਹੈ। ਜੇਕਰ Shave ਕਰਨਾ ਬੰਦ ਹੋ ਜਾਏ ਤਾਂ Delhi ਵਰਗੇ ਵੱਡੇ ਸ਼ਹਿਰਾਂ ਦੇ ਪਾਣੀ ਦੀ ਕਿੱਲਤ ਨੂੰ ਨਕੇਲ ਪਾਈ ਜਾ ਸਕਦੀ ਹੈ। ਉਹ ਦਿਨ ਦੂਰ ਨਹੀਂ ਜਦੋਂ 'No Shaving Day' ਵੀ ਮਨਾਇਆ ਜਾਵੇਗਾ।

ਧਰਤੀ ਉੱਤੋਂ Greenhouse gases ਦਾ ਅਸਰ ਘਟਾਉਣ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਜਿਵੇਂ ਕਈ Boeing 747 jet planes ਨੂੰ ਹਵਾ ਵਿੱਚ criss-cross ਉਡਾਇਆ ਜਾਵੇਗਾ ਤਾਂ ਕਿ ਉਸਦੇ ਘੱਟੇ ਨਾਲ ਸੂਰਜੀ ਕਿਰਣਾਂ ਨੂੰ ਢੱਕਿਆ ਜਾਵੇ, Helium ਭਰੇ ਗੁਬਾਰੇ ਛੱਡੇ ਜਾਣਗੇ, ਕਈ infra-red lasers ਨੂੰ ਲਗਾਇਆ ਜਾਵੇਗਾ, ਪਰ ਕੰਮ ਬਣਾਉਣ ਨਾਲੋਂ ਵੱਧ ਇਹ ਕੰਮ ਵਿਗਾੜ ਦੇਣਗੇ। ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਕੰਧਾਂ ਦਾ ਰੰਗ ਰੋਗਣ, ਸੱਜਣ ਦੇ ਸਾਜੋ ਸਾਮਾਨ, ਸੰਧੂਰ, ਬਿੰਦੀ, ਸੁਗੰਧੀਆਂ, ਵਾਲਾਂ ਦੀਆਂ ਕਰੀਮਾਂ, ਵਾਲ ਰੰਗਣ ਵਾਲੀ ਡਾਈ ਆਦਿ ਨੁਕਸਾਨ ਜ਼ਿਆਦਾ ਅਤੇ ਫਾਇਦਾ ਥੋੜਾ ਚਿਰ ਹੀ ਦਿੰਦੇ ਨੇ। ਇਹਨਾਂ ਚੀਜ਼ਾਂ ਨੂੰ ਪਰਖਣ ਲਈ ਚੂਹੇ, ਖ਼ਰਗੋਸ਼ ਆਦਿ ਨੂੰ ਵੀ ਵਰਤਿਆ ਜਾਂਦਾ ਹੈ ਜਿਨ੍ਹਾਂ ਨੂੰ ਕਾਫੀ ਤਕਲੀਫ਼ ਝੱਲਣੀ ਪੈਂਦੀ ਹੈ। ਇਹ ਚੀਜ਼ਾਂ ਤੋਂ ਅੱਗੇ ਚੱਲਕੇ ਛਾਤੀ ਦੇ ਕੈਂਸਰ, ਸਾਹ ਦੀਆਂ ਬਿਮਾਰੀਆਂ, ਚਮੜੀ ਦੇ ਰੋਗ, Leukemia ਆਦਿ ਲਗ ਜਾਂਦੇ ਹਨ।ਇਹਨਾਂ ਨਾਲੋਂ ਚੰਗਾ ਹੈ ਕਿ ਅਸੀਂ ਆਪਣੇ ਕੁਦਰਤੀ ਸਖਸ਼ੀਅਤ ਨੂੰ ਬਰਕਰਾਰ ਰੱਖੀਏ।

ਸਰੀਰ ਦੇ ਕੁਦਰਤੀਪੁਣੇ ਨਾਲ ਛੇੜਖਾਨੀ ਸਾਡੀ ਸਿਹਤ 'ਤੇ ਮਾੜਾ ਅਸਰ ਹੀ ਪਵੇਗਾ, ਜਿਵੇਂ ਬਨਸਪਤੀ ਨਾਲ ਛੇੜਖਾਨੀ ਨੇ ਧਰਤੀ 'ਤੇ ਪਾਇਆ ਹੈ। ਇਹ ਗਲ ਦੀ ਸਮਝ Rabindranath Tagore , Marx, Leo Tolstoy, ਅਤੇ ਸਾਡੇ ਆਪਣੇ ਗੁਰੂ ਸਾਹਿਬਾਨਾਂ ਨੂੰ ਭਲੀ ਭਾਂਤੀ ਗਿਆਤ ਸੀ। ਇਸ ਕਰਕੇ ਤੇ ਇਹਨਾਂ ਸਭਨਾਂ ਨੇ ਵਾਲਾਂ ਦਾ ਕਤਲ ਨਹੀਂ ਸੀ ਕੀਤਾ, ਸਗੋਂ ਬਰਕਰਾਰ ਰੱਖੇ। ਆਉ ਅਸੀਂ ਰਲ ਮਿਲ ਆਪਣੀ ਧਰਤੀ ਤੇ ਆਉਣ ਵਾਲੀ ਪੀੜ੍ਹੀ ਲਈ ਜਗ੍ਹਾ ਬਣਾਈਏ ਨਾਂ ਕਿ ਉਹਨਾਂ ਤੋਂ ਖੋਹੀਏ। ਮਹਾਂਸਾਗਰ ਵਿੱਚ ਇੱਕ ਬੂੰਦ ਵੀ ਪਾਣੀ ਦੀ ਘਟੇ, ਘਾਟਾ ਤਾਂ ਪੈਂਦਾ ਹੀ ਹੈ, ਹੈ ਨਾਂ?

ਪਰਮਾਤਮਾ ਨੇ ਇਨਸਾਨ ਨੂੰ ਗੁਣਾਂ ਨਾਲ ਨਿਵਾਜਿਆ ਹੈ। ਯਹੂਦੀ ਅਤੇ ਇਸਾਈ ਵੀ ਇਹੀ ਮੰਨਦੇ ਹਨ ਕਿ ਪਰਮਾਤਮਾ ਨੇ ਬੰਦੇ ਨੂੰ ਆਪਣੀ ਮੁਹਾਰਤ ਵਿੱਚ ਘੜਿਆ ਹੈ ਤੇ ਆਪਣਾ ਕਣ ਪਾ ਕੇ 'ਆਤਮਾ' ਨੂੰ ਸਿਰਜਿਆ ਹੈ, ਪਰ ਬੰਦਾ ਹੈ ਕਿ ਉਹ ਪਰਮਾਤਮਾ ਦੇ ਕਾਰਜ ਵਿੱਚ ਵੀ ਕੋਈ ਨਾ ਕੋਈ ਤਰੁੱਟੀਆਂ ਲੱਭਦਾ ਹੈ ਤੇ ਆਪਣੇ ਆਪ ਨੂੰ ਉੱਚ ਸਾਬਿਤ ਕਰਨ ਤੇ ਤੁਲਿਆ ਹੈ। ਵਾਲਾਂ ਦਾ ਕਤਲ ਕੁਝ ਇਹੀ ਹੈ। ਪ੍ਰੰਤੂ ਸ਼ੁਰੂ ਤੋਂ ਇੰਝ ਨਹੀਂ ਸੀ। ਪਹਿਲੇ ਸਮੇਂ ਵਿੱਚ ਜੇਕਰ ਕੋਈ ਬ੍ਰਾਹਮਣ ਕੋਈ ਅਨੈਤਿਕ ਕੰਮ ਕਰ ਬੈਠਦਾ ਸੀ ਤਾਂ ਉਸ ਦੇ ਵਾਲਾਂ ਨੂੰ ਸਜਾ ਤੇ ਤੌਰ'ਤੇ ਕੱਟ ਦਿੱਤਾ ਜਾਂਦਾ ਸੀ। ਜਾਂ ਜੇਕਰ ਕੋਈ ਆਪਸ ਵਿੱਚ ਭਿੜ ਪੈਣ ਤੇ ਇੱਕ ਦੂਜੇ ਦੇ ਵਾਲਾਂ ਨੂੰ ਛੂਹ ਨਹੀਂ ਸੀ ਸਕਦੇ। ਨਿਯਮ ਨਾ ਮੰਨਣ ਤੇ ਵਾਲਾਂ ਨੂੰ ਹੱਥ ਪਾਉਣ ਵਾਲੇ ਦੇ ਦੋਵੇਂ ਹੱਥ ਵੱਢ (ਕੱਟ) ਦਿੱਤੇ ਜਾਂਦੇ ਸਨ, ਪਰ ਅੱਜ ਤਾਂ ਮਨੁੱਖ ਆਪ ਖੁਦ ਆਪਣੇ ਵਾਲਾਂ ਨੂੰ ਹੱਥ ਪਾ ਰਿਹਾ ਹੈ।

ਮਨੁੱਖ ਨੂੰ ਇਹ ਗਿਆਤ ਨਹੀਂ ਕਿ ਵਾਲ ਤਾਂ ਸੂਰਜ ਤੋਂ, ਹਵਾ ਤੋਂ ਅਤੇ ਆਲੇ-ਦੁਆਲੇ ਦੇ ਵਾਤਾਵਰਨ ਤੋਂ ਸਾਡੀ ਸਿਹਤ ਯਾਫਤਾ ਲਈ ਕਿੰਨੇ ਤੱਤ ਇੱਕਠੇ ਕਰਦੇ ਹਨ ਅਤੇ ਕਿੰਨੇ ਮਾੜੇ ਤੱਤਾਂ ਤੋਂ ਬਚਾਓਂਦੇ ਹਨ। ਖਾਦਾਂ ਅਤੇ ਕੀੜੇ ਮਾਰੂ ਦਵਾਈਆਂ ਦੇ ਅਸਰ ਨਾਲ ਧਰਤੀ ਤੋਂ Vitamin D ਖਣਿਜ ਬਹੁਤ ਘੱਟ ਗਏ ਹਨ ਪਰ ਸਾਡੇ ਵਾਲ ਸੂਰਜ ਦੀਆਂ ਕਿਰਨਾ ਨਾਲ ਮਿਲ ਕੇ ਉਸਦੀ ਅਤੇ ਨਾਲ ਹੀ ਸਾਡੇ ਦਿਮਾਗ ਨੂੰ ਲੋੜੀਂਦੇ ਤੱਤਾਂ ਦੀ ਪੂਰਤੀ ਕਰਦੇ ਹਨ। ਕੱਟੇ ਹੋਏ ਵਾਲ ਵੱਧ ਤਾਂ ਜਾਂਦੇ ਹਨ ਪਰ ਸਾਡੇ ਸਰੀਰ ਤੋਂ ਬਹੁਤੇ ਤੱਤ ਵਰਤ ਕੇ ਉਹਨਾਂ ਦੀ ਕਮੀ ਕਰ ਜਾਂਦੇ ਹਨ। ਪਰਮਾਤਮਾ ਸਾਰੀ ਉਮਰ ਵਿਛੜੇ (ਕੱਟੇ) ਹੋਏ ਵਾਲਾਂ ਦੀ ਪੂਰਤੀ ਕਰਦਾ ਰਹਿੰਦਾ ਹੈ ਸਿਰਫ ਵੱਡੀ ਉਮਰ ਅਤੇ ਭਿਆਨਕ ਬਿਮਾਰੀ ਵਿੱਚ ਛੱਡਕੇ। ਗੁਰਮਤਿ ਇਨਸਾਨ ਅਤੇ ਕੁਦਰਤ ਵਿੱਚ ਕੋਈ ਭੇਦ-ਭਾਵ ਨਹੀਂ ਕਰਦਾ। ਇੱਕ ਸਿੱਖ ਹੀ ਹੈ ਜੋ ਜਿਵੇਂ ਰਚਿਆ ਆਇਆ ਤਿਵੇਂ ਹੀ ਰਚਿਆ ਰੁਖ਼ਸਤ ਕਰਦਾ ਹੈ।

ਵਾਲ ਸਰਦੀ ਅਤੇ ਗਰਮੀ ਦੋਹਾਂ ਰੁੱਤਾਂ ਵਿੱਚ ਸਰੀਰ ਦੇ ਤਾਪਮਾਨ ਦੀ ਅਤੇ ਦਿਮਾਗ ਦੀ ਰੱਖਿਆ ਕਰਦੇ ਹਨ। ਇਸ ਕਰਕੇ ਵਿਗਿਆਨਿਕ ਵਾਲਾਂ ਨੂੰ good conductor of heat & cold ਮੰਨਦੇ ਹਨ। ਸੰਘਣੇ ਵਾਲਾਂ ਵਾਲਾ ਇਨਸਾਨ ਮੌਸਮਾਂ ਦੀ ਮਾਰ ਝੱਲ ਸਕਦਾ ਹੈ। ਵਾਲਾਂ ਵਿੱਚ ਹੋਰ ਰਸਾਇਣਿਕ ਤੱਤ ਹੁੰਦੇ ਹਨ ਜਿਵੇਂ oxygen 28%; carbon 50%; hydrogen 6%; Nitrogen 11% ਅਤੇ sulphur 5% । ਇਹਨਾਂ ਤੋਂ ਇਲਾਵਾ ਵਾਲਾਂ ਵਿੱਚ ਗਰਮੀ, ਤੇਲ ਹੁੰਦਾ ਹੈ ਅਤੇ ਚਿੱਟੇ ਵਾਲਾਂ ਵਿੱਚ ਤਾਂ ਚੂਨਾ ਵੀ ਹੁੰਦਾ ਹੈ। ਵਾਲਾਂ ਨੂੰ ਕੱਟਣਾ ਭਾਵ ਇਹਨਾਂ ਤੱਤਾਂ ਤੋਂ ਹੱਥ ਧੋਣਾ ਹੈ। 50 ਗ੍ਰਾਮ ਵਾਲਾਂ ਦੇ ਨਾਲ, 1 ਗ੍ਰਾਮ ਖੁਰਾ ਤੱਤ ਗੁਆਚ ਜਾਂਦੇ ਹਨ । ਇਸ ਤੋਂ ਇਲਾਵਾ ਬੱਚਿਆਂ ਵਿੱਚ ਭੁੱਖ ਨਾ ਲੱਗਣਾ, ਸੁਆਦ ਗੁਆਉਣਾ ਅਤੇ ਸਰੀਰ ਵਿੱਚ ਜਲਨ ਮਹਿਸੂਸ ਕਰਨਾ ਆਮ ਹੁੰਦਾ ਹੈ। ਸਿਆਣੇ ਕਹਿੰਦੇ ਹਨ ਕਿ ਵਾਲਾਂ ਦੇ ਕੱਟਣ ਦਾ ਬੱਚਿਆ ਦੀ ਲੰਬਾਈ ਤੇ ਬਹੁਤ ਬੁਰਾ ਅਸਰ ਪੈਂਦਾ ਹੈ।

ਸਿਰ ਦੇ ਵਾਲ ਸੂਰਜ ਤੋਂ, ਦਾੜ੍ਹੀ ਦੇ ਵਾਲ ਧਰਤੀ ਤੋਂ ਅਤੇ ਮੁੱਛਾਂ ਦੇ ਵਾਲ ਆਲੇ-ਦੁਆਲੇ ਦੇ ਵਾਤਾਵਰਣ ਤੋਂ ਊਰਜਾ ਦੀਆਂ ਤਰੰਗਾਂ ਲੈਂਦੇ ਹਨ। ਸਿਆਣੇ ਕਹਿੰਦੇ ਹਨ ਕਿ ਧਿਆਨ ਲਾਉਣ ਲੱਗਿਆ ਸਾਨੂੰ ਆਪਣਾ ਸਿਰ ਢੱਕਣਾ ਚਾਹੀਦਾ ਹੈ ਕਿਉਂਕਿ ਸਿਰ ਢੱਕਿਆਂ ਊਰਜਾ ਦਿਮਾਗ ਵਿੱਚ ਹੀ ਰਹਿੰਦੀ ਹੈ ਅਤੇ ਪੜਿਆ-ਸੁਣਿਆ ਯਾਦ ਰਹਿੰਦਾ ਹੈ। ਢੱਕਿਆ ਸਿਰ ਸੂਰਜ ਤੋਂ 100% ਸਾਕਾਰਾਤਮਿਕ ਊਰਜਾ ਲੈਂਦਾ ਹੈ, ਪਰ ਢੱਕਣਾ ਸਿਰਫ ਸੂਤੀ ਕੱਪੜੇ ਨਾਲ। ਵਾਲਾਂ ਨੂੰ ਗੰਦਗੀ ਅਤੇ ਹੁਮਸ ਭਰਿਆ ਵਾਤਾਵਰਣ ਨੁਕਸਾਨ ਪਹੁੰਚਾਉਂਦਾ ਹੈ। ਇਸੇ ਕਰਕੇ ਸਾਡੇ ਪਿਛਲੇ ਸਿਆਣੇ ਆਪਣੇ ਨੂੰਹਾਂ, ਭੈਣਾਂ ਨੂੰ ਨੰਗੇ ਸਿਰ ਝਾੜੂ ਫੇਰਨ ਤੋਂ ਅਤੇ ਗੋਹਾ ਕੂੜਾ ਨੰਗੇ ਸਿਰ ਚੁੱਕਣ ਤੋਂ ਮਨ੍ਹਾਂ ਕਰਦੇ ਸਨ। ਸਿਰ ਦੀ ਸਫਾਈ ਲਈ ਕੰਘਾ ਫੇਰਨਾ ਜ਼ਰੂਰੀ ਹੈ। ਕੰਘਾ ਵੀ ਲੱਕੜ ਦਾ ਹੋਣਾ ਚਾਹੀਦਾ ਹੈ। ਪਲਾਸਟਿਕ ਦਾ ਕੰਘਾ ਫੇਰਿਆਂ ਇੱਕ ਸੰਭਾਵੀ ਚੰਗਿਆੜੀ ਉੱਤਪਨ ਹੁੰਦੀ ਹੈ ਜੋ ਵਾਲਾਂ ਦੇ Papilla ਨੂੰ ਹਾਨੀ ਪਹੁੰਚਾਉਂਦੀ ਹੈ। Papilla ਵਾਲਾਂ ਨੂੰ ਰੋਟੀ (ਲੋੜੀਂਦੇ ਤੱਤ) ਪਹੁੰਚਾਉਂਦਾ ਹੈ। ਵਾਲਾਂ ਨੂੰ ਵੰਨ-ਸੁਵੰਨੇ Shampoos, Soaps ਵੀ ਨੁਕਸਾਨਦੇਹ ਹੁੰਦੇ ਹਨ। ਸਗੋਂ ਅੰਡਿਆਂ ਦੇ ਚਿੱਟੇ ਭਾਗ ਨਾਲ ਜਾਂ ਫਿਰ ਦਹੀਂ ਨਾਲ ਜੇਕਰ ਧੋਤਾ ਜਾਵੇ ਤਾਂ ਬਹੁਤ ਫਾਇਦੇਮੰਦ ਹੁੰਦਾ ਹੈ। Castor oil ਨਾਲ ਹਲਕੀ ਜਿਹੀ ਮਾਲਿਸ਼ ਕਰਕੇ, ਗਰਮ ਪਾਣੀ ਵਿੱਚ ਨਿਚੋੜ ਕੇ, ਤੌਲੀਏ ਵਿੱਚ ਲਪੇਟ ਕੇ ਸੇਕ ਦੇਣਾ ਵੀ ਲਾਹੇਵੰਦ ਹੈ।

ਸ਼ਰਾਬ ਦਾ ਸੇਵਨ ਨਾ ਕੀਤਾ ਜਾਵੇ, ਖੁਦ ਨੂੰ ਅਤਿ ਜ਼ੁਕਾਮ ਤੋਂ ਬਚਾਇਆ ਜਾਵੇ ਤਾਂ ਵਾਲਾਂ ਦੀ ਸਿਹਤ ਲਈ ਲਾਹੇਵੰਦ ਹੈ। ਚਾਹ ਪੱਤੀ ਦੇ ਪਾਣੀ ਨਾਲ ਵਾਲ ਧੋਣਾ ਜਾਂ ਫਿਰ ਪੁਰਾਣੇ ਲੋਕਾਂ ਵਾਂਗ ਜੰਡ ਦੇ ਰੁੱਖ ਦੀਆਂ ਛੱਲਾਂ ਨਾਲ ਧੋਣਾ ਵਾਲਾਂ ਨੂੰ ਸਵਾਰੇਗਾ। ਗਿੱਲੇ ਵਾਲ ਕਦੇ ਨਹੀਂ ਵਾਹੁਣੇ ਚਾਹੀਦੇ; ਉਹ ਟੁੱਟ ਜਾਣਗੇ ਜਾਂ ਜੜ੍ਹਾਂ ਕਮਜ਼ੋਰ ਹੋ ਜਾਣਗੀਆਂ। ਸਿਰ ਢੱਕਿਆ ਰਹਿਣਾ ਚਾਹੀਦਾ ਹੈ! ਦੇਖੋ ਕਮਾਲ 10ਵੀਂ ਪਾਤਸ਼ਾਹੀ ਦਾ, ਇਹ ਸਭ ਗੱਲਾਂ ਉਹਨਾਂ ਨੇ ਸਾਨੂੰ 300 ਸਾਲ ਪਹਿਲਾਂ ਦੱਸੀਆਂ। ਹੁਕਮ ਹੈ ਕਿ ਸਿਰ ਤੇ ਪਗੜੀ ਬੰਨਣਾ, ਵਾਲ ਕਤਲ ਨਾ ਕਰਨਾ ਅਤੇ ਸਿਰਫ ਲੱਕੜ ਦਾ ਕੰਘਾ ਵਰਤਣਾ। ਹੈ ਕਿ ਨਹੀਂ ਕਮਾਲ ਦੀ ਗੱਲ?

ਲੰਬੇ ਵਾਲ ਹੱਡੀਆਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਸਿਰ ਤੇ ਜੂੜਾ ਤਾਂ ਇੱਕ ਸੁਰੱਖਿਆ ਘੇਰਾ ਹੁੰਦਾ ਹੈ। ਹਵਾਈ ਅੱਡਿਆਂ ਦੇ ਨੇੜੇ ਬਣੇ ਅਨੇਕਾਂ ਬੁਰਜ ਆਉਣ ਜਾਣ ਵਾਲੇ ਜਹਾਜ਼ਾਂ ਨੂੰ ਸੰਕੇਤ ਦਿੰਦਾ ਅਤੇ ਲੈਂਦਾ ਹੈ।ਜੇਕਰ ਬੁਰਜ ਨਾਂ ਹੋਣਗੇ ਤਾਂ ਹਾਦਸੇ ਹੋ ਜਾਣਗੇ ਇਵੇਂ ਹੀ ਜੇਕਰ ਸਾਡੇ ਸਿਰ ਤੇ ਵਾਲ ਨਾਂ ਹੋਣਗੇ ਤਾਂ ਸਾਡਾ ਸਰੀਰ ਬਿਮਾਰੀ ਗ੍ਰਸਤ ਹੋ ਜਾਵੇਗਾ। ਦਿਲ ਦੇ ਦੌਰੇ, ਜਾਨਲੇਵਾ ਬਿਮਾਰੀਆਂ, ਸਰੀਰਕ ਖਲਬਲੀ ਨਾਲ ਸਰੀਰ ਭਰ ਜਾਵੇਗਾ। ਵਾਲ ਹਰ ਤਰ੍ਹਾਂ ਦੀਆਂ ਚੁੰਬਕ ਅਤੇ ਬਿਜਲਈ ਊਰਜਾ ਭਾਵੇਂ ਛੋਟੀਆਂ, ਮੱਧਿਅਮ ਜਾਂ ਲੰਬੀਆਂ ਤਰੰਗਾਂ ਹੋਣ, ਵਾਲ ਸਭ ਸੋਖ ਲੈਂਦੇ ਹਨ।ਤਾਂ ਹੀ ਸਾਨੂੰ ਕਦੇ-ਕਦੇ ਅਜੀਬੋ ਗਰੀਬ ਰੂਹਾਨੀ ਸਨੇਹੇ ਮਿਲ ਜਾਂਦੇ ਹਨ ਜੋ ਆਮ ਸਮਝ ਤੋਂ ਪਰ੍ਹੇ ਹੁੰਦੇ ਨੇ। ਵਾਲ ਰੂਹਾਨੀ, ਸਰੀਰਕ ਗਿਆਨੀ ਜਾਂ ਜੰਗਜੂ, ਹਰ ਤਰ੍ਹਾਂ ਦੀਆਂ ਤਰੰਗਾਂ ਨੂੰ ਸੋਖ ਲੈਂਦਾ ਹੈ। ਵਾਲਾਂ ਤੇ ਇਕ ਝਾਤ ਇਨਸਾਨ ਦੇ ਅੰਦਰੂਨੀ ਗੁਣਾਂ ਨੂੰ ਦਰਸਾ ਦਿੰਦੀ ਹੈ। ਧਓਰਾਨਿ ਦੇ ਸਿਧਾਂਤ ਅਨੁਸਾਰ ਬੰਦੇ ਦੇ ਕੰਮ ਸਮੇਂ ਨਾਲ ਗਾਇਬ ਹੋ ਗਏ ਪਰ ਵਾਲ ਨਹੀਂ। ਇਸੇ ਤੋਂ ਵਾਲਾਂ ਦੀ ਮਹੱਤਤਾ ਦਾ ਪਤਾ ਲੱਗ ਸਕਦਾ ਹੈ।

ਇਵੇਂ ਮੰਨਿਆਂ ਜਾਂਦਾ ਹੈ ਕਿ ਉਹ ਜੋੜੇ ਜਿਨ੍ਹਾਂ ਦੇ ਵਾਲ ਲੰਬੇ ਹੁੰਦੇ ਹਨ ਉਹਨਾਂ ਵਿੱਚ ਤਲਮੇਲ ਦੀ ਕੋਈ ਸਮੱਸਿਆ ਨਹੀਂ ਹੁੰਦੀ। ਜਿਨ੍ਹਾਂ ਮਾਪਿਆਂ ਦੇ ਵਾਲ ਲੰਬੇ ਹੁੰਦੇ ਹਨ ਉਨ੍ਹਾਂ ਦੇ ਬੱਚੇ ਦਲੇਰ, ਨਿਡਰ ਅਤੇ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ। ਮਾਨਸਿਕ ਅਤੇ ਸੰਵੇਦਨਾਤਮਕ ਸਮਾਨਤਾ ਬੰਦੇ ਦੇ ਵਾਲ ਬਣਾਈ ਰੱਖਦੇ ਹਨ। ਸੂਰਜ ਦੀਆਂ Infrared violet ਕਿਰਨਾਂ ਤੋਂ ਬਚਾਉਣਾ, ਹਾਜਮਾ ਠੀਕ ਕਰਨਾ, ਸੁਗੰਧੀ ਦਾ ਅਹਿਸਾਸ ਕਰਾਉਣਾ, ਦਿਲ ਦੀ ਤੇਜ਼ ਧੜਕਣ ਤੋਂ ਬਚਾਉਣਾ ਇਹ ਵਾਲਾਂ ਦੇ ਕਾਰਜ ਹਨ। ਕਿਹਾ ਜਾਂਦਾ ਹੈ ਕਿ ਨਾਈ ਦਾ ਉਸਤਰਾ Hepatitis ਦੀ ਬਿਮਾਰੀ ਨੂੰ ਸੱਦਾ ਦਿੰਦਾ ਹੈ, ਜੋ ਅੱਗੇ ਚੱਲ ਕੇ AIDS ਬਣ ਸਕਦਾ ਹੈ। ਨਾ ਨਾਈ ਕੋਲ ਜਾਈਏ, ਨਾ ਬਿਮਾਰੀਆਂ ਕੋਲ। ਵਾਲ ਤਾਂ ਔਰਤ ਮਰਦ ਨੂੰ ਆਪਸ ਵਿੱਚ ਆਕਰਸ਼ਿਤ ਵੀ ਕਰਦੇ ਹਨ।

ਕੁੱਝ ਮਰਦ ਵਾਲ ਕਟਾਕੇ, ਕੰਨਾਂ ਵਿੱਚ ਮੁੰਦਰਾਂ ਪਾ ਕੇ ਆਪਣੇ ਆਪ ਨੂੰ ਔਰਤ ਦਾ ਅਹਿਸਾਸ ਕਰਾਉਂਦੇ ਹਨ ਅਤੇ ਔਰਤਾਂ ਵੀ ਗੁੱਤਾਂ ਕਟਾ ਕੇ ਬੰਦਿਆਂ ਵਾਲੇ ਕਪੜੇ ਪਾ ਕੇ ਮਰਦ ਬਣਦੀਆਂ ਹਨ। ਸਿੱਖੀ ਵਿੱਚ ਇਹ ਸ਼ਰਮਨਾਕ ਕਰਤੂਤ ਵਰਜਿਤ ਹੈ ਜਿਸ ਕਾਰਣ ਲੋਕ ਸਕੂਨ ਦੀ ਜ਼ਿੰਦਗੀ ਜਿਊਂਦੇ ਹਨ। ਆਉਣ ਵਾਲੇ ਸਮੇਂ ਵਿੱਚ ਖੂਨ ਦੀ ਥਾਂ ਵਾਲਾਂ ਦੇ ਨਮੂਨੇ ਵਿਗਿਆਨਕ ਪਰਖ ਲਈ ਭੇਜੇ ਜਾਣਗੇ ਕਿਉਂਕਿ ਵਾਲਾਂ ਵਿੱਚ D.N.A. ਹੋਣਾ ਮੰਨਿਆ ਗਿਆ ਹੈ। ਜਿਵੇਂ ਪਿੰਡ ਦਾ ਹਕੀਮ 'ਨਿੰਮ' ਹੁੰਦੀ ਹੈ, ਤਿਵੇਂ ਹੀ 'ਸਰੀਰ ਦਾ ਹਕੀਮ' ਵਾਲ ਹੁੰਦੇ ਹਨ। Doctor-ਆਇੰਦਾ ਤੋਂ ਦਵਾਈ ਦੀ ਪਰਚੀ ਤੇ ਵਾਲ ਰੱਖਣ ਲਈ ਲਿਖਿਆ ਕਰਣਗੇ। ਆਉਣ ਵਾਲੇ ਦਿਨਾਂ ਵਿੱਚ ਲੋਗ ਸਿੱਖੀ ਦਿੱਖ ਵਾਲੇ ਹੋਇਆ ਕਰਣਗੇ।

Charles Berg ਦੇ ਅਨੁਸਾਰ ਇਨਸਾਨੀ ਵਾਲਾਂ ਦੀ ਅਹਿਮੀਅਤ ਸਾਡੇ ਰਵੱਈਏ ਅਤੇ ਆਚਰਣ ਤੇ ਅਵਚੇਤਨ ਤੇ ਹੈ। Trobrind ਟਾਪੂਵਾਸੀ ਕਿਸੇ ਆਪਣੇ ਦੀ ਮੌਤ ਤੇ ਆਪਣੇ ਸਿਰ ਦੇ ਸਾਰੇ ਵਾਲ ਕੱਟ ਲੈਂਦੇ ਹਨ। ਇਹ ਪ੍ਰਤੀਕ ਹੈ ਕਮੀ ਮਹਿਸੂਸ ਕਰਨ ਅਤੇ ਕਰਾਉਣ ਦੀ। ਕਿਸੇ ਆਪਣੇ ਨੂੰ ਗੁਆਓਣਾ ਜਾਂ ਆਪਣੇ ਪਿਆਰੇ ਵਾਲਾਂ ਨੂੰ ਗੁਆਉਣਾ ਇਹਨਾਂ ਟਾਪੂਆਂ ਵਾਸੀਆਂ ਲਈ ਇੱਕ ਬਰਾਬਰ ਹੈ। ਇਹ ਵੀ ਅਣਚੇਤਨ ਮਨ ਨਾਲ ਜੁੜਿਆ ਹੈ। ਵਾਲਾਂ ਦੀ ਦਿੱਖ ਵਿੱਚ ਗਰਵ ਕਰਨਾ, ਸਮਾਜਿਕ ਸਵੀਕਾਰਤਾ ਹੋਣਾ ਇਨਸਾਨ ਦੀ ਇੱਕ ਨੁਮਾਇਸ਼ੀ ਸੰਤੁਸ਼ਟੀ ਹੈ। ਕਈ ਕਬੀਲਿਆਂ ਵਿੱਚ ਵੰਨ-ਸੁਵੰਨੇ ਰਿਵਾਜ਼ ਹੁੰਦੇ ਹਨ, ਜਿਹੜੇ ਵਾਲਾਂ ਨਾਲ, ਰਿਸ਼ਤਿਆਂ ਨਾਲ, ਸਮਾਜਿਕ ਸਵੀਕਾਰਤਾ ਆਦਿ ਨਾਲ ਜੁੜੇ ਹੁੰਦੇ ਹਨ। ਇਹ ਰਿਵਾਜ਼ ਬਾਹਰਲੇ ਲੋਕਾਂ ਨੂੰ ਬੇਲੋੜੀਂਦੇ ਲੱਗਦੇ ਹਨ ਪਰ ਇਲਾਕਾ ਨਿਵਾਸੀਆਂ ਨੂੰ ਬਹੁਤ ਹੀ ਹਰਮਨ ਪਿਆਰੇ ਹੁੰਦੇ ਨੇ। ਵਾਲਾਂ ਨਾਲ ਸਬੰਧਿਤ ਕਈ ਰਿਵਾਜ਼ ਹੁੰਦੇ ਹਨ। ਕਿਉਂਕਿ ਉਹਨਾਂ ਲੋਕਾਂ ਲਈ ਵਾਲ 'ਤਾਕਤ ਦੀ ਚਰਮ ਸੀਮਾਂ' ਹੁੰਦੇ ਹਨ। ਵਾਲਾਂ ਵਿੱਚ ਉਪਜਤਾ ਦੀ ਤਾਕਤ ਹੁੰਦੀ ਹੈ।

ਕੁੱਝ ਕਬੀਲੇ ਮਰੇ ਲੋਕਾਂ ਨਾਲ ਆਪਣੇ ਵਾਲ ਵੀ ਦਫਨ ਕਰਦੇ ਨੇ। ਉਹ ਮੰਨਦੇ ਹਨ ਕਿ ਵਾਲ ਸਰਵਉੱਚ ਤਾਕਤਵਰ ਪਰਮਾਤਮਾ ਕੋਲ ਭੇਜਣੇ ਹਨ। ਜਵਾਨੀ ਤੇ ਕਦਮ ਰੱਖਣ ਵਾਲੇ ਕੁੱਝ ਕਬਾਇਲੀ ਲੋਕ ਆਪਣੇ ਵਾਲ ਦੇਵੀ ਦੇਵਤਿਆਂ ਨੂੰ ਅਰਪਣ ਕਰਦੇ ਹਨ, ਉਪਜਤਾ ਦਾ ਅਸੀਸ ਲੈਣ ਲਈ। ਕੀ ਇੰਝ ਕਰਨਾ ਸਹੀ ਹੈ? ਦੇਵਤਿਆਂ ਨੇ ਲੈਣਾ ਹੈ ਕਿ ਦੇਣਾ? ਜਿੰਨ੍ਹਾਂ ਭਗਤਾਂ ਨੂੰ ਲੋੜ ਹੈ ਦੇਵਤਿਆਂ ਦੀ, ਉਹਨਾਂ ਨੂੰ ਵੀ ਭਗਤਾਂ ਦੀ ਇੰਨੀ ਹੀ ਲੋੜ ਹੈ। ਇਸ ਕਰਕੇ ਉਹਨਾਂ ਨੂੰ ਜੋ ਭੇਟਾ ਦਿੱਤੀ ਜਾਂਦੀ ਹੈ ਉਹ ਕਈ ਗੁਣਾ ਵਧਾ ਕੇ ਭਗਤਾਂ ਨੂੰ ਮੋੜੀ ਜਾਂਦੀ ਹੈ, ਮਰਦਾਨਾ ਅਤੇ ਜਨਾਨਾ ਤਾਕਤ ਦੇਕੇ।

ਵਾਲ ਸ਼ਹਿਨਸ਼ਾਹਤ ਦਾ ਵੀ ਪ੍ਰਤੀਕ ਹੁੰਦੇ ਹਨ। ਜਿਨਾ ਸ਼ਾਹੀ ਘਰਾਣਾ ਉਨਾ ਹੀ ਸੰਘਣੇ ਅਤੇ ਵਧੀਆ ਲੰਬੇ ਵਾਲ ਜਿਵੇਂ Ceases ਦੇ ਸਨ ਜੋ Julian ਪਰਿਵਾਰ ਨਾਲ ਸਬੰਧਿਤ ਸਨ। Havelock Ellis ਮੰਨਦੇ ਨੇ ਕਿ ਵਾਲ ਸਰੀਰਕ ਉੱਤਪਤੀ ਅਤੇ ਆਕਰਸ਼ਿਕਤਾ ਵਿੱਚ ਗੂੜ੍ਹਾ ਸੰਬੰਧ ਰੱਖਦੇ ਹਨ। ਕਾਮਵਾਸ਼ਨਾ ਦੇ ਜੋਸ਼ ਵਿੱਚ ਹੋਰਨਾਂ ਅੰਗਾਂ ਤੋਂ ਇਲਾਵਾ ਵਾਲ ਕੁੱਝ ਜ਼ਿਆਦਾ ਹੀ ਮਹੱਤਵ ਰੱਖਦੇ ਹਨ। ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਣ ਵਾਲੇ ਕਿਸ਼ੋਰ ਕਿਸ਼ੋਰਿਆਂ ਦੇ ਜਿਨਾਂ ਚਿਰ ਅੰਦਰੂਨੀ ਵਾਲ ਪਰਿਪਕਣ ਨਹੀਂ ਹੋਣਗੇ ਉਹਨਾਂ ਦੇ ਕਾਮਵਾਸ਼ਨਾ ਨਾਲ ਸਬੰਧਿਤ ਅੰਗ ਵਿਕਸਿਤ ਨਹੀਂ ਹੋਣਗੇ ਭਾਵੇਂ ਸਿਰ ਦੇ ਵਾਲ ਕਿੰਨੇ ਵੀ ਲੰਬੇ, ਸੰਘਣੇ ਅਤੇ ਸੁੰਦਰ ਕਿਉਂ ਨਾ ਹੋਣ। Pouland ਵਾਲਾਂ ਨੂੰ ਜਣਨ ਅੰਗਾਂ ਨਾਲ ਮੇਲਦੇ ਹਨ। ਉਹ ਕਹਿੰਦੇ ਹਨ ਕਿ ਕੁਦਰਤ ਨੇ ਜੈਵਿਕ ਵਿਗਿਆਨ ਅਤੇ ਸਰੀਰਕ ਤੌਰ ਤੇ ਵਾਲਾਂ ਅਤੇ ਕਾਮਵਾਸ਼ਨਾ ਨੂੰ ਆਪਸ ਵਿੱਚ ਗੁਥਿਆ ਹੈ, ਸੰਬੰਧਿਤ ਕੀਤਾ ਹੈ।

ਉਪਰੋਕਤ ਲਿਖਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਲੰਮੇ ਵਾਲ ਹੀ ਹੱਡਿਆਂ ਦੀਆਂ ਬੀਮਾਰੀਆਂ ਤੋਂ ਬਚਾਉਂਦੇ ਹਨ । ਵਾਲ ਹੀ ਉਪਜਤਾ ਦੀ ਤਾਕਤ ਹਨ । ਵਾਲਾਂ ਦੀ ਦਿੱਖ ਵਿੱਚ ਹੀ ਗਰਵ ਕਰਨਾ, ਸਮਾਜਿਕ ਸਵੀਕਾਰਤਾ ਹੋਣਾ ਇਨਸਾਨ ਦੀ ਇੱਕ ਨੁਮਾਇਸ਼ੀ ਸੁਤੰਸਟੀ ਹੈ। ਪ੍ਰਮਾਤਮਾ ਨੇ ਇਨਸਾਨ ਨੂੰ ਗੁਣਾ ਨਾਲ ਨਿਵਾਜਿਆ ਹੈ। 'ਵਾਲਾਂ ਸਣੇ ਸਰੀਰ' ਪ੍ਰਾਮਤਮਾ ਦੀ ਬਖਸ਼ਿਸ਼ ਹੈ ਇੱਕ ਤੋਹਫਾ ਹੈ ਨਾ ਕਿ ਬੋਝ । ਇਸ ਲਈ ਵਾਲਾਂ ਨੂੰ ਪਵਿੱਤਰ ਮੰਨਦਿਆਂ ਹੋਇਆਂ ਉਹਨਾਂ ਦਾ ਕਤਲ ਨਹੀਂ ਕਰਨਾ ਚਾਹੀਦਾ।

**ਲੰਬੇ ਵਾਲ ਹੱਡੀਆਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਸਿਰ ਤੇ ਜੂੜਾ ਤਾਂ ਇੱਕ ਸੁਰੱਖਿਆ ਘੇਰਾ ਹੁੰਦਾ ਹੈ। ਹਵਾਈ ਅੱਡਿਆਂ ਦੇ ਨੇੜੇ ਬਣੇ ਅਨੇਕਾਂ ਬੁਰਜ ਆਉਣ ਜਾਣ ਵਾਲੇ ਜਹਾਜ਼ਾਂ ਨੂੰ ਸੰਕੇਤ ਦਿੰਦਾ ਅਤੇ ਲੈਂਦਾ ਹੈ।ਜੇਕਰ ਬੁਰਜ ਨਾਂ ਹੋਣਗੇ ਤਾਂ ਹਾਦਸੇ ਹੋ ਜਾਣਗੇ ਇਵੇਂ ਹੀ ਜੇਕਰ ਸਾਡੇ ਸਿਰ ਤੇ ਵਾਲ ਨਾਂ ਹੋਣਗੇ ਤਾਂ ਸਾਡਾ ਸਰੀਰ ਬਿਮਾਰੀ ਗ੍ਰਸਤ ਹੋ ਜਾਵੇਗਾ। ਦਿਲ ਦੇ ਦੌਰੇ, ਜਾਨਲੇਵਾ ਬਿਮਾਰੀਆਂ, ਸਰੀਰਕ ਖਲਬਲੀ ਨਾਲ ਸਰੀਰ ਭਰ ਜਾਵੇਗਾ। ਵਾਲ ਹਰ ਤਰ੍ਹਾਂ ਦੀਆਂ ਚੁੰਬਕ ਅਤੇ ਬਿਜਲਈ ਊਰਜਾ ਭਾਵੇਂ ਛੋਟੀਆਂ, ਮੱਧਿਅਮ ਜਾਂ ਲੰਬੀਆਂ ਤਰੰਗਾਂ ਹੋਣ, ਵਾਲ ਸਭ ਸੋਖ ਲੈਂਦੇ ਹਨ।ਤਾਂ ਹੀ ਸਾਨੂੰ ਕਦੇ-ਕਦੇ ਅਜੀਬੋ ਗਰੀਬ ਰੂਹਾਨੀ ਸਨੇਹੇ ਮਿਲ ਜਾਂਦੇ ਹਨ ਜੋ ਆਮ ਸਮਝ ਤੋਂ ਪਰ੍ਹੇ ਹੁੰਦੇ ਨੇ। ਵਾਲ ਰੂਹਾਨੀ, ਸਰੀਰਕ ਗਿਆਨੀ ਜਾਂ ਜੰਗਜੂ, ਹਰ ਤਰ੍ਹਾਂ ਦੀਆਂ ਤਰੰਗਾਂ ਨੂੰ ਸੋਖ ਲੈਂਦਾ ਹੈ।**



# ਉਘੇ ਸਮਾਜ ਸੁਧਾਰਕ ਐਡਵੋਕੇਟ ਸ਼ਾਮ ਸਿੰਘ ਮੁਛਾਲ



**ਕਮਲ ਧਰਮਸੋਤ**
E-mail:
kamaldharamsot@gmail.com
Whatsap: 001-661-535-9044

ਮੇਰੇ ਪਿਆਰੇ ਮਿੱਤਰ ਐਡਵੋਕੇਟ ਸ਼ਾਮ ਸਿੰਘ ਮੁਛਾਲ ਨਹੀਂ ਰਹੇ। ਪਿਛਲੇ ਹਫ਼ਤੇ 29 ਅਪ੍ਰੈਲ 2017 ਨੂੰ ਹਰਟ ਅਟੈਕ ਨਾਲ ਉਨ੍ਹਾਂ ਦੀ ਮੌਤ ਹੋ ਗਈ। ਸ਼ਾਮ ਸਿੰਘ ਜੀ ਮੇਰੇ ਲਈ ਇੱਕ ਦੋਸਤ ਤੋਂ ਵੱਧ ਕੇ ਇਕ ਪੱਥ ਪ੍ਰਦਰਸ਼ਕ ਵਜੋਂ ਮੇਰੀ ਜ਼ਿੰਦਗੀ ਵਿੱਚ ਭੂਮਿਕਾ ਨਿਭਾਉਂਦੇ ਰਹੇ ਹਨ। ਜਦੋਂ ਤੋਂ ਹੋਸ਼ ਸੰਭਾਲੀ ਹੈ, ਉਦੋਂ ਤੋਂ ਹੀ ਉਨ੍ਹਾਂ ਦੇ ਸੰਪਰਕ ਵਿੱਚ ਆ ਗਿਆ।

ਸ਼ਾਮ ਸਿੰਘ ਜੀ ਇਤਿਹਾਸ ਦੇ ਬਹੁਤ ਵੱਡੇ ਗਿਆਤਾ ਸਨ। ਪੁਰਾਣੇ ਪੰਜਾਬ ਦੇ ਇਤਿਹਾਸ ਦੀਆਂ ਡੂੰਘਾਈਆਂ ਦੀ ਉਨ੍ਹਾਂ ਨੂੰ ਲੋਹੜੇ ਦੀ ਸਮਝ ਸੀ ਜੋ ਕਿ ਇਕ ਆਮ ਆਦਮੀ ਦੀ ਸਮਝ ਤੋਂ ਬਹੁਤ ਪਰ੍ਹੇ ਦੀ ਗੱਲ ਹੈ। ਕਈ ਵਾਰ ਉਨ੍ਹਾਂ ਨੂੰ ਮਨਾਉਣ ਦੀ ਬੜੀ ਕੋਸ਼ਿਸ਼ ਕੀਤੀ ਕਿ ਇਤਿਹਾਸ ਦੀਆਂ ਇਨ੍ਹਾਂ ਪਰਤਾਂ ਨੂੰ ਖੋਲ੍ਹਣ ਲਈ ਉਨ੍ਹਾਂ ਨੂੰ ਕਲਮ ਦੀ ਵਰਤੋਂ ਕਰਨੀ ਚਾਹੀਦੀ ਹੈ, ਪਰ ਉਹ ਉਲਟਾ ਮੈਨੂੰ ਪ੍ਰੇਰਦੇ ਕਿ ਤੂੰ ਕਿਉਂ ਨਹੀਂ ਲਿਖਦਾ। ਮੇਰੀਆਂ ਆਪਣੀਆਂ ਮਜਬੂਰੀਆਂ ਸਨ। ਗੱਲ ਕੀ, ਬਹੁਤ ਕੁਝ ਅਜਿਹਾ ਅਣਲਿਖਿਆ ਇਤਿਹਾਸ ਉਨ੍ਹਾਂ ਦੀ ਮੌਤ ਨਾਲ ਉਨ੍ਹਾਂ ਦੇ ਨਾਲ ਹੀ ਚਲਾ ਗਿਆ ਹੈ।

ਹੁਣ ਮੈਂ ਇੱਥੇ ਆਪਣੇ ਮਿੱਤਰ ਅਤੇ ਪੱਥ ਪ੍ਰਦਰਸ਼ਕ ਐਡਵੋਕੇਟ ਸ਼ਾਮ ਸਿੰਘ ਮੁਛਾਲ ਜੀ ਨਾਲ ਸੰਬੰਧਤ ਕੁਝ ਯਾਦਾਂ ਕਲਮਬੱਧ ਕਰਨ ਦੀ ਕੋਸ਼ਿਸ਼ ਕਰਾਂਗਾ ਤਾਂ ਕਿ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਕੁਝ ਹੋਰ ਚਾਨਣਾ ਪੈ ਸਕੇ।

**ਪਹਿਲੀ ਜਾਣ ਪਛਾਣ:** ਸ਼ਾਮ ਸਿੰਘ ਮੁਛਾਲ ਜੀ ਨਾਲ ਮੇਰੀ ਪਹਿਲੀ ਜਾਣ ਪਛਾਣ ਸਰਬ ਭਾਰਤੀ ਬਾਜ਼ੀਗਰ ਭਲਾਈ ਅਤੇ ਸੁਧਾਰ ਸਭਾ ਦੇ ਮੁਹੱਲਾ ਧਰਮਕੋਟ ਫਗਵਾੜਾ ਵਿਖੇ 1978 ਵਿੱਚ ਕਰਵਾਏ ਗਏ ਕੌਮੀ ਸੰਮੇਲਨ ਸਮੇਂ ਹੋਈ। ਉਸ ਵੇਲੇ ਮੈਂ ਨੌਵੀਂ ਜਮਾਤ ਦਾ ਵਿਦਿਆਰਥੀ ਸਾਂ। ਮੇਰੇ ਪਿਤਾ ਜੀ ਸ੍ਰੀ ਕਰਤਾਰ ਚੰਦ ਧਰਮਸੋਤ ਵੀ ਸਮਾਜ ਭਲਾਈ ਦੇ ਕੰਮਾਂ ਵਿੱਚ ਬਹੁਤ ਰੁਚੀ ਲੈਂਦੇ ਹਨ। ਉਸ ਵੇਲੇ ਮੇਰੇ ਪਿਤਾ ਜੀ ਸਰਬ ਭਾਰਤੀ ਬਾਜ਼ੀਗਰ ਭਲਾਈ ਅਤੇ ਸੁਧਾਰ ਸਭਾ ਦੀ ਕੌਮੀ ਕਮੇਟੀ ਦੇ ਮੈਂਬਰ ਸਨ। ਉਨ੍ਹਾਂ ਵੱਲੋਂ ਕੀਤੇ ਗਏ ਉੱਦਮ ਸਦਕਾ ਇਹ ਸੰਮੇਲਨ ਸਾਡੇ ਮੁਹੱਲੇ ਵਿੱਚ ਕਰਵਾਇਆ ਗਿਆ ਸੀ। ਇਸ ਸੰਮੇਲਨ ਦੌਰਾਨ ਹੋਰਨਾਂ ਦੇ ਨਾਲ ਨਾਲ ਸ਼ਾਮ ਸਿੰਘ ਮੁਛਾਲ ਜੀ ਦੇ ਵਿਚਾਰਾਂ ਨੂੰ ਸੁਣਨ ਦਾ ਮੌਕਾ ਮਿਲਿਆ। ਮੇਰਾ ਬਾਲ ਮਨ ਉਨ੍ਹਾਂ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ।

ਸਮਾਜ ਸੇਵਾ ਦੀ ਗੁੜਤੀ ਤਾਂ ਮੈਨੂੰ ਬਚਪਨ ਤੋਂ ਹੀ ਮਿਲੀ ਹੋਈ ਸੀ। ਮੇਰੇ ਦਾਦਾ ਜੀ ਸਵ. ਸ੍ਰੀ ਬੂਟਾ ਰਾਮ ਧਰਮਸੋਤ ਜੀ ਇਲਾਕੇ ਦੇ ਸਮਾਜ ਸੇਵਾ ਦੇ ਕੰਮਾਂ ਵਿੱਚ ਮੋਹਰੀ ਦੀ ਭੂਮਿਕਾ ਨਿਭਾਉਂਦੇ ਸਨ ਪਰ ਸ਼ਾਮ ਸਿੰਘ ਮੁਛਾਲ ਜੀ ਦੇ ਵਿਚਾਰਾਂ ਨੇ ਮੇਰੇ ਇਸ ਜਨੂਨ ਨੂੰ ਇਕ ਨਵੀਂ ਦਿਸ਼ਾ ਦੇ ਦਿੱਤੀ। ਅਸਲ ਵਿੱਚ ਜੇ ਦੇਖਿਆ ਜਾਵੇ ਤਾਂ ਸਰਬ ਭਾਰਤੀ ਬਾਜ਼ੀਗਰ ਭਲਾਈ ਅਤੇ ਸੁਧਾਰ ਸਭਾ, ਬਾਜ਼ੀਗਰ ਕਬੀਲੇ ਦੀ ਪਹਿਲੀ ਜਥੇਬੰਦਕ ਲਹਿਰ ਸੀ ਜਿਸ ਨੇ ਕਬੀਲੇ ਦੇ ਲੋਕਾਂ ਵਿੱਚ ਨਵੀਂ ਚੇਤਨਾ ਦਾ ਸੰਚਾਰ ਕੀਤਾ ਸੀ। ਇੱਥੇ ਮੈਂ ਬਹੁਤ ਅਨਿਆਂ ਕਰ ਰਿਹਾ ਹੋਵਾਂਗਾ ਜੇ ਇਸ ਲਹਿਰ ਦੇ ਦੂਜੇ ਕਰਣਧਾਰਾਂ ਦਾ ਜ਼ਿਕਰ ਨਾ ਕਰਾਂ। ਇਸ ਲਹਿਰ ਦੇ ਉਸਰੱਈਏ ਕਹਾਉਣ ਦਾ ਮਾਣ ਮੈਂ ਦੇ ਸਕਦਾ ਹਾਂ ਸਰਵ ਸ੍ਰੀ ਸੁੰਦਰ ਲਾਲ ਮੁਛਾਲ (ਸਵਰਗੀ), ਬਲਬੀਰ ਸਿੰਘ ਘਮਰੌਦਾ (ਸਵਰਗੀ), ਹਰਬੰਸ ਲਾਲਕਾ, ਜੋਗਿੰਦਰ ਨਰਸੋਤ, ਦਰਸ਼ਨ ਸਿੰਘ ਲੇਹਲ, ਜਗੀਰ ਘਮਰੌਦਾ, ਚਰਨਾ ਰਾਮ ਲਾਲਕਾ ਅਤੇ ਹੋਰ ਕਈ। ਇਸ ਸੰਮੇਲਨ ਤੋਂ ਬਾਅਦ ਮੇਰੀ ਸਮਾਜ ਸੇਵਾ ਦੀ ਸੋਚ ਹੋਰ ਤਿੱਖੀ ਹੋਈ, ਜਿਸ ਦਾ ਸਿਹਰਾ ਮੈਂ ਸ਼ਾਮ ਸਿੰਘ ਮੁਛਾਲ ਨੂੰ ਦੇ ਸਕਦਾ ਹਾਂ।

**ਬਾਜ਼ੀਗਰ ਚੇਤਨਾ:** ਪੜ੍ਹਾਈ ਸਮਾਪਤ ਕਰਨ ਤੋਂ ਬਾਅਦ ਮੈਂ ਜਗ ਬਾਣੀ ਅਖ਼ਬਾਰ ਵਿੱਚ ਜਲੰਧਰ ਨੌਕਰੀ ਕਰ ਲਈ। ਇਹ 1986 ਦਾ ਸਾਲ ਸੀ। ਨੌਕਰੀ ਕਰਦੇ ਹੀ ਇਹ ਸਮਾਜ ਸੇਵਾ ਦਾ ਪਹਿਲੂ ਮੇਰੇ ਦਿਮਾਗ ਉੱਤੇ ਹਾਵੀ ਹੋ ਗਿਆ ਅਤੇ ਮੈਂ "ਬਾਜ਼ੀਗਰ ਚੇਤਨਾ" ਮਹੀਨਾਵਾਰ ਅਖਬਾਰ ਦਾ ਪ੍ਰਕਾਸ਼ਨ ਆਰੰਭ ਦਿੱਤਾ। ਅਖਬਾਰ ਨੂੰ ਲੋੜੀਂਦਾ ਆਰਥਿਕ ਸਹਿਯੋਗ ਨਾ ਮਿਲਣ ਕਰਕੇ ਕੁਝ ਸਮੇਂ ਬਾਅਦ ਮੈਨੂੰ ਬਾਜ਼ੀਗਰ ਚੇਤਨਾ ਬੰਦ ਕਰਨਾ ਪਿਆ। ਹੱਲਾਸ਼ੇਰੀ ਦੀ ਜਗ੍ਹਾ ਆਲੋਚਨਾ ਜ਼ਿਆਦਾ ਪੱਲੇ ਪਈ। ਮਨ ਟੁੱਟ ਜਿਹਾ ਗਿਆ।

ਅਜਿਹੇ ਸਮੇਂ ਦੌਰਾਨ ਹੀ ਇਕ ਵਿਆਹ ਦੇ ਮੌਕੇ ਸ਼ਾਮ ਸਿੰਘ ਮੁਛਾਲ ਜੀ ਦੇ ਪਿੰਡ ਬਡਰੁੱਖਾਂ ਜਾਣ ਦਾ ਮੌਕਾ ਮਿਲਿਆ। ਸ਼ਾਮ ਸਿੰਘ ਮੁਛਾਲ ਜੀ ਦੇ ਨਿਵਾਸ ਵਿਖੇ ਉਨ੍ਹਾਂ ਨਾਲ ਮੇਰਾ ਤੁਆਰਫ਼ ਬਲਬੀਰ ਸਿੰਘ ਘਮਰੌਦਾ ਜੀ ਨੇ ਕਰਵਾਇਆ। ਸ਼ਾਮ ਸਿੰਘ ਮੁਛਾਲ ਜੀ ਮੇਰੇ ਬਾਰੇ ਭੁੱਲ ਚੁੱਕੇ ਸਨ। ਫ਼ਗਵਾੜਾ ਦੇ ਬਾਜ਼ੀਗਰ ਸੰਮੇਲਨ ਤੋਂ ਬਾਅਦ ਕਦੇ ਮੁਲਾਕਾਤ ਨਹੀਂ ਸੀ ਹੋਈ। ਬਲਬੀਰ ਸਿੰਘ ਘਮਰੌਦਾ ਜੀ ਨੇ ਸ਼ਾਮ ਸਿੰਘ ਜੀ ਨੂੰ ਮੇਰੇ ਬਾਰੇ ਦੱਸਿਆ ਕਿ "ਬਾਜ਼ੀਗਰ ਚੇਤਨਾ" ਮੈਗਜ਼ੀਨ ਇਸ ਮੁੰਡੇ ਨੇ ਹੀ ਪ੍ਰਕਾਸ਼ਤ ਕੀਤਾ ਸੀ ਤਾਂ ਇਹ ਸੁਣ ਕੇ ਸ਼ਾਮ ਸਿੰਘ ਜੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਉਨ੍ਹਾਂ ਨੇ ਮੈਨੂੰ ਗ਼ਲਵੱਕੜੀ ਵਿੱਚ ਲੈ ਲਿਆ। ਕਹਿਣ ਲੱਗੇ ਮੈਨੂੰ ਯਕੀਨ ਨਹੀਂ ਹੋ ਰਿਹਾ ਕਿ ਇੰਨੀ ਛੋਟੀ ਉਮਰੇ ਤੂੰ ਇੱਡਾ ਵੱਡਾ ਕੰਮ ਕਰ ਦਿਖਾਇਆ ਹੈ। ਫਿਰ ਕਹਿਣ ਲੱਗੇ ਕਿ "ਕਦੇ ਕਦੇ ਮੈਂ ਸੋਚਦਾ ਸੀ ਕਿ ਇਹ ਕਿਹੜਾ ਬੰਦਾ ਹੋ ਸਕਦਾ ਹੈ ਜਿਸ ਨੇ ਏਡਾ ਵੱਡਾ ਕੰਮ ਕਰ ਦਿਖਾਇਆ। ਮਨ ਵਿੱਚ ਕਰਤਾਰ ਚੰਦ ਦੇ ਮੁੰਡੇ ਬਾਰੇ ਸੋਚਦਾ ਸੀ ਕਿ ਕਿਤੇ ਉਹ ਨਾ ਹੋਵੇ ਜਿਸ ਨੇ ਬਾਜ਼ੀਗਰ ਸੰਮੇਲਨ ਵਿੱਚ ਪੜ੍ਹਨ ਲਈ ਭਾਸ਼ਣ ਲਿਖ ਕੇ ਲਿਆਂਦਾ ਸੀ। ਫਿਰ ਮਨ ਵਿੱਚ ਇਹ ਵਿਚਾਰ ਆਉਂਦਾ ਕਿ ਉਸਦੀ ਉਮਰ ਤਾਂ ਬਹੁਤ ਛੋਟੀ ਹੋਵੇਗੀ, ਉਹ ਨਹੀਂ ਹੋ ਸਕਦਾ। ਇਹ ਕੰਮ ਤਾਂ ਕਿਸੇ ਵੱਡੀ ਉਮਰ ਦੇ ਬੰਦੇ ਦਾ ਹੀ ਹੋ ਸਕਦਾ ਹੈ। ਪਰ ਅੱਜ ਤੈਨੂੰ ਦੇਖ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ।"

ਸ਼ਾਮ ਸਿੰਘ ਮੁਛਾਲ ਜੀ ਦੇ ਇਨ੍ਹਾਂ ਸ਼ਬਦਾਂ ਨੇ ਮੇਰੇ ਢੱਠੇ ਹੋਏ ਉਤਸ਼ਾਹ ਨੂੰ ਮੁੜ ਜੀਵੰਤ ਕਰ ਦਿੱਤਾ। ਮੈਂ ਮੁੜ ਸਮਾਜ ਸੇਵਾ ਦੇ ਕਾਰਜ ਵਿੱਚ ਪੂਰੇ ਉਤਸ਼ਾਹ ਨਾਲ ਡੱਟ ਗਿਆ। ਇਸ ਮੁਲਾਕਾਤ ਤੋਂ ਬਾਅਦ ਸ਼ਾਮ ਸਿੰਘ ਮੁਛਾਲ ਜੀ ਨਾਲ ਮੇਰੀ ਜਾਣ ਪਛਾਣ ਗੂੜ੍ਹੀ ਦੋਸਤੀ ਵਿੱਚ ਬਦਲ ਗਈ।

**ਗੋਆਰ ਕੌਂਸਲ ਆਫ ਇੰਡੀਆ:** ਸ਼ਾਮ ਸਿੰਘ ਮੁਛਾਲ ਜੀ ਕਦੇ ਟਿਕ ਕੇ ਨਹੀਂ ਬਹਿੰਦੇ ਸਨ। ਸਮਾਜ ਸੇਵਾ ਦਾ ਕੋਈ ਨਾ ਕੋਈ ਕੰਮ ਹਮੇਸ਼ਾ ਵਿੱਢੀ ਰੱਖਦੇ ਸਨ। ਹਰਬੰਸ ਲਾਲਕਾ ਜੀ ਅਤੇ ਬਲਬੀਰ ਸਿੰਘ ਘਮਰੌਦਾ ਹੁਰਾਂ ਨਾਲ ਸਲਾਹ ਕਰ ਕੇ 1990 ਵਿੱਚ ਇਕ ਮੀਟਿੰਗ ਵਿੱਚ ਗੋਆਰ ਕੌਂਸਲ ਆਫ ਇੰਡੀਆ ਦਾ ਗਠਨ ਕਰ ਦਿੱਤਾ ਗਿਆ। ਜਿਸ ਦਾ ਕੌਮੀ ਕਨਵੀਨਰ ਹਰਬੰਸ ਲਾਲਕਾ ਅਤੇ ਪੰਜਾਬ ਦਾ ਕਨਵੀਨਰ ਮੈਨੂੰ ਬਣਾ ਦਿੱਤਾ ਗਿਆ। ਗੋਆਰ ਨਾਮ ਨਾਲ ਸਮਾਜ ਨੂੰ ਇਕੱਠਾ ਕਰਨ ਦਾ ਮੂਲ ਵਿਚਾਰ ਸ਼ਾਮ ਸਿੰਘ ਜੀ ਹੁਰਾਂ ਦਾ ਹੀ ਸੀ।

ਇੱਥੇ ਮੈਂ ਗੋਆਰ ਸ਼ਬਦ ਬਾਰੇ ਥੋੜਾ ਜਿਹਾ ਦੱਸਣਾ ਚਾਹੁੰਦਾ ਹਾਂ। ਬਾਜ਼ੀਗਰ ਨਾਮ ਇਸ ਕਬੀਲੇ ਦੇ ਲੋਕਾਂ ਵੱਲੋਂ ਬਾਜ਼ੀ ਪਾਉਣ ਕਰ ਕੇ ਪਿਆ ਹੈ। ਬਾਜ਼ੀਗਰ ਕਬੀਲੇ ਦੇ ਲੋਕ ਖ਼ੁਦ ਨੂੰ ਗੋਆਰ ਕਹਿੰਦੇ ਹਨ। ਮਤਲਬ ਇਹ ਕਿ ਬਾਜ਼ੀਗਰ ਨਾਮ ਲੋਕਾਂ ਵੱਲੋਂ ਦਿੱਤਾ ਗਿਆ ਨਾਮ ਹੈ। ਗੋਆਰ ਸ਼ਬਦ ਵੀ ਗੋਰ ਸ਼ਬਦ ਦਾ ਵਿਗੜਿਆ ਹੋਇਆ ਰੂਪ ਹੈ। ਦਿੱਲੀ ਤੋਂ ਪੰਜਾਬ ਵੱਲ ਦਾ ਇਲਾਕਾ ਗੋਆਰ ਸ਼ਬਦ ਵਰਤਦਾ ਹੈ ਜਦਕਿ ਦਿੱਲੀ ਤੋਂ ਪਰੇ ਦੱਖਣੀ ਭਾਰਤ ਤੱਕ ਗੋਰ ਸ਼ਬਦ ਵਰਤਿਆ ਜਾਂਦਾ ਹੈ। ਬੰਜਾਰਾ, ਗਵਾਰੀਆ, ਲੰਬਾੜੀ, ਲੰਬਾੜਾ, ਲਬਾਣਾ, ਲਮਾਣ, ਲਮਾਨੀ, ਸਿਰਕੀਬੰਦ ਅਤੇ ਹੋਰ 36 ਦੇ ਕਰੀਬ ਵੱਖ ਵੱਖ ਕਬੀਲਿਆਂ ਦੇ ਲੋਕ ਆਪਣੇ ਆਪ ਨੂੰ ਗੋਰ ਕਹਾਉਣ ਵਿੱਚ ਮਾਣ ਮਹਿਸੂਸ ਕਰਦੇ ਹਨ। ਜਿਨ੍ਹਾਂ ਦੀਆਂ ਗੋਤਾਂ, ਬੋਲੀ, ਪਹਿਰਾਵਾ ਅਤੇ ਰੀਤੀ ਰਿਵਾਜ ਲਗਭਗ ਇੱਕੋ ਜਿਹੇ ਹਨ।

ਸ਼ਾਮ ਸਿੰਘ ਮੁਛਾਲ ਜੀ ਵੱਲੋਂ ਗੋਆਰ ਨਾਮ ਨਾਲ ਲੋਕਾਂ ਨੂੰ ਜਥੇਬੰਦ ਕਰਨ ਪਿੱਛੇ ਮੂਲ ਕਾਰਣ ਇਹੀ ਸੀ ਕਿ ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ ਜਾਗ੍ਰਿਤ ਕੀਤਾ ਜਾ ਸਕੇ ਕਿ ਬਾਜ਼ੀਗਰ ਇਕੱਲੇ ਨਹੀਂ ਨਹੀਂ ਹਨ ਸਗੋਂ ਉਨ੍ਹਾਂ ਦੇ ਭਾਈਚਾਰੇ ਦੇ ਲੋਕ ਬਹੁਤ ਵੱਡੀ ਗਿਣਤੀ ਵਿੱਚ ਭਾਰਤ ਦੇ ਵੱਖ ਵੱਖ ਸੂਬਿਆਂ ਵਿੱਚ ਵੱਖ ਵੱਖ ਨਾਵਾਂ ਨਾਲ ਜਾਣੇ ਜਾਂਦੇ ਹਨ।

ਬਾਜ਼ੀਗਰ ਭਾਈਚਾਰੇ ਵਿੱਚ ਇਸ ਸੰਸਥਾ ਦਾ ਪ੍ਰਚਾਰ ਕਰਨ ਲਈ ਬਹੁਤ ਜੱਦੋ-ਜਹਿਦ ਕਰਨੀ ਪਈ। ਪੜ੍ਹੇ ਲਿਖੇ ਸੱਜਣ ਗੋਆਰ ਸ਼ਬਦ ਨੂੰ ਗੰਵਾਰ ਸਮਝ ਕੇ ਬਹਿਸ ਕਰਨ ਲੱਗ ਜਾਂਦੇ ਸਨ। ਇਨ੍ਹਾਂ ਮੀਟਿੰਗਾਂ ਵਿੱਚ ਮੁੱਖ ਭਾਸ਼ਣ ਸ਼ਾਮ ਸਿੰਘ ਮੁਛਾਲ ਜੀ ਦਾ ਹੀ ਹੁੰਦਾ ਸੀ। ਸ਼ਾਮ ਸਿੰਘ ਮੁਛਾਲ ਜੀ ਦੇ ਭਾਸ਼ਣ ਤੋਂ ਬਾਅਦ ਕਿੰਤੂ ਪ੍ਰੰਤੂ ਕਰਨ ਵਾਲੇ ਸੱਜਣ ਚੁੱਪ-ਚਾਪ ਬੈਠ ਜਾਂਦੇ ਸਨ।

**ਆਲ ਇੰਡੀਆ ਬਾਜ਼ੀਗਰ ਬੰਜਾਰਾ ਸਭਾ:** ਸ਼ਾਮ ਸਿੰਘ ਮੁਛਾਲ ਸ਼ੁਰੂ ਤੋਂ ਹੀ ਕਾਂਗਰਸ ਪਾਰਟੀ ਦੇ ਕੱਟੜ ਸਮਰਥਕ ਰਹੇ ਹਨ। ਅਮਲੋਹ ਤੋਂ ਸਾਧੂ ਸਿੰਘ ਧਰਮਸੋਤ ਦੇ 1992 ਵਿੱਚ ਪਹਿਲੀ ਵਾਰ ਕਾਂਗਰਸ ਪਾਰਟੀ ਵੱਲੋਂ ਵਿਧਾਇਕ ਬਣਨ ਤੋਂ ਬਾਅਦ ਸ਼ਾਮ ਸਿੰਘ ਮੁਛਾਲ ਨੇ ਇਹ ਮਹਿਸੂਸ ਕੀਤਾ ਕਿ ਕਾਂਗਰਸ ਨਾਲ ਜੁੜੇ ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ ਇਕ ਝੰਡੇ ਥੱਲੇ ਇਕੱਤਰ ਕੀਤਾ ਜਾਵੇ। ਇਸ ਮਕਸਦ ਲਈ ਸ਼ਾਮ ਸਿੰਘ ਮੁਛਾਲ ਜੀ ਨੇ ਆਲ ਇੰਡੀਆ ਬਾਜ਼ੀਗਰ ਬੰਜਾਰਾ ਸਭਾ ਦਾ ਗਠਨ ਕੀਤਾ ਅਤੇ ਇਸ ਦੀ ਕਮਾਨ ਸਾਧੂ ਸਿੰਘ ਧਰਮਸੋਤ ਜੀ ਦੇ ਹੱਥਾਂ ਵਿੱਚ ਸੌਂਪ ਦਿੱਤੀ।

ਸਾਧੂ ਸਿੰਘ ਧਰਮਸੋਤ ਜੀ ਦੀ ਅਗਵਾਈ ਵਿੱਚ ਇਹ ਇਕ ਬਹੁਤ ਮਜ਼ਬੂਤ ਸੰਗਠਨ ਬਣ ਚੁੱਕਾ ਹੈ। ਸਾਧੂ ਸਿੰਘ ਧਰਮਸੋਤ ਵੱਲੋਂ ਬਾਜ਼ੀਗਰ ਭਾਈਚਾਰੇ ਦਾ ਸ਼ਕਤੀ ਪ੍ਰਦਰਸ਼ਨ ਕਰਨ ਲਈ 1995 ਅਤੇ 2004 ਵਿੱਚ ਕੀਤੀਆਂ ਗਈਆਂ ਪਟਿਆਲਾ ਵਿਚਲੀਆਂ ਰੈਲੀਆਂ ਨਾਲ ਆਲ ਇੰਡੀਆ ਬਾਜ਼ੀਗਰ ਬੰਜਾਰਾ ਸਭਾ ਆਪਣਾ ਨਾਮ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਤੇ ਲਿਖਵਾ ਚੁੱਕੀ ਹੈ। ਅਮਰੀਕਾ ਦੇ ਵਿੱਚ ਵੀ ਇਸ ਸੰਗਠਨ ਦੀ ਇਕਾਈ ਕਾਮਯਾਬੀ ਨਾਲ ਕੰਮ ਕਰ ਰਹੀ ਹੈ। ਆਲ ਇੰਡੀਆ ਬਾਜ਼ੀਗਰ ਬੰਜਾਰਾ ਸਭਾ ਦੀ ਇਹ ਕਾਮਯਾਬੀ ਐਡਵੋਕੇਟ ਸ਼ਾਮ ਮੁਛਾਲ ਜੀ ਦੀ ਦੂਰ-ਦਰਸ਼ੀ ਨੀਤੀ ਦਾ ਨਤੀਜਾ ਕਹੀ ਜਾ ਸਕਦੀ ਹੈ।

**ਬੰਜਾਰਾ ਟਾਈਮਜ਼ ਡਾਟ ਕਾਮ:** 1998 ਵਿੱਚ ਮੈਂ ਅਮਰੀਕਾ ਚਲੇ ਗਿਆ ਤਾਂ ਮਹੀਨੇ ਦੋ ਮਹੀਨੇ ਬਾਅਦ ਮੈਂ ਉਨ੍ਹਾਂ ਨੂੰ ਕਾਲ ਕਰਕੇ ਇੰਡੀਆ ਵਿੱਚ ਚੱਲ ਰਹੀਆਂ ਸਰਗਰਮੀਆਂ ਦੀ ਜਾਣਕਾਰੀ ਲੈ ਲੈਂਦਾ ਸੀ। ਸ਼ਾਮ ਸਿੰਘ ਜੀ ਬਿਨਾਂ ਕਿਸੇ ਲੱਗ-ਲਬੇੜ ਦੇ ਇੰਡੀਆ ਖ਼ਾਸ ਕਰਕੇ ਪੰਜਾਬ ਵਿੱਚ ਕੀ ਚੱਲ ਰਿਹਾ ਹੈ, ਬਾਰੇ ਮੈਨੂੰ ਆਪਣੀ ਰਾਏ ਦੱਸਦੇ। ਸਮੇਂ ਸਮੇਂ ਉੱਠਦੇ ਰਹੇ ਕਈ ਗੁੰਝਲਦਾਰ ਮਸਲੇ ਚਾਹੇ ਉਹ ਰਾਜਨੀਤਕ ਹੋਣ ਜਾਂ ਸਮਾਜਿਕ, ਬਾਰੇ ਕੀਤੀ ਗਈ ਉਨ੍ਹਾਂ ਦੀ ਟਿੱਪਣੀ ਬੜੀ ਸਟੀਕ ਸਾਬਤ ਹੁੰਦੀ।

ਅਮਰੀਕਾ ਵਿੱਚ ਕੁਝ ਸਾਲ ਬਿਤਾਉਣ ਤੋਂ ਬਾਅਦ ਸਮਾਜ ਸੇਵਾ ਰਾਹੀਂ ਆਪਣੇ ਲੋਕਾਂ ਨਾਲ ਜੁੜਨ ਦੀ ਤਾਂਘ ਪ੍ਰਬਲ ਹੋ ਕੇ ਸਤਾਉਣ ਲੱਗ ਪਈ। ਸ਼ਾਮ ਸਿੰਘ ਜੀ ਅੱਗੇ ਮੈਂ ਆਪਣੀ ਇੱਛਾ ਜ਼ਾਹਰ ਕੀਤੀ ਤਾਂ ਕਾਫ਼ੀ ਸੋਚ ਵਿਚਾਰ ਤੋਂ ਬਾਅਦ ਉਨ੍ਹਾਂ ਨੇ ਵੈੱਬਸਾਈਟ ਦੇ ਜ਼ਰੀਏ ਸਮਾਜ ਦੇ ਨਾਲ ਜੁੜਨ ਦੀ ਸਲਾਹ ਦਿੱਤੀ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਆਉਣ ਵਾਲਾ ਯੁਗ ਇੰਟਰਨੈੱਟ ਦਾ ਯੁੱਗ ਹੈ, ਕਿਉਂ ਨਾ ਆਪਣੇ ਸਮਾਜ ਨਾਲ ਜੁੜਨ ਲਈ ਇਸ ਮਾਧਿਅਮ ਦੀ ਮਦਦ ਲਈ ਜਾਵੇ। ਉਨ੍ਹਾਂ ਦੀ ਇਹ ਸਲਾਹ ਮੰਨ ਕੇ ਮੈਂ ਬੰਜਾਰਾ ਟਾਈਮਜ਼ ਡਾਟ ਕਾਮ ਦੀ ਸ਼ੁਰੂਆਤ ਕੀਤੀ ਜਿਸਦੇ ਮਾਧਿਅਮ ਰਾਹੀਂ ਅਸੀਂ ਆਪਣੀ ਗੱਲ ਦੇਸ਼ ਵਿਦੇਸ਼ ਵਿੱਚ ਵੱਸਦੇ ਆਪਣੇ ਭਾਈਚਾਰੇ ਤੀਕ ਪਹੁੰਚਾਉਣ ਵਿੱਚ ਕਾਮਯਾਬ ਰਹੇ।

ਬੰਜਾਰਾ ਟਾਈਮਜ਼ ਵੈੱਬਸਾਈਟ ਦੀਆਂ ਪ੍ਰਾਪਤੀਆਂ ਜਾਂ ਸਰਗਰਮੀਆਂ ਬਾਰੇ ਮੈਂ ਨਿਰੰਤਰ ਉਨ੍ਹਾਂ ਦੇ ਸੰਪਰਕ ਵਿੱਚ ਰਹਿੰਦਾ ਸੀ। ਨਿੱਕੀ ਤੋਂ ਨਿੱਕੀ ਗੱਲ ਬਾਰੇ ਉਨ੍ਹਾਂ ਦੀ ਸਲਾਹ ਬਹੁਤ ਮਹੱਤਵਪੂਰਨ ਸਾਬਤ ਹੁੰਦੀ ਸੀ। ਜਦੋਂ ਕਦੇ ਵੀ ਲੇਟ ਨਾਈਟ ਮੈਂ ਉਨ੍ਹਾਂ ਨੂੰ ਫ਼ੋਨ ਕਰਦਾ ਸੀ ਤਾਂ ਉਨ੍ਹਾਂ ਨੇ ਹਰ ਵਾਰੀ ਖਿੜੇ ਮੱਥੇ ਰਿਪਲਾਈ ਕਰਨਾ। ਜੇ ਕਦੇ ਕੁਝ ਦਿਨ ਮੈਂ ਫ਼ੋਨ ਨਹੀਂ ਕਰ ਪਾਉਂਦਾ ਸੀ ਤਾਂ ਉਹ ਇੰਡੀਆ ਤੋਂ ਫ਼ੋਨ ਘੁਮਾ ਦਿੰਦੇ। ਤੱਤਸਾਰ ਇਹ ਕਿ ਇੰਡੀਆ ਤੋਂ ਅਮਰੀਕਾ ਤੱਕ ਦਾ ਫ਼ਾਸਲਾ ਵੀ ਸਾਨੂੰ ਇੱਕ ਦੂਜੇ ਤੋਂ ਦੂਰ ਨਹੀਂ ਕਰ ਸਕਿਆ। ਇੱਕ ਵੱਖਰੀ ਤਰ੍ਹਾਂ ਦਾ ਨਿੱਘ ਉਨ੍ਹਾਂ ਨੂੰ ਮਿਲ ਕੇ ਜਾਂ ਫ਼ੋਨ ਰਾਹੀਂ ਗੱਲ ਕਰ ਕੇ ਮਹਿਸੂਸ ਹੁੰਦਾ ਸੀ।

**ਸੇਵਾਗੜ੍ਹ ਦਰਸ਼ਨ:** ਗੋਆਰ ਸਮਾਜ ਦੇ ਮਹਾਨ ਸੰਤ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ ਸਮਾਧੀ ਸਥਾਨ ਦੇ ਦਰਸ਼ਨ ਤਾਂ ਮੈਂ 2011 ਵਿੱਚ ਹੀ ਆਪਣੇ ਵੱਡੇ ਬੇਟੇ ਰਿਤੇਸ਼ ਨੂੰ ਨਾਲ ਲੈ ਕੇ ਕਰ ਆਇਆ ਸੀ। ਹੁਣ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ ਜਨਮ ਸਥਾਨ ਸੇਵਾਗੜ੍ਹ ਦੇ ਦਰਸ਼ਨ ਕਰਨ ਦੀ ਇੱਛਾ ਮਨ ਵਿੱਚ ਸੀ। ਪਰ ਹਰੇਕ ਸਾਲ ਕੋਈ ਨਾ ਕੋਈ ਅੜਚਨ ਪੈ ਜਾਂਦੀ ਅਤੇ ਸੇਵਾਗੜ੍ਹ ਜਾਣ ਦੀ ਇੱਛਾ ਮਨ ਵਿੱਚ ਹੀ ਰਹਿ ਜਾਂਦੀ।

ਸੰਨ 2016 ਦੀ ਫ਼ਰਵਰੀ ਵਿੱਚ ਪੱਕਾ ਪ੍ਰੋਗਰਾਮ ਬਣਾ ਕੇ ਅਮਰੀਕਾ ਤੋਂ ਸ਼ਾਮ ਸਿੰਘ ਜੀ ਨੂੰ ਕਾਲ ਕਰ ਦਿੱਤੀ ਕਿ ਤਿਆਰੀ ਕੱਸ ਲਓ, ਇਸ ਵਾਰ 15 ਫ਼ਰਵਰੀ ਨੂੰ ਜ਼ਰੂਰ ਸੇਵਾਗੜ੍ਹ ਦਰਸ਼ਨ ਕਰਨ ਜਾਣਾ ਹੈ। 15 ਫ਼ਰਵਰੀ ਨੂੰ ਸਤਗੁਰੂ ਸੇਵਾਲਾਲ ਜੀ ਮਹਾਰਾਜ ਦਾ ਜਨਮ ਦਿਹਾੜਾ ਹੁੰਦਾ ਹੈ। ਸੇਵਾਗੜ੍ਹ ਅਸਥਾਨ (ਗੁੱਤੀ ਬੇਲਾਰੀ) ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਦੇ ਬਾਰਡਰ ਉੱਪਰ ਪੈਂਦਾ ਹੈ। ਕਾਫ਼ੀ ਲੰਬਾ ਸਫਰ ਸੀ ਰੇਲ ਗੱਡੀ ਰਾਹੀਂ। ਮੇਰੀ ਜ਼ਿੰਦਗੀ ਦਾ ਇਹ ਇਕ ਬਹੁਤ ਹੀ ਯਾਦਗਾਰੀ ਅਤੇ ਰੌਚਕ ਸਫਰ ਸੀ। ਜਿੰਨਾ ਚਾਅ ਮੈਨੂੰ ਆਪਣੀ ਚਿਰਾਂ ਤੋਂ ਲਟਕਦੀ ਤਾਂਘ ਪੂਰੀ ਕਰਨ ਦਾ ਸੀ, ਉਸ ਤੋਂ ਵੱਧ ਖ਼ੁਸ਼ੀ ਸ਼ਾਮ ਸਿੰਘ ਜੀ ਵਰਗੇ ਗੁਣੀ ਬੰਦੇ ਦੀਆਂ ਗੂੜ੍ਹ ਗਿਆਨ ਭਰਪੂਰ ਗੱਲਾਂ ਸੁਣਨ ਦੀ ਸੀ।

ਸ਼ਾਮ ਸਿੰਘ ਜੀ ਇਸ ਸਫਰ ਦੇ ਹਰ ਲਮਹੇ ਨੂੰ ਮਾਣ ਰਹੇ ਸਨ। ਸ਼ਾਮ ਸਿੰਘ ਜੀ ਦਾ ਇਹ ਰੂਪ ਮੈਂ ਪਹਿਲੀ ਵਾਰ ਦੇਖ ਰਿਹਾ ਸੀ। ਅੱਜ ਇਹ ਕਹਾਵਤ ਮੈਂ ਅੱਖੀਂ ਸੱਚ ਹੁੰਦੀ ਦੇਖ ਰਿਹਾ ਸੀ ਕਿ ਬੰਦਾ ਚਾਹੇ ਕਿੰਨਾ ਵੀ ਪੜ੍ਹ ਲਿਖ ਕਿਉਂ ਨਾ ਜਾਵੇ ਪਰ ਉਹ ਸਾਰੀ ਉਮਰ ਇਕ ਵਿਦਿਆਰਥੀ ਹੀ ਰਹਿੰਦਾ ਹੈ। ਸ਼ਾਮ ਸਿੰਘ ਜੀ ਕੋਈ ਵੀ ਅਜਿਹਾ ਮੌਕਾ ਨਹੀਂ ਖੁੰਝਾਉਣਾ ਚਾਹੁੰਦੇ ਸਨ ਜਿਸ ਤੋਂ ਉਨ੍ਹਾਂ ਨੂੰ ਨਵੀਂ ਜਾਣਕਾਰੀ ਮਿਲਦੀ ਹੋਵੇ। ਸਾਡੇ ਦੋਵਾਂ ਲਈ ਨਵੇਂ ਨਵੇਂ ਲੋਕਾਂ ਨੂੰ ਮਿਲਣ ਦਾ ਇਹ ਇਕ ਸੁਨਹਿਰੀ ਮੌਕਾ ਸੀ, ਜਿਸ ਦਾ ਅਸੀਂ ਭਰਪੂਰ ਲਾਭ ਉਠਾਇਆ।

ਐਡਵੋਕੇਟ ਸ਼ਾਮ ਸਿੰਘ ਮੁਛਾਲ ਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਜੀ ਦਾ ਭੋਗ 10 ਮਈ ਦਿਨ ਬੁੱਧਵਾਰ ਨੂੰ 12 ਤੋਂ 1 ਵਜੇ ਤੱਕ ਉਹਨਾਂ ਦੇ ਜੱਦੀ ਪਿੰਡ ਬਡਰੁਖਾਂ (ਨੇੜੇ ਸੰਗਰੂਰ) ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੇੜੇ ਪੈ ਰਿਹਾ ਹੈ। ਸਵ. ਐਡਵੋਕੇਟ ਸ਼ਾਮ ਸਿੰਘ ਮੁਛਾਲ ਜੀ ਨੇ ਆਪਣੀ ਸਾਰੀ ਉਮਰ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਲਾ ਦਿੱਤੀ ਅਤੇ ਕਦੇ ਵੀ ਕਿਸੇ ਵੱਡੇ ਅਹੁਦੇ ਦੀ ਮੰਗ ਨਹੀਂ ਕੀਤੀ। ਐਡਵੋਕੇਟ ਸ਼ਾਮ ਸਿੰਘ ਮੁਛਾਲ ਜੀ ਨੇ ਸ਼ੁਰੂਆਤੀ ਦੌਰ ਤੋਂ ਹੀ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਕਾਂਗਰਸ ਦੇ ਮਜ਼ਬੂਤ ਥੰਮ੍ਹ ਸ. ਸਾਧੂ ਸਿੰਘ ਧਰਮਸੋਤ ਜੀ ਦਾ ਡਟ ਕੇ ਸਾਥ ਦਿਤਾ ਅਤੇ ਕਾਂਗਰਸ ਦੀਆਂ ਜੜ੍ਹਾਂ ਆਮ ਲੋਕਾਂ ਵਿੱਚ ਮਜ਼ਬੂਤ ਕਰਨ ਲਈ ਦਿਨ ਰਾਤ ਇੱਕ ਕਰ ਦਿੱਤਾ। ਅਜਿਹੇ ਕਾਂਗਰਸ ਦੇ ਨਿਰਸਵਾਰਥ ਸੇਵਕਾਂ ਦੀ ਬਦੌਲਤ ਹੀ ਕਾਂਗਰਸ ਦਾ ਵਜੂਦ ਖੜ੍ਹਾ ਹੈ। ਕਾਂਗਰਸ ਦਾ ਵੀ ਫਰਜ਼ ਬਣਦਾ ਹੈ ਕਿ ਅਜਿਹੇ ਬਾਬਾ ਬੋਹੜ ਦੀ ਯਾਦ ਨੂੰ ਕਾਇਮ ਰੱਖਣ ਲਈ ਉਹਨਾਂ ਦੀ ਢੁੱਕਵੀਂ ਯਾਦਗਾਰ ਬਣਾਉਣ ਲਈ ਅੱਗੇ ਆਵੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਦੀ ਜ਼ਿੰਦਗੀ ਤੋਂ ਪ੍ਰੇਰਣਾ ਲੈ ਸਕਣ। ਸਾਡੀ ਪੰਜਾਬ ਦੇ ਮੁੱਖ ਮੰਤਰੀ ਸ. ਅਮਰਿੰਦਰ ਸਿੰਘ ਜੀ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਸ. ਸਾਧੂ ਸਿੰਘ ਧਰਮਸੋਤ ਜੀ ਨੂੰ ਬੇਨਤੀ ਹੈ ਕਿ ਸਵ. ਐਡਵੋਕੇਟ ਸ਼ਾਮ ਸਿੰਘ ਮੁਛਾਲ ਜੀ ਨੂੰ ਇੱਕ ਸੱਚੀ ਸ਼ਰਧਾਂਜਲੀ ਵਜੋਂ ਢੁੱਕਵੀਂ ਯਾਦਗਾਰ ਬਣਾਉਣ ਲਈ ਅੱਗੇ ਆਉਣ।




ਐਡਵੋਕੇਟ ਸ਼ਾਮ ਸਿੰਘ ਮੁਛਾਲ 15 ਫ਼ਰਵਰੀ 2009 ਨੂੰ ਮੁਹੱਲਾ ਧਰਮਕੋਟ ਫਗਵਾੜਾ ਵਿਖੇ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਮੌਕੇ ਸੰਬੋਧਨ ਕਰਦੇ ਹੋਏ।



23 ਸਤੰਬਰ 2014 ਨੂੰ ਬਾਬਾ ਬੂਟਾ ਰਾਮ ਧਰਮਸੋਤ ਜੀ ਦੀ 17ਵੀਂ ਬਰਸੀ ਮੌਕੇ ਐਡਵੋਕੇਟ ਸ਼ਾਮ ਸਿੰਘ ਮੁਛਾਲ ਜੀ ਨੂੰ ਸਨਮਾਨਿਤ ਕਰਦੇ ਹੋਏ ਸਾਧੂ ਸਿੰਘ ਧਰਮਸੋਤ (ਮੌਜੂਦਾ ਕੈਬਨਿਟ ਮੰਤਰੀ ਪੰਜਾਬ)।

### ਬੁੱਧ ਪੂਰਨਿਮਾ ਦਿਵਸ ’ਤੇ ਵਿਸ਼ੇਸ਼

# ‘ਬੁੱਧ ਧਰਮ ’ਚ ਸਮਾਜਿਕ-ਬਰਾਬਰੀ ਦਾ ਸੰਕਲਪ’



ਪ੍ਰੋ: ਐਚ.ਐਲ.ਕਪੂਰ
001- 916- 587-4002

ਗੌਤਮ ਬੁੱਧ ਦਾ ਜਨਮ 563 ਬੀ. ਸੀ. ਤੇ ਮੌਤ 483 ਬੀ. ਸੀ. ਨੂੰ, 80 ਸਾਲ ਦਾ ਜੀਵਨ ਜਿਉਂ ਕੇ ਹੋਈ। ਉਹ ਬੁੱਧ ਧਰਮ ਦੇ ਸੰਸਥਾਪਕ ਸਨ। ਛਾਕਿਆ ਨਰੇਸ਼ ਸੁਦੋਧਨ ਦੇ ਘਰ ਜਨਮੇ ਸਿਧਾਰਥ ਵਿਆਹ ਤੋਂ ਬਾਅਦ ਆਪਣੇ ਨਵਜੰਮੇ ਬੱਚੇ ਪੁੱਤਰ ਰਾਹੁਲ ਤੇ ਪਤਨੀ ਯਸ਼ੋਧਰਾ ਨੂੰ ਤਿਆਗ ਕੇ, ਸੰਸਾਰ ਨੂੰ ਜਨਮ, ਮਰਨ ਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਦੇ ਮਾਰਗ ਦੀ ਤਲਾਸ਼ ਲਈ, ਰਾਤ ਨੂੰ ਆਪਣਾ ਰਾਜ-ਪਾਠ ਛੱਡ ਕੇ ਜੰਗਲਾਂ ’ਚ ਚਲੇ ਗਏ। ਕਈ ਸਾਲਾਂ ਦੀ ਬੜੀ ਕਠਿਨ ਤਪੱਸਿਆ ਕਰਨ ਉਪਰੰਤ ਬੋਧ ਗਯਾ (ਬਿਹਾਰ) ’ਚ ਇਕ ਬੋਧੀ ਦਰਖਤ ਦੇ ਥੱਲੇ, ਉਨ੍ਹਾਂ ਨੂੰ ਆਪਣੇ ਉਕਤ ਉਦੇਸ਼ ਦੀ ਪ੍ਰਾਪਤੀ ਹੋਈ ਤੇ ਉਹ ਸਿਧਾਰਥ ਤੋਂ ’ਬੁੱਧ’ ਬਣ ਗਏ।

ਗੌਤਮ ਬੁੱਧ ਜੀ ਦਾ ਜਨਮ ਛੱਕ ਗਣਰਾਜ ਦੀ ਤੱਤਕਾਲ ਰਾਜਧਾਨੀ ਕਪਲਵਸਤੂ ਦੇ ਨਜ਼ਦੀਕ ਲੁੰਬਨੀ (ਨੇਪਾਲ) ’ਚ ਹੋਇਆ। ਲੁੰਬਨੀ ਜੰਗਲ, ਨੇਪਾਲ ਦੇ ਤਰਾਈ ਖੇਤਰ ’ਚ ਕਪਲਵਸਤੂ ਤੇ ਦੇਵਦਹਿ ਦੇ ਵਿਚਕਾਰ, ਨੌਤਨਵਾਂ ਸਟੇਸ਼ਨ ਤੋਂ 8 ਮੀਲ ਦੂਰ ਪੱਛਮ ’ਚ ਰੁਕਮਨਦੇਵੀ ਨਾਮਕ ਸਥਾਨ ਦੇ ਕੋਲ ਸਥਿਤ ਹੈ। ਕਪਲਵਸਤੂ ਦੀ ਮਹਾਂਰਾਣੀ ਮਹਾਂਮਾਇਆ ਦੇਵੀ ਦੇ, ਆਪਣੇ ਨੈਹਰ ਦੇਵਦਹਿ ਜਾਂਦੇ ਸਮੇਂ, ਰਸਤੇ ’ਚ ਪ੍ਰਸੂਤੀ ਪੀੜਾ ਹੋਈ ਤੇ ਉਥੇ ਹੀ, ਉਨ੍ਹਾਂ ਨੇ ਬਾਲਕ ਗੌਤਮ ਨੂੰ ਜਨਮ ਦਿੱਤਾ। ਬੱਚੇ ਦਾ ਨਾਮ ਸਿਧਾਰਥ ਰੱਖਿਆ ਗਿਆ। ’ਗੌਤਮ’ ਗੋਤਰ ’ਚ ਜਨਮ ਲੈਣ ਕਾਰਨ, ਉਨ੍ਹਾਂ ਨੂੰ ਗੌਤਮ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਛੱਕਾਂ ਦੇ ਰਾਜਾ ਸੁਧੋਧਨ ਉਹਨਾਂ ਦੇ ਪਿਤਾ ਜੀ ਸਨ। ਇਕ ਪ੍ਰਚੱਲਿਤ ਕਥਾ ਦੇ ਅਨੁਸਾਰ ਸਿਧਾਰਥ ਦੀ ਮਾਤਾ ਮਾਇਆਦੇਵੀ ਜਿਹੜੀ ਕਿ ਕੌਲੀ ਵੰਸ਼ ਦੀ ਸੀ, ਦਾ ਉਨ੍ਹਾਂ ਦੇ ਜਨਮ ਦੇ ਸੱਤ ਦਿਨ ਬਾਅਦ ਦੇਹਾਂਤ ਹੋ ਗਿਆ। ਉਹਨਾਂ ਦਾ ਪਾਲਣ-ਪੋਸ਼ਣ, ਉਨ੍ਹਾਂ ਦੀ ਮਾਸੀ ਤੇ ਰਾਜਾ ਸੁਧੋਧਨ ਦੀ ਦੂਸਰੀ ਰਾਣੀ ਮਹਾਂਪਰਜਾਵਤੀ ਨੇ ਕੀਤਾ। ਬੱਚੇ ਦਾ ਨਾਮ ਸਿਧਾਰਥ ਰੱਖਿਆ ਗਿਆ, ਜਿਸਦਾ ਅਰਥ ਹੈ- ‘ਉਹ ਜੋ ਸਿੱਧੀ ਪ੍ਰਾਪਤ ਲਈ ਜਨਮਿਆ ਹੋਵੇ।’ ਜਨਮ ਸਮਾਰੋਹ ’ਤੇ ਇਕੱਤਰ ਹੋਏ ਸਾਧੂ-ਸੰਤਾਂ ਨੇ ਇਸ ਬਾਲਕ ਪ੍ਰਤੀ, ਇਹ ਜੋਤਿਸ਼ ਲਗਾਇਆ ਕਿ ਇਹ ਬਾਲਕ ਜਾਂ ਤਾਂ ਇਕ ਮਹਾਨ ਰਾਜਾ ਜਾਂ ਇਕ ਮਹਾਨ ਲੋਕ-ਮਾਰਗ ਦਰਸ਼ਕ, ਸਾਧੂ-ਸੰਤ ਬਣੇਗਾ। ਰਾਜਾ ਸਦੋਧਨ ਨੇ ਪੰਜਵੇਂ ਦਿਨ, ਇਕ ਨਾਮਕਰਨ ਸਮਾਰੋਹ ਕੀਤਾ ਤੇ ਅੱਠ ਬ੍ਰਾਹਮਣ ਵਿਦਵਾਨਾਂ ਨੂੰ ਇਸ ਬਾਲਕ ਦਾ ਭਵਿੱਖ ਜਾਨਣ ਲਈ ਸੱਦਿਆ। ਸਭ ਵਿਦਵਾਨਾਂ ਨੇ ਫਿਰ ਉਹੀ ਭਵਿੱਖਬਾਣੀ ਕੀਤੀ ਕਿ ਇਹ ਬਾਲਕ ਜਾਂ ਤਾਂ ਇਕ ਮਹਾਨ ਰਾਜਾ ਜਾਂ ਇਕ ਮਹਾਨ ਪਵਿੱਤਰ ਇਨਸਾਨ ਬਣੇਗਾ। ਦੱਖਣੀ ਮੱਧ ਨੇਪਾਲ ’ਚ ਸਥਿਤ ਲੁੰਬਨੀ ਦੇ ਇਸ ਸਥਾਨ ਤੇ ਮਹਾਰਾਜਾ ਅਸ਼ੋਕ ਨੇ ਤੀਸਰੀ ਸਦੀ ਬੀ. ਸੀ. ’ਚ ਬੁੱਧ ਜੈਨਤੀ ’ਤੇ ਉਨ੍ਹਾਂ ਦੀ ਯਾਦ ’ਚ ਇਕ ਸਤੰਭ ਬਣਾਇਆ। ਗੌਤਮ ਬੁੱਧ ਦਾ ਜਨਮ ਦਿਨ ਜ਼ਿਆਦਾ ਤੌਰ ਤੇ ਏਸ਼ੀਆ ਦੇ ਕਈ ਦੇਸ਼ਾਂ ’ਚ ਮਨਾਇਆ ਜਾਂਦਾ ਹੈ। ਸਿਧਾਰਥ ਦਾ ਮਨ ਬਚਪਨ ਤੋਂ ਹੀ ਬੜਾ ਕਰੁਣਾਮਈ ਤੇ ਦਇਆ ਦ੍ਰਿਸ਼ਟੀ ਵਾਲਾ ਸੀ। ਇਸ ਦਾ ਸਾਨੂੰ ਉਨ੍ਹਾਂ ਦੇ ਆਰੰਭਕ ਜੀਵਨ ਦੀਆਂ ਕਈ ਘਟਨਾਵਾਂ ਤੋਂ ਹੀ ਪਤਾ ਲੱਗ ਜਾਂਦਾ ਹੈ। ਘੋੜਿਆਂ ਦੀ ਦੌੜ ’ਚ ਜਦੋਂ ਘੋੜੇ ਦੌੜਦੇ ਤਾਂ ਉਨ੍ਹਾਂ ਦੇ ਮੂੰਹ ’ਚੋਂ ਝੱਗ ਨਿਕਲਣ ਲੱਗਦੀ ਤਾਂ ਸਿਧਾਰਥ ਉਨ੍ਹਾਂ ਨੂੰ ਥੱਕਿਆ ਜਾਣ ਕੇ, ਉਨ੍ਹਾਂ ਨੂੰ ਉਥੇ ਹੀ ਰੋਕ ਦਿੰਦਾ ਤੇ ਆਪਣੀ ਜਿੱਤੀ ਹੋਈ ਬਾਜ਼ੀ ਉਥੇ ਹੀ ਹਾਰ ਜਾਂਦਾ। ਖੇਡਾਂ ’ਚ ਹਾਰ ਜਾਣਾ ਵੀ ਉਨ੍ਹਾਂ ਨੂੰ ਬਹੁਤ ਪਸੰਦ ਸੀ, ਕਿਉਂਕਿ ਕਿਸੇ ਨੂੰ ਹਰਾਉਣਾ ਤੇ ਕਿਸੇ ਨੂੰ ਦੁਖੀ ਦੇਖਣਾ ਉਨ੍ਹਾਂ ਨੂੰ ਬੜੀ ਤਕਲੀਫ ਦਿੰਦਾ ਸੀ। ਸਿਧਾਰਥ ਦੇ ਚਚੇਰੇ ਭਰਾ ਨੇ ਇਕ ਵਾਰ ਇਕ ਹੰਸ ਨੂੰ ਤੀਰ ਨਾਲ ਜ਼ਖਮੀ ਕਰ ਦਿੱਤਾ ਤੇ ਸਿਧਾਰਥ ਨੇ ਉਸ ਜ਼ਖਮੀ ਹੰਸ ਦੇ ਪ੍ਰਾਣਾਂ ਦੀ ਖੁਦ ਰੱਖਿਆ ਕੀਤੀ।

ਸਿਧਾਰਥ ਨੇ ਆਪਣੇ ਗੁਰੂ ਵਿਸ਼ਵਾਮਿੱਤਰ ਤੋਂ ਵੇਦ ਤੇ ਉਪਨਿਸ਼ਦਾਂ ਦੀ ਸਿੱਖਿਆ ਦੇ ਨਾਲ-ਨਾਲ ਯੁੱਧ ਕਲਾ ਦੀ ਸਿੱਖਿਆ ਵੀ ਲਈ। ਇਸ ਤੋਂ ਇਲਾਵਾ ਕੁਸ਼ਤੀ ਕਰਨ, ਘੋੜ ਦੌੜ, ਤੀਰਅੰਦਾਜ਼ੀ ਤੇ ਰੱਥ ਹੱਕਣ ’ਚ ਵੀ ਉਹ ਬੜੇ ਨਿਪੁੰਨ ਸਨ। ਸੋਲਾਂ ਸਾਲਾਂ ਦੀ ਉਮਰ ’ਚ ਸਿਧਾਰਥ ਦਾ ਛੱਕ ਕੰਨਿਆ ਯਸ਼ੋਧਰਾ ਨਾਲ ਵਿਆਹ ਹੋ ਗਿਆ। ਆਪਣੇ ਪਿਤਾ ਜੀ ਦੁਆਰਾ ਇਕ ਬਹੁਤ ਹੀ ਆਲੀਸ਼ਾਨ ਬਣਾਏ ਗਏ ਮਹੱਲ ’ਚ ਉਹ ਆਪਣੀ ਪਤਨੀ ਨਾਲ ਰਹਿਣ ਲੱਗ ਪਏ। ਇਸ ਮਹੱਲ ’ਚ ਉਨ੍ਹਾਂ ਨੂੰ ਦੁਨੀਆਂ ਭਰ ਦੇ ਸੁੱਖ-ਆਰਾਮ ਪ੍ਰਾਪਤ ਸਨ ਤੇ ਇੱਥੇ ਹੀ ਉਨ੍ਹਾਂ ਦੇ ਘਰ ਪੁੱਤਰ ਰਾਹੁਲ ਨੇ ਜਨਮ ਲਿਆ।

ਰਾਜਾ ਸਧੋਧਨ ਨੇ ਸਿਧਾਰਥ ਦੇ ਐਸ਼ੋ-ਆਰਾਮ ਦਾ ਬੜੀ ਵੱਡੀ ਪੱਧਰ ’ਤੇ ਮਹੱਲਾਂ ’ਚ ਹੀ ਪ੍ਰਬੰਧ ਕਰ ਦਿੱਤਾ। ਤਿੰਨਾਂ ਰੁੱਤਾਂ ਦੇ ਅਨੁਸਾਰ ਤਿੰਨ ਮਹੱਲ ਬਣਾ ਦਿੱਤੇ। ਉਥੇ ਨੱਚਣ ਗਾਉਣ ਦੀ ਤੇ ਹੋਰ ਕਈ ਪ੍ਰਕਾਰ ਦਾ ਮਨੋਰੰਜਨ ਕਰਨ ਲਈ ਸਮੱਗਰੀ ਦਾ ਪ੍ਰਬੰਧ ਵੀ ਕਰ ਦਿੱਤਾ ਪ੍ਰੰਤੂ ਇਹ ਸਭ ਚੀਜ਼ਾਂ ਸਿਧਾਰਥ ਨੂੰ ਸੰਸਾਰ ਨਾਲ ਬੰਨ੍ਹ ਕੇ ਨਾ ਰੱਖ ਸਕੀਆਂ। ਬਸੰਤ ਰੁੱਤ ਦੇ ਦਿਨਾਂ ’ਚ ਸਿਧਾਰਥ ਇਕ ਦਿਨ ਬਗੀਚੇ ਦੀ ਸੈਰ ਕਰਨ ਲਈ ਨਿਕਲੇ। ਉਨ੍ਹਾਂ ਨੂੰ ਸੜਕ ਤੇ ਇਕ ਬੁੱਢਾ ਆਦਮੀ ਦਿੱਸਿਆ। ਉਸਦੇ ਦੰਦ ਟੁੱਟ ਚੁੱਕੇ ਸਨ, ਵਾਲ ਸਫੈਦ ਹੋ ਗਏ ਸਨ ਤੇ ਸਰੀਰ ਝੁੱਕ ਗਿਆ ਹੋਇਆ ਸੀ। ਉਹ ਹੱਥ ’ਚ ਲਾਠੀ ਫੜ ਕੇ ਹੌਲੀ-ਹੌਲੀ ਕੰਬਦਾ ਹੋਇਆ, ਉਹ ਸੜਕ ਤੇ ਚੱਲ ਰਿਹਾ ਸੀ। ਦੂਸਰੀ ਵਾਰ ਜਦੋਂ ਉਹ ਫਿਰ ਸੈਰ ਕਰਨ ਲਈ ਬਗੀਚੇ ’ਚ ਨਿਕਲੇ ਤਾਂ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਇਕ ਰੋਗੀ ਆ ਗਿਆ। ਉਸ ਦੀ ਸਾਹ ਬੜੀ ਤੇਜ਼ੀ ਨਾਲ ਚੱਲ ਰਹੀ ਸੀ ਤੇ ਉਸ ਦੇ ਮੋਢੇ ’ਤੇ ਸਰੀਰ ਬੜਾ ਢਿੱਲਾ-ਢਿੱਲਾ ਜਿਹਾ ਲੱਗ ਰਿਹਾ ਸੀ ਤੇ ਉਹ ਕਿਸੇ ਦੂਸਰੇ ਆਦਮੀ ਦੇ ਸਹਾਰੇ ਨਾਲ ਚੱਲ ਰਿਹਾ ਸੀ। ਤੀਸਰੀ ਵਾਰ ਉਸ ਨੇ ਇਕ ਅਰਥੀ ’ਤੇ ਮੁਰਦੇ ਨੂੰ ਸੰਸਕਾਰ ਲਈ ਲਿਜਾਂਦੇ ਦੇਖਿਆ ਤੇ ਉਸ ਨੂੰ ਲੋਕ ਆਪਣੇ ਮੋਢਿਆਂ ’ਤੇ ਉਠਾਅ ਕੇ ਲਿਜਾ ਰਹੇ ਸਨ ਤੇ ਕਈ ਆਪਣੇ ਵਾਲ ਖਿਲਾਰ ਕੇ ਉਨ੍ਹਾਂ ਨੂੰ ਖਿੱਚ ਰਹੇ ਸਨ। ਇਨ੍ਹਾਂ ਸਾਰੀਆਂ ਘਟਨਾਵਾਂ ਤੇ ਦ੍ਰਿਸ਼ਾਂ ਨੇ ਸਿਧਾਰਥ ਨੂੰ ਬੜੀਆਂ ਡੂੰਘੀਆਂ ਸੋਚਾਂ ’ਚ ਪਾ ਦਿੱਤਾ। ਉਸ ਨੇ ਸੋਚਿਆ ਕਿ ਇਹ ਜਵਾਨੀ ਐਵੇਂ ਥੋੜ੍ਹੇ ਦਿਨਾਂ ਦੀ ਹੈ ਜੋ ਜਲਦੀ ਹੀ ਸੁੱਕ ਤੇ ਮੁੱਕ ਜਾਂਦੀ ਹੈ। ਅਜਿਹੀ ਜ਼ਿੰਦਗੀ ਨੂੰ ਕੀ ਕਰਨਾ ਹੈ? ਇਹ ਬੁਢਾਪਾ, ਬਿਮਾਰੀ ਤੇ ਮੌਤ ਕੀ ਇਸੇ ਤਰ੍ਹਾਂ ਹੀ ਜੀਵਨ ’ਚ ਆਉਂਦੀ ਰਹੇਗੀ? ਚੌਥੀ ਵਾਰ ਸਿਧਾਰਥ ਜਦੋਂ ਬਗੀਚੇ ’ਚ ਸੈਰ ਕਰਨ ਲਈ ਗਿਆ ਤਾਂ ਉਨ੍ਹਾਂ ਨੂੰ ਇਕ ਸੰਨਿਆਸੀ ਦਿਖਾਈ ਦਿੱਤਾ, ਜਿਹੜਾ ਕਿ ਸੰਸਾਰ ਦੀਆਂ ਸਾਰੀਆਂ ਚਿੰਤਾਵਾਂ ਤੇ ਕਾਮਨਾਵਾਂ ਤੋਂ ਮੁਕਤ ਤੇ ਪ੍ਰਸੰਨਚਿੱਤ ਲੱਗਦਾ ਸੀ, ਨੇ ਸਿਧਾਰਥ ਨੂੰ ਆਕਰਸ਼ਿਤ ਕੀਤਾ।

ਸੁੰਦਰ ਪਤਨੀ ਯਸ਼ੋਧਰਾ, ਦੁੱਧ ਮੂੰਹੇ ਬੱਚੇ ਰਾਹੁਲ ਤੇ ਕਪਲਵਸਤੂ ਵਰਗੇ ਰਾਜ ਦਾ ਮੋਹ ਛੱਡ ਕੇ ਸਿਧਾਰਥ ਤਪੱਸਿਆ ਕਰਨ ਲਈ ਘਰੋਂ ਨਿਕਲ ਪਿਆ। ਉਹ ਰਾਜ ਗ੍ਰਹਿ ਪਹੁੰਚ ਗਿਆ। ਉਥੇ ਉਸਨੇ ਭਿਖਸ਼ਾ ਮੰਗਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਉਹ ਘੁੰਮਦਾ-ਘੁੰਮਦਾ ਅਲਾਰ ਕਲਾਮ ਤੇ ਉਦਰਕ ਰਾਮ ਪੁੱਤਰ ਦੇ ਪਾਸ ਪਹੁੰਚ ਗਿਆ। ਉਥੋਂ ਉਨ੍ਹਾਂ ਨੇ ਯੋਗ-ਸਾਧਨਾ ਸਿੱਖੀ, ਸਮਾਧੀ ਲਗਾਉਣੀ ਸਿੱਖੀ ਪਰ ਇੱਥੇ ਵੀ ਉਨ੍ਹਾਂ ਦੀ ਤਸੱਲੀ ਨਹੀਂ ਹੋਈ। ਫਿਰ ਉਹ ਉਰਵੇਲਾ ਪਹੁੰਚਿਆ ਤੇ ਉਥੇ ਉਹ ਤਰ੍ਹਾਂ-ਤਰ੍ਹਾਂ ਦੀ ਤਪੱਸਿਆ ਕਰਨ ਲੱਗ ਪਿਆ। ਪਹਿਲਾਂ ਉਸ ਨੇ ਕੇਵਲ ਤਿਲ-ਚਾਵਲ ਖਾ ਕੇ ਤਪੱਸਿਆ ਸ਼ੁਰੂ ਕੀਤੀ ਤੇ ਬਾਅਦ ’ਚ ਕੋਈ ਭੋਜਨ ਖਾਣਾ ਤਿਆਗ ਦਿੱਤਾ। ਸਰੀਰ ਸੁੱਕ ਕੇ ਤੀਲੇ ਵਾਂਗ ਹੋ ਗਿਆ। ਇਸ ਤਰ੍ਹਾਂ ਛੇ ਸਾਲ ਤਪੱਸਿਆ ਕਰਦਿਆਂ ਬੀਤ ਗਏ ਤੇ ਉਨ੍ਹਾਂ ਦੀ ਤਪੱਸਿਆ ਸਫਲ ਨਹੀਂ ਹੋਈ।



ਸ਼ਾਂਤੀ ਲਈ ਉਨ੍ਹਾਂ ਦਾ ਮੱਧਿਆ ਮਾਰਗ:- ਇਕ ਦਿਨ ਕੁਝ ਇਸਤਰੀਆਂ ਕਿਸੇ ਨਗਰ ਤੋਂ ਵਾਪਸ ਆਉਂਦੀਆਂ ਹੋਈਆਂ ਉੱਧਰ ਦੀ ਲੰਘੀਆਂ, ਜਿੱਥੇ ਉਹ ਤਪੱਸਿਆ ਕਰ ਰਿਹਾ ਸੀ। ਉਨ੍ਹਾਂ ਇਸਤਰੀਆਂ ਦਾ ਇਕ ਗੀਤ ਉਨ੍ਹਾਂ ਦੇ ਕੰਨਾਂ ’ਚ ਪਿਆ- ’’ਵੀਣਾ ਦੀਆਂ ਤਾਰਾਂ ਨੂੰ ਢਿੱਲਾ ਮੱਤ ਛੱਡੋ। ਢਿੱਲਾ ਛੱਡ ਦੇਣ ਨਾਲ ਉਨ੍ਹਾਂ ’ਚੋਂ ਸੁਰੀਲਾ ਸੁਰ ਨਹੀਂ ਨਿਕਲੇਗਾ। ਪਰ ਤਾਰਾਂ ਨੂੰ ਇਤਨਾ ਕੱਸੋ ਵੀ ਨਾ ਕਿ ਇਹ ਟੁੱਟ ਜਾਣ।’’ ਇਹ ਗੱਲ ਸਿ-ਧਾਰਥ ਨੂੰ ਬੜੀ ਚੰਗੀ ਲੱਗੀ। ਉਹ ਮੰਨ ਗਿਆ ਕਿ ਨਿਯਮਿਤ ਭੋਜਨ ਲੈਣ ਨਾਲ ਹੀ ’ਯੋਗ ਸਾਧਨਾ’ ਸਹੀ ਸਿੱਧ ਹੁੰਦੀ ਹੈ। ਕਿਸੇ ਵੀ ਗੱਲ ਦੀ ਅੱਤ ਚੰਗੀ ਨਹੀਂ ਹੁੰਦੀ। ਕਿਸੇ ਵੀ ਪ੍ਰਾਪਤੀ ਲਈ ਮੱਧਿਆ ਮਾਰਗ ਹੀ ਠੀਕ ਹੁੰਦਾ ਹੈ।

ਵਿਸਾਖੀ ਪੂਰਨਿਮਾ ਵਾਲੇ ਦਿਨ ਸਿਧਾਰਥ ਵੱਟ ਦੇ ਦਰਖਤ ਥੱਲੇ ਧਿਆਨ ਸਮਾਧੀ ’ਚ ਬੈਠੇ ਸਨ। ਨੇੜੇ ਦੇ ਇਕ ਪਿੰਡ ’ਚ ਇਕ ਇਸਤਰੀ ਜਿਸ ਦਾ ਨਾਮ ਸੁਜਾਤਾ ਸੀ, ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਉਸ ਨੇ ਆਪਣੇ ਪੁੱਤਰ ਲਈ ਇਕ ’ਵੱਟ ਦਰਖਤ’ ਦੀ ਮਨੌਤ ਮੰਨੀ ਸੀ। ਉਹ ਆਪਣੀ ਮਨੌਤ ਪੂਰੀ ਕਰਨ ਲਈ ਸੋਨੇ ਦੇ ਥਾਲ ’ਚ ਗਾਂ ਦੇ ਦੁੱਧ ਦੀ ਖੀਰ ਲੈ ਕੇ ਆਈ। ਸਿਧਾਰਥ ਉਥੇ ਬੈਠਾ ਧਿਆਨ ਕਰ ਰਿਹਾ ਸੀ। ਉਸ ਇਸਤਰੀ ਨੂੰ ਲੱਗਾ ਕਿ ਦਰਖਤ ਦੇਵਤਾ ਦੀ, ਮਾਨੋਂ ਪੂਜਾ ਲੈਣ ਲਈ ਆਪਣਾ ਸਰੀਰ ਧਾਰ ਕੇ ਬੈਠਾ ਹੈ। ਸੁਜਾਤਾ ਨੇ ਬੜੇ ਆਦਰ ਸਤਿਕਾਰ ਨਾਲ ਸਿਧਾਰਥ ਨੂੰ ਖੀਰ ਭੇਂਟ ਕੀਤੀ ਤੇ ਕਿਹਾ- ’’ਜਿਸ ਤਰ੍ਹਾਂ ਮੇਰੀ ਮਨੋਕਾਮਨਾ ਪੂਰੀ ਹੋਈ ਹੈ, ਉਸੇ ਤਰ੍ਹਾਂ ਹੀ ਤੁਹਾਡੀ ਵੀ ਮਨੋਕਾਮਨਾ ਪੂਰੀ ਹੋਵੇ।’’ ਉਸ ਰਾਤ ਨੂੰ ਧਿਆਨ ਲਗਾਉਣ ਨਾਲ ਸਿਧਾਰਥ ਦੀ ਸਾਧਨਾ ਸਫਲ ਹੋਈ। ਉਸ ਨੂੰ ‘ਸੱਚਾ ਬੋਧ’ ਪ੍ਰਾਪਤ ਹੋਇਆ। ਉਸੇ ਦਿਨ ਤੋਂ ਹੀ ਸਿਧਾਰਥ ’ਬੁੱਧ’ ਬਣ ਗਏ। ਜਿਹੜੇ ਪਿੱਪਲ ਦੇ ਦਰਖਤ ਥੱਲੇ ਸਿਧਾਰਥ ਨੂੰ ਬੋਧ (ਗਿਆਨ) ਪ੍ਰਾਪਤ ਹੋਇਆ, ਉਸੇ ਹੀ ਦਿਨ ਤੋਂ ਉਸ ਦਰਖਤ ਨੂੰ ‘ਬੁੱਧ ਦਾ ਦਰੱਖਤ’ ਕਿਹਾ ਜਾਣ ਲੱਗਾ ਤੇ ਗਯਾ ਦੇ ਨੇੜੇ, ਉਹ ਜਗ੍ਹਾ ’ਬੋਧ ਗਯਾ’ ਹੈ।

ਸਿਧਾਰਥ 80 ਸਾਲ ਦੀ ਉਮਰ ਤੱਕ ਆਪਣੇ ਧਰਮ ਦਾ ਪ੍ਰਚਾਰ ਸੰਸਕ੍ਰਿਤ ਭਾਸ਼ਾ ਦੀ ਥਾਂ, ਉਸ ਸਮੇਂ ਦੀ ਬੜੀ ਸਰਲ ਤੇ ਸਪਸ਼ਟ ਲੋਕ ਭਾਸ਼ਾ ਪਾਲੀ ’ਚ ਪ੍ਰਚਾਰ ਕਰਦੇ ਰਹੇ। ਉਨ੍ਹਾਂ ਦੇ ਸਰਲ ਤੇ ਸਪਸ਼ਟ ਧਰਮ ਦੀ ਪ੍ਰਸਿੱਧੀ ਬੜੀ ਤੇਜ਼ੀ ਨਾਲ ਫੈਲਣ ਲੱਗੀ।

ਤਕਰੀਬਨ ਚਾਰ ਹਫਤੇ ਤੱਕ ਬੋਧ ਦਰਖਤ ਦੇ ਥੱਲੇ ਰਹਿਣ ਉਪਰੰਤ ਤੇ ਆਪਣੇ ਧਰਮ ਦੇ ਸਰੂਪ ਦਾ ਚਿੰਤਨ ਕਰਨ ਉਪਰੰਤ ‘ਬੁੱਧ ਧਰਮ’ ਦਾ ਪ੍ਰਚਾਰ ਕਰਨ ਲਈ ਨਿਕਲ ਪਏ। ਅੱਠਵੇਂ ਦਿਨ ਦੀ ਪੂਰਨਿਮਾ ਨੂੰ, ਉਹ ਕਾਸ਼ੀ ਦੇ ਕੋਲ ਮਰਿਮਦਾਵ (ਵਰਤਮਾਨ ਨਾਮ ਸਾਰਨਾਥ) ਪਹੁੰਚ ਗਏ। ਉਥੋਂ ਹੀ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਧਰਮ ਦਾ ਉਪਦੇਸ਼ ਦਿੱਤਾ ਤੇ ਆਪਣੇ ਪਹਿਲੇ ਪੰਜ ਮਿੱਤਰਾਂ ਨੂੰ ਆਪਣੇ ਚੇਲੇ /ਭਿਕਸ਼ੂ ਬਣਾਇਆ ਤੇ ਫਿਰ ਉਨ੍ਹਾਂ ਨੂੰ ਆਪਣੇ ਧਰਮ ਦਾ ਬਾਹਰ ਪ੍ਰਚਾਰ ਕਰਨ ਲਈ ਭੇਜ ਦਿੱਤਾ। ਉਸ ਸਮੇਂ ਦੀ ਬੜੀ ਸਰਲ ਲੋਕ-ਬੋਲੀ ਪਾਲੀ ’ਚ ਉਨ੍ਹਾਂ ਨੇ ਆਪਣੀ ਸਾਰੀ ਉਮਰ ਪ੍ਰਚਾਰ ਕੀਤਾ ਤੇ ਇਹੀ ਬੋਲੀ ਉਨ੍ਹਾਂ ਦੇ ਧਰਮ ਦਾ ਫੈਲਾਅ ਕਰਨ ’ਚ ਬੜੀ ਸਹਾਇਕ ਸਿੱਧ ਹੋਈ।

‘ਪਾਲ ਸਿਧਾਂਤ’ ਦੇ ਮਹਾਂਪਰ ਨਿਰਵਾਣ ਸੂਤਰ ਦੇ ਅਨੁਸਾਰ 70 ਸਾਲ ਦੀ ਉਮਰ ’ਚ ਬੁੱਧ ਨੇ ਐਲਾਨ ਕੀਤਾ ਕਿ ਉਹ ਜਲਦੀ ਹੀ ਪ੍ਰੀਨਿਰਵਾਣ ਲਈ ਰਵਾਨਾ ਹੋਣਗੇ। ਬੁੱਧ ਨੇ ਆਪਣਾ ਆਖਰੀ ਭੋਜਨ, ਜਿਸ ਨੂੰ ਉਨ੍ਹਾਂ ਨੇ ਕੁੰਡਾ ਨਾਮਕ ਇਕ ਲੁਹਾਰ ਤੋਂ ਇਕ ਭੇਂਟ ਦੇ ਰੂਪ ’ਚ ਪ੍ਰਾਪਤ ਕੀਤਾ ਸੀ, ਦੇ ਖਾਣ ਨਾਲ ਉਹ ਗੰਭੀਰ ਰੂਪ ’ਚ ਬਿਮਾਰ ਹੋ ਗਏ। ਬੁੱਧ ਨੇ ਆਪਣੇ ਇਕ ਪ੍ਰਮੁੱਖ ਚੇਲੇ ਆਨੰਦ ਨੂੰ ਕਿਹਾ ਕਿ ਕੁੰਡਾ ਨੂੰ ਸਮਝਾਉਣ ਕਿ ਉਸ ਨੇ ਕੋਈ ਗਲਤੀ ਨਹੀਂ ਕੀਤੀ ਤੇ ਉਸ ਨੇ, ਉਸ ਨੂੰ ਕਿਹਾ ਕਿ ਉਸ ਦੇ ਭੋਜਨ ’ਚ ਕੋਈ ਨੁਕਸ ਨਹੀਂ ਸੀ, ਸਗੋਂ ਬਹੁਤ ਵਧੀਆ ਸੀ।

ਉਪਦੇਸ਼: ਮਹਾਤਮਾ ਬੁੱਧ ਨੇ ਲੋਕਾਂ ਨੂੰ ‘ਮਧਿਆ ਮਾਰਗ’ ਦਾ ਉਪਦੇਸ਼ ਦਿੱਤਾ, ਉਨ੍ਹਾਂ ਨੇ ਦੁੱਖ, ਉਨ੍ਹਾਂ ਦੇ ਕਾਰਨ ਤੇ ਉਨ੍ਹਾਂ ਦੇ ਨਿਰਵਾਣ ਲਈ ਅਸ਼ਟਾਂਗ ਮਾਰਗ ਸਮਝਾਇਆ। ਉਨ੍ਹਾਂ ਨੇ ਅਹਿੰਸਾ ਤੇ ਬਹੁਤ ਜ਼ੋਰ ਦਿੱਤਾ। ਉਹਨਾਂ ਨੇ ਯੱਗ ਤੇ ਪਸ਼ੂ ਬਲੀ ਦੀ ਘੋਰ ਨਿੰਦਿਆ ਕੀਤੀ। ਬੁੱਧ ਦੇ ਉਪਦੇਸ਼ਾਂ ਦਾ ਸਾਰ ਨਿਮਨ-ਲਿਖਤ ਅਨੁਸਾਰ ਹੈ:-

**ਬੁੱਧ ਅਨੁਸਾਰ ਧਰਮ ਹੈ:-** ਜੀਵਨ ਦੀ ਪਵਿੱਤਰਤਾ ਬਣਾਈ ਰੱਖਣਾ, ਜੀਵਨ ’ਚ ਪੂਰਨਤਾ ਪ੍ਰਾਪਤ ਕਰਨਾ, ਨਿਰਵਾਣ ਪ੍ਰਾਪਤ ਕਰਨਾ, ਤ੍ਰਿਸ਼ਨਾ ਦਾ ਤਿਆਗ ਕਰਨਾ, ਇਹ ਮੰਨਣਾ ਕਿ ਸਭ ਸੰਸਕਾਰ ਅਨਿਤਯ ਹਨ, ਕਰਮ ਨੂੰ ਮਾਨਵ ਦੇ ਨੈਤਿਕ ਸਥਾਨ ਦਾ ਆਧਾਰ ਮੰਨਣਾ।

ਬੁੱਧ ਅਨੁਸਾਰ ਅਧਰਮ ਹਨ:- ਰੱਬ ’ਚ ਵਿਸ਼ਵਾਸ ਕਰਨਾ, ਅਧਰਮ ਹੈ, ਆਤਮਾ ’ਚ ਵਿਸ਼ਵਾਸ ਕਰਨਾ, ਕਲਪਨਾ ਆਧਾਰਿਤ ਵਿਸ਼ਵਾਸ ਕਰਨਾ ਤੇ ਧਰਮ ਦੀਆਂ ਪੁਸਤਕਾਂ ਦਾ ਪਾਠ ਕਰਨਾ ਵੀ ਅਧਰਮ ਹਨ।

**ਬੁੱਧ ਅਨੁਸਾਰ ਸ਼ੁੱਧ-ਧਰਮ ਕੀ ਹੈ?-** ਜਿਹੜਾ ਧਰਮ ਪੱਕੇ ਇਰਾਦੇ ’ਚ ਵਾਧਾ ਕਰੇ, ਜਿਹੜਾ ਧਰਮ ਸਭ ਲਈ ਗਿਆਨ ਦੇ ਦੁਆਰ ਖੋਲ੍ਹੇ, ਜਿਹੜਾ ਧਰਮ ਇਹ ਦੱਸੇ ਕਿ ਕੇਵਲ ਵਿਦਵਾਨ ਹੋਣਾ ਹੀ ਕਾਫੀ ਨਹੀਂ ਹੈ, ਜਿਹੜਾ ਧਰਮ ਮਿੱਤਰਤਾ ’ਚ ਵਾਧਾ ਕਰੇ, ਜਿਹੜਾ ਧਰਮ ਸ਼ਾਲੀਨਤਾ ’ਚ ਵਾਧਾ ਕਰੇ, ਜਿਹੜਾ ਧਰਮ ਸ਼ਾਲੀਨਤਾ ਤੇ ਪੱਕੇ ਇਰਾਦੇ ਦੇ ਨਾਲ ਕਰੁਣਾ ਦਾ ਹੋਣਾ ਨਾ ਦੱਸੋ, ਜਿਹੜਾ ਧਰਮ ਇਹ ਦੱਸੇ ਕਿ ਕਰੁਣਾ ਨਾਲ ਵੀ ਅਧਿਕ ਮਿੱਤਰਤਾ ਦੀ ਜ਼ਰੂਰਤ ਹੈ, ਜਦੋਂ ਉਹ ਸਾਰੇ ਪ੍ਰਕਾਰ ਦੇ ਸਮ-ਾਜਿਕ ਭੇਦਭਾਵਾਂ ਨੂੰ ਮਿਟਾਅ ਦੇਵੇ, ਜਦੋਂ ਉਹ ਆਦਮੀ ਤੇ ਆਦਮੀ ’ਚ ਸਾਰੀਆਂ ਦੀਵਾਰਾਂ ਗਿਰਾ ਦੇਵੇ, ਜਦੋਂ ਉਹ ਇ ਕਰੇ ਕਿ ਆਦਮੀ ਦਾ ਮੁਲਾਂਕਣ ਜਨਮ ਤੋਂ ਨਹੀਂ, ਕਰਮ ਨਾਲ ਕੀਤਾ ਜਾਵੇ ਤੇ ਜਦੋਂ ਉਹ ਮਨੁੱਖ-ਮਨੁੱਖ ’ਚ ਸਮਾਨਤਾ ਦੇ ਭਾਵ ’ਚ ਵਾਧਾ ਕਰੇ।

ਬੁੱਧ ਧਰਮ ਦੀਆਂ ਸਿੱਖਿਆਵਾਂ ਨੂੰ ‘ਬੁੱਧਵਾਦ’ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਉਹ ਕਹਿੰਦੇ ਹਨ ਕਿ ਦੁਨੀਆਂ ਦੁੱਖਾਂ ਦਾ ਘਰ ਹੈ। ਇਹ ਉਹ ਦੁੱਖ ਹਨ ਜੋ ਇਨਸਾਨ ਆਪਣੇ ਅੰਦਰੋਂ ਮਹਿਸੂਸ ਕਰਦਾ ਹੈ ਤੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ, ਮਨੁੱਖ ਨੂੰ ਆਪਣੀਆਂ ਖਾਹਿਸ਼ਾਂ ਤੇ ਕਾਬੂ ਪਾ ਕੇ ਰੱਖਣਾ ਚਾਹੀਦਾ ਹੈ। ਇਹਨਾਂ ਖਾਹਿਸ਼ਾਂ ਤੇ ਕਾਬੂ ਪਾਉਣ ਲਈ ਮਨੁੱਖ ਨੂੰ ਚੰਗਿਆਈਆਂ ਨੂੰ ਅਪਨਾਉਣਾ ਚਾਹੀਦਾ ਹੈ ਤੇ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਚੰਗਿਆਈਆਂ ਨੂੰ ਸਾਨੂੰ ਆਪਣੇ ਮਨ ’ਚ ਬਿਠਾਅ ਲੈਣਾ ਚਾਹੀਦਾ ਹੈ। ਇਸ ਨਾਲ ਸਾਡੇ ਅੰਦਰਲੇ ਤੇ ਬਾਹਰਲੇ ਸਾਰੇ ਦੁੱਖ ਖਤਮ ਹੋ ਜਾਣਗੇ ਤੇ ਸਾਨੂੰ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ।

ਸਾਨੂੰ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ਤੇ ਸਾਨੂੰ ਆਪਣੇ ਅੰਦਰ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ। ਇਸ ਤੋਂ ਸਾਨੂੰ ਦੂਰ ਨਹੀਂ ਭੱਜਣਾ ਚਾਹੀਦਾ। ਸਾਨੂੰ ਅੰਤਰ ਧਿਆਨ ਹੋ ਕੇ ਆਪਣੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਤੇ ਚੰਗਿਆਈਆਂ ਅਪਣਾਉਣ ਲਈ ਸੋਚਣਾ ਚਾਹੀਦਾ ਹੈ। ਉਹ ਯੋਗ ਆਸਣ ਦੁਆਰਾ ਹੀ, ਚੌਕੜੀ ਮਾਰ ਕੇ ਯੋਗ ਸਾਧਨਾ ਕਰਨ ਨਾਲ, ਅਸੀਂ ਅੰਤਰ-ਧਿਆਨ ਦੀ ਅਵਸਥਾ ’ਚ ਆ ਸਕਦੇ ਹਾਂ। ਕੁਝ ਬੋਧੀ ਲੋਕ ਭਜਨ ਗਾ ਕੇ, ਚੱਲਦੇ ਹੋਏ ਵੀ ਅੰਤਰ-ਧਿਆਨ ਦੀ ਵਿਧੀ ਅਪਣਾਉਂਦੇ ਹਨ। ਕਈ ਵਾਰ ਬੋਧੀ ਲੋਕ ਇਸ ਨੂੰ ਆਪਣੇ ਮਨ ਦੀ ਹਾਲਤ ਜਾਨਣ ਲਈ, ਵੀ ਅਜਿਹਾ ਕਰਦੇ ਹਨ। ਕਈ ਵਾਰ ਉਹ ਅਜਿਹਾ ਸੰਸਾਰ ਨੂੰ ਜਾਨਣ ਲਈ ਵੀ ਕਰਦੇ ਹਨ ਤੇ ਕਈ ਵਾਰ ਉਹ ਆਤਮਕ ਸ਼ਾਂਤੀ ਪ੍ਰਾਪਤ ਕਰਨ ਲਈ ਵੀ, ਇਸ ਤਰ੍ਹਾਂ ਕਰਦੇ ਹਨ।

ਬੁੱਧ ਧਰਮ ‘ਰੱਬ ਦੀ ਹੋਂਦ ਹੈ ਜਾਂ ਨਹੀਂ’, ਇਸ ’ਚ ਵਿਸ਼ਵਾਸ ਨਹੀਂ ਕਰਦੇ। ਉਹ ਆਪਣੇ ਉਪਾਸਕਾਂ ਨੂੰ ਇਹੀ ਸਿੱਖਿਆ ਦਿੰਦਾ ਹਨ ਕਿ, ਰੱਬ ਵੱਲ ਮੱਤ ਦੇਖੋ ਤੇ ਇਸ ਨੂੰ ਦੇਖਣ ਵੱਲ ਜਾਂ ਅਪਣਾਉਣ ’ਚ ਆਪਣਾ ਸਮਾਂ ਬਰਬਾਦ ਮੱਤ ਕਰੋ। ਇਸ ਵੱਲ ਦੇਖਣ ਨਾਲ ਤੁਸੀਂ ਗਿਆਨਵਾਨ ਨਹੀਂ ਹੋ ਸਕਦੇ ਤੇ ਤੁਹਾਡੇ ਅੰਦਰ ਚਾਨਣ ਨਹੀਂ ਹੋ ਸਕਦਾ। ਇਹ ਕਹਿਣਾ ਕਿ ਰੱਬ ਸਾਰੇ ਸੰਸਾਰ ’ਤੇ ਕਾਬੂ ਰੱਖਦਾ ਹੈ ਤੇ ਸਭ ਜੀਵਾਂ ਦੀ ਮਦਦ ਕਰਦਾ ਹੈ, ਇਸ ਗੱਲ ਵੱਲ ਧਿਆਨ ਦੇਣ ’ਤੇ ਵਿਸ਼ਵਾਸ ਕਰਨ ਦੀ ਲੋੜ ਨਹੀਂ ਹੈ। ਮਨੁੱਖ ਆਪਣੇ ਕਸ਼ਟਾਂ ਤੋਂ ਛੁਟਕਾਰਾ ਤਾਂ ਹੀ ਪਾ ਸਕਦਾ ਹੈ, ਜੇਕਰ ਉਹ ਅੰਤਰ-ਧਿਆਨ ਹੋ ਕੇ ਗਿਆਨਵਾਨ ਹੋਵੇ।

ਬੁੱਧ ਧਰਮ ਇਹ ਵੀ ਕਹਿੰਦਾ ਹੈ ਕਿ ਜੋ ਚੀਜ਼ ਸਾਨੂੰ ਸਥਾਈ ਨਜ਼ਰ ਆਉਂਦੀ ਹੈ, ਉਹ ਵੀ ਨਾਸ਼ਵਾਨ ਹੈ। ਜੋ ਪੁਰਸ਼ ਸਾਨੂੰ ਮਹਾਨ ਨਜ਼ਰ ਆਉਂਦਾ ਹੈ, ਉਸ ਦਾ ਵੀ ਪਤਨ ਹੁੰਦਾ ਹੈ। ਜਿੱਥੇ ਸੰਜੋਗ ਹੈ, ਉਥੇ ਵਿਨਾਸ਼ ਵੀ ਹੈ। ਇਸ ਸੰਸਾਰ ’ਚ ਜਿੱਥੇ ਜਨਮ ਹੈ, ਉਥੇ ਉਸਦੇ ਨਾਲ ਮਰਨ ਵੀ ਹੈ। ਅਜਿਹੇ ਯਥਾਰਥ ਨੂੰ ਜਾਨਣ ਲਈ ਤੇ ਆਪਣੇ ਕਸ਼ਟਾਂ ਦੇ ਨਿਵਾਰਨ ਲਈ ਮਹਾਤਮਾ ਬੁੱਧ ਜੀ ਨੇ ਬੁੱਧ ਧਰਮ ਦੀ ਸਥਾਪਨਾ ਕੀਤੀ ਜੋ ਅੱਜ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ।

ਬੁੱਧ ਧਰਮ ਦੀਆਂ ਸਿੱਖਿਆਵਾਂ ਦਾ ਵਰਣਨ, ਉਨ੍ਹਾਂ ਦੀਆਂ ਪ੍ਰਮੁੱਖ ਤਿੰਨ ਰਚਨਾਵਾਂ ’ਚ, ਜਿਹਨਾਂ ਨੂੰ ’ਪਿਟਕ’ ਭਾਵ ਗ੍ਰੰਥ ਕਿਹਾ ਜਾਂਦਾ ਹੈ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ- ਵਿਨੇ ਪਿੱਟਕ, ਸੁੱਤ ਪਿਟਕ ਅਤੇ ਅਭਿਧੰਮਪਿਟਕ। ਇਹ ਪਾਲੀ ਭਾਸ਼ਾ ’ਚ ਲਿਖੇ ਗਏ ਹਨ। ਹਿੰਦੂ ਧਰਮ ’ਚ ਜਿਸ ਤਰ੍ਹਾਂ ਵੇਦਾਂ ਦਾ ਉੱਚਾ ਸਥਾਨ ਹੈ, ਠੀਕ ਇਸੇ ਤਰ੍ਹਾਂ ਹੀ ਬੁੱਧ ਧਰਮ ’ਚ ਵੀ ਇਨ੍ਹਾਂ ਪਿਟਕਾਂ ਦਾ ਉੱਚ ਸਥਾਨ ਹੈ।

ਬੁੱਧ ਧਰਮ ਦੇ ਉਪਦੇਸ਼ ਅੱਜ ਵੀ ਦੇਸ਼-ਵਿਦੇਸ਼ ’ਚ ਜਨ-ਮਾਨਸ ਦਾ ਮਾਰਗ ਦਰਸ਼ਨ ਕਰ ਰਹੇ ਹਨ। ਭਗਵਾਨ ਬੁੱਧ ਪ੍ਰਾਣੀ ਹਿੰਸਾ ਦੇ ਸਖਤ ਵਿਰੋਧੀ ਸਨ। ਉਨ੍ਹਾਂ ਦਾ ਕਹਿਣਾ ਸੀ- “ਜਿਸ ਤਰ੍ਹਾਂ ਮੈਂ ਹਾਂ, ਉਸੇ ਹੀ ਤਰ੍ਹਾਂ ਦੂਸਰੇ ਹਨ, ਜਿਸ ਤਰ੍ਹਾਂ ਦੂਸਰੇ ਹਨ, ਉਸੇ ਹੀ ਤਰ੍ਹਾਂ ਮੈਂ ਹਾਂ। ਇਸ ਤਰ੍ਹਾਂ ਸਾਨੂੰ ਸਭ ਨੂੰ ਇਕ ਸਮਾਨ ਸਮਝ ਕੇ ਕਿਸੇ ਨੂੰ ਵੀ ਮਾਰਨ ਦਾ ਅਧਿਕਾਰ ਨਹੀਂ ਹੈ ਤੇ ਨਾ ਹੀ ਸਾਨੂੰ ਕਿਸੇ ਨੂੰ ਮਾਰਨ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ। ਸਮੁੱਚੇ ਤੌਰ ’ਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ “ਅਸੀਂ ਜੋ ਕੁਝ ਵੀ ਹਾਂ, ਉਸ ਬਾਰੇ ਅਸੀਂ ਅੱਜ ਤੱਕ ਕੀ ਸੋਚਿਆ ਹੈ, ਇਸ ਗੱਲ ਦਾ ਨਤੀਜਾ ਕੀਹੈ? ਅਗਰ ਕੋਈ ਆਦਮੀ ਬੁਰੀ ਸੋਚ ਨਾਲ ਬੋਲਦਾ ਹੈ ਜਾਂ ਕੰਮ ਕਰਦਾ ਹੈ ਤਾਂ ਉਸ ਨੂੰ ਕਸ਼ਟ ਹੀ ਮਿਲਦਾ ਹੈ। ਅਗਰ ਕੋਈ ਵਿਅਕਤੀ ਸ਼ੁੱਧ ਵਿਚਾਰਾਂ ਨਾਲ ਬੋਲਦਾ ਜਾਂ ਕੰਮ ਕਰਦਾ ਹੈ ਤਾਂ ਪ੍ਰਛਾਈ ਦੀ ਤਰ੍ਹਾਂ ਹੀ ਪ੍ਰਸੰਨਤਾ, ਉਸ ਵਿਅਕਤੀ ਦਾ ਪਿੱਛਾ ਨਹੀਂ ਛੱਡਦੀ।

ਬੁੱਧ ਧਰਮ ਸਭ ਜਾਤੀਆਂ ਅਤੇ ਪੰਥਾਂ ਦੇ ਲਈ ਖੁੱਲ੍ਹਾ ਹੈ। ਇਸ ’ਚ ਹਰ ਆਦਮੀ ਦਾ ਸਵਾਗਤ ਹੈ। ਬ੍ਰਾਹਮਣ ਹੋਵੇ ਜਾਂ ਚੰਡਾਲ, ਪਾਪੀ ਹੋਵੇ ਜਾਂ ਕੋਈ ਪੂਜਨੀਯ ਆਤਮਾ, ਗ੍ਰਹਿਸਤੀ ਹੋਵੇ ਜਾਂ ਬ੍ਰਹਮਚਾਰੀ, ਸਭ ਲਈ ਦਰਵਾਜ਼ਾ ਖੁੱਲ੍ਹਾ ਹੈ। ਇਸ ਧਰਮ ’ਚ ਜਾਤ-ਪਾਤ, ਊਚ-ਨੀਚ ਦਾ ਕੋਈ ਭੇਦ-ਭਾਵ ਨਹੀਂ ਹੈ। ਸਭ ਦਾ ਸਮਾਜਿਕ ਰੁਤਬਾ ਬਰਾਬਰ ਹੈ। ਇਸ ਤਰ੍ਹਾਂ ਦੇ ਪ੍ਰਚਾਰ ਨਾਲ ਬੁੱਧ ਧਰਮ ’ਚ ਭਿਕਸ਼ੂਆਂ ਦੀ ਗਿਣਤੀ ਵਧਣ ਲੱਗੀ। ਵੱਡੇ-ਵੱਡੇ ਰਾਜੇ-ਮਹਾਰਾਜੇ ਵੀ ਉਨ੍ਹਾਂ ਦੇ ਚੇਲੇ ਬਣਨ ਲੱਗ ਪਏ। ਸੁਧੋਧਨ ਤੇ ਰਾਹੁਲ ਨੇ ਵੀ ਬੁੱਧ ਧਰਮ ਦੀ ਦੀਕਸ਼ਾ ਲਈ। ਭਿਕਸ਼ੂਆਂ ਦੀ ਗਿਣਤੀ ਬਹੁਤ ਵਧਣ ਨਾਲ ਬੁੱਧ ਧਰਮ ਦੀ ਸਥਾਪਨਾ ਕੀਤੀ ਗਈ। ਬਾਅਦ ਵਿਚ ਲੋਕਾਂ ਦੇ ਕਹਿਣ ’ਤੇ ਬੁੱਧ ਨੇ ਇਸਤਰੀਆਂ ਨੂੰ ਵੀ ਸੰਘ ’ਚ ਲੈ ਲੈਣ ਦੀ ਮਨਜ਼ੂਰੀ ਦੇ ਦਿੱਤੀ ਪਰ ਇਸ ਨੂੰ ਉਨ੍ਹਾਂ ਨੇ ਬਹੁਤ ਚੰਗਾ ਨਹੀਂ ਮੰਨਿਆ। ਭਗਵਾਨ ਬੁੱਧ ਨੇ ‘ਬਹੁਜਨ-ਹਿੱਤ’ ਲੋਕ ਕਲਿਆਣ ਲਈ ਆਪਣੇ ਧਰਮ ਦਾ ਦੇਸ਼-ਵਿਦੇਸ਼ ’ਚ ਪ੍ਰਚਾਰ ਕਰਨ ਲਈ, ਆਪਣੇ ਭਿਕਸ਼ੂਆਂ ਨੂੰ ਇੱਧਰ-ਉਧਰ ਭੇਜਿਆ। ਅਸ਼ੋਕ ਆਦਿ ਵਰਗੇ ਸਮਰਾਟ ਨੇ ਵੀ ਬੁੱਧ ਧਰਮ ਦਾ ਵਿਦੇਸ਼ਾਂ ’ਚ ਪ੍ਰਚਾਰ ਕਰਨ ਲਈ ਆਪਣੀ ਅਹਿਮ ਭੂਮਿਕਾ ਨਿਭਾਈ। ਮੋਰੀਆ ਕਾਲ ਤੱਕ ਆਉਂਦੇ-ਆਉਂਦੇ ਬੁੱਧ ਧਰਮ ਭਾਰਤ ’ਚੋਂ ਨਿਕਲ ਕੇ ਚੀਨ, ਜਾਪਾਨ, ਕੋਰੀਆ, ਮੰਗੋਲੀਆ, ਬਰਮਾ, ਥਾਈਲੈਂਡ, ਸ਼੍ਰੀਲੰਕਾ ਆਦਿ ਦੇਸ਼ਾਂ ’ਚ ਫੈਲ ਚੁੱਕਿਆ ਸੀ। ਇਨ੍ਹਾਂ ਦੇਸ਼ਾਂ ’ਚ ਬੁੱਧ ਧਰਮ ਬਹੁ-ਸੰਖਿਆ ’ਚ ਹੈ।

**ਗੌਤਮ ਬੁੱਧ ਦੂਸਰਿਆਂ ਧਰਮਾਂ ਦੀ ਨਜ਼ਰ ’ਚ-** ਗੌਤਮ ਬੁੱਧ ਦੂਸਰਿਆਂ ਧਰਮਾਂ ’ਚ ਨਵੀਂ ਜਾਂ ਈਸ਼ਵਰੀ ਦੂਤ ਦੇ ਰੂਪ ’ਚ ਵਰਣਿਤ ਕੀਤਾ ਜਾਂਦਾ ਹੈ।

**ਹਿੰਦੂ ਧਰਮ-** ਆਰੰਭ ’ਚ ਬੁੱਧ ਤੇ ਉਹਨਾਂ ਦੇ ਧਰਮ ਨੂੰ ਹਿੰਦੂ ਧਰਮ ਨੇ ਸਵੀਕਾਰ ਨਹੀਂ ਕੀਤਾ ਪਰ ਬਾਅਦ ਵਿਚ ਹਿੰਦੂ ਧਰਮ ਨੇ ਬੁੱਧ ਨੂੰ ਵਿਸ਼ਨੂੰ ਦੇ ਅਵਤਾਰਾਂ ’ਚ ਸ਼ਾਮਲ ਕਰ ਲਿਆ। ਕੁਝ ਪੁਰਾਣਾਂ ’ਚ ਇਸ ਤਰ੍ਹਾਂ ਕਿਹਾ ਗਿਆ ਹੈ ਕਿ ਭਗਵਾਨ ਵਿਸ਼ਨੂੰ ਨੇ ਬੁੱਧ ਅਵਤਾਰ ਨੂੰ ਇਸ ਲਈ ਲਿਆ ਸੀ, ਜਿਸ ਨਾਲ ਕਿ ਉਹ ‘ਝੂਠੇ-ਉਪਦੇਸ਼’ ਫੈਲਾਅ ਕੇ ‘ਅਸੁਰੋ’ ਨੂੰ ਸੱਚੇ ਵੈਦਿਕ ਧਰਮ ਤੋਂ ਦੂਰ ਰੱਖ ਸਕੇ, ਜਿਸ ਨਾਲ ਦੇਵਤਾ ਉਹਨਾਂ ’ਤੇ ਜਿੱਤ ਪ੍ਰਾਪਤ ਕਰ ਸਕੇ। ਇਸ ਦਾ ਮਤਲਬ ਇਹ ਹੈ ਕਿ ਬੁੱਧ ਤਾਂ ‘ਦੇਵਤਾ’ ਹੈ, ਲੇਕਿਨ ਉਹਨਾਂ ਦੇ ਉਪਦੇਸ਼ ਝੂਠੇ ਤੇ ਢੌਂਗ ਹਨ। ਇਹ ਬੁੱਧਾ ਦੇ ਵਿਸ਼ਵਾਸ ਤੋਂ ਇੱਕਦਮ ਉਲਟਾ ਹੈ। ਬੋਧੀ ਲੋਕ ਗੌਤਮ ਬੁੱਧ ਨੂੰ ਕੋਈ ਅਵਤਾਰ ਜਾਂ ਦੇਵਤਾ ਨਹੀਂ ਮੰਨਦੇ, ਲੇਕਿਨ ਉਹਨਾਂ ਦੇ ਉਪਦੇਸ਼ਾਂ ਨੂੰ ਸੱਚ ਤੇ ਸਾਰਥਕ ਮੰਨਦੇ ਹਨ।

ਕੁਝ ਹਿੰਦੂ ਲੇਖਕਾਂ ਤੇ ਵਿਦਵਾਨਾਂ ਜਿਸ ਤਰ੍ਹਾਂ ‘ਜੈਦੇਵ’ ਨੇ ਬਾਅਦ ’ਚ ਇਹ ਵੀ ਕਿਹਾ ਕਿ ਬੁੱਧ ਵਿਸ਼ਨੂੰ ਦੇ

**(ਬਾਕੀ ਅਗਲੇ ਸਫੇ ਤੇ)**

# ਸਹਿਜ ਸਰਲ ਨਹੀਂ ਹੈ ਕਸਬਿਆਂ ਦੀਆਂ ਬਾਹਰਲੀਆਂ ਬਸਤੀਆਂ ਦੀ ਜ਼ਿੰਦਗੀ



ਬਖ਼ਸ਼ੀ ਰਾਮ, ਲੁਧਿਆਣਾ
+91 94 632 68101

ਮੁੱਢ ਕਦੀਮ ਤੋਂ ਜਦ ਤੋਂ ਜ਼ਿੰਦਗੀ ਹੋਸ਼ ਹਵਾਸ ਵਿਚ ਆਈ ਹੈ ਇਨਸਨ ਨੇ ਪਾਣੀਆਂ ਦੇ ਭੰਡਾਰਾਂ ਦੇ ਨਜ਼ਦੀਕ ਦਰਿਆਵਾਂ, ਛੰਭਾਂ, ਛੱਪੜਾਂ ਝੀਲਾਂ ਆਦਿ ਦੇ ਨੇੜ ਨੇੜ ਵਸਣ ਨੂੰ ਪਹਿਲ ਦਿੱਤੀ ਕਿਉਂਕਿ ਇਥੇ ਰਹਿਣ ਨਾਲ ਇਕ ਤਾਂ ਪਾਣੀ ਦੀ ਲੋੜ ਸਹਿਜ ਵਿਚ ਹੀ ਪੂਰੀ ਹੁੰਦੀ ਸੀ ਜੋ ਕਿ ਜ਼ਿੰਦਗੀ ਜਿਉਣ ਲਈ ਇਕ ਸਭ ਤੋਂ ਮਹਤਵ ਪੂਰਣ ਵਸਤੂ ਹੈ ਉਪਹਿਲਾ ਪਾਣੀ ਜੀਓ ਹੈ ਜਿਤਿ ਹਰਿਆ ਸਭ ਕਿਛੁ ਹੋਇ"। ਦੂਜਾ ਉਦਰ ਪੂਰਤੀ ਲਈ ਸ਼ਿਕਾਰ ਦਾ ਸੌਖਾ ਹੀ ਮਿਲ ਜਾਣਾ ਕਿਉਂਕਿ ਜੰਗਲੀ ਜਾਨਵਰ ਹਮੇਸ਼ਾ ਹੀ ਪਾਣੀ ਦੇ ਸੋਮਿਆਂ ਤੇ ਆ ਕੇ ਪਾਣੀ ਪੀਂਦੇ ਸਨ ਤੇ ਉਥੋਂ ਮਨੁੱਖ ਮਾਤਰ ਲਈ ਸ਼ਿਕਾਰ ਸਹਿਜ ਹੀ ਮਿਲ ਜਾਂਦਾ ਸੀ। ਇਸ ਸਮੇਂ ਮਨੁੱਖ ਮਾਤਰ ਆਪਣੇ ਖਾਣ ਦੇ ਪ੍ਰਬੰਧ ਵਜੋਂ ਉਨ੍ਹਾਂ ਦਾ ਸਹਿਜੇ ਹੀ ਬਿਨਾਂ ਕਿਸੇ ਵਾਧੂ ਤਰੱਦਦ ਦੇ ਸ਼ਿਕਾਰ ਵੀ ਕਰ ਸਕਦਾ ਸੀ। ਆਪਣੀ ਹਿਫਾਜ਼ਤ ਕਰਨ ਲਈ ਵੀ ਪਾਣੀ ਵਾਲੇ ਪਾਸੇ ਦੀ ਉਸ ਨੂੰ ਕੁਦਰਤੀ ਓਟ ਮਿਲ ਜਾਂਦੀ ਸੀ । ਇਸ ਤਰਾਂ ਪਾਣੀਆਂ ਦੇ ਨੇੜ ਰਹਿਣ ਨੂੰ ਉਸ ਨੇ ਹਮੇਸ਼ਾ ਹੀ ਪਹਿਲੀ ਤਰਜੀਹ ਦਿੱਤੀ । ਅਸੀਂ ਅੱਜ ਵੀ ਦੇਖਦੇ ਹਾਂ ਕਿ ਜਿੰਨੇ ਵੱਡੇ ਵੱਡੇ ਪੁਰਾਤਨ ਸ਼ਹਿਰ ਵਸੇ ਹੋਏ ਹਨ ਸਭ ਲਗਭਗ ਪਾਣੀਆਂ ਦੇ ਨਜ਼ਦੀਕ ਹੀ ਸਥਿਤ ਹਨ। ਸ਼ਹਿਰ ਵਸੇ, ਸ਼ਹਿਰ ਬਰਬਾਦ ਹੋਏ, ਇਹ ਸਿਲਸਿਲਾ ਇਤਿਹਾਸ ਵਿਚ ਚਲਦਾ ਹੀ ਰਿਹਾ ਹੈ। ਪਰ ਜਿਉਂ ਹੀ ਭਾਰਤ ਵਿਚ ਆਰੀਆ ਲੋਕਾਂ ਦਾ ਆਗਮਨ ਹੋਇਆ ਦਲਿਤ ਪਛੜੇ ਲੋਕਾਂ ਤੋਂ ਜ਼ਿੰਦਗੀ ਦੇ ਸਾਰੇ ਦੇ ਸਾਰੇ ਹੱਕ ਹਕੂਕ ਖੋਹ ਕੇ ਉਨ੍ਹਾਂ ਨੂੰ ਸ਼ਹਿਰਾਂ, ਪਿੰਡਾਂ ਤੋਂ ਦੂਰ ਜੰਗਲਾਂ ਵਿਚ ਪਸ਼ੂ ਜ਼ਿੰਦਗੀ ਜਿਉਣ ਲਈ ਕੱਢ ਦਿੱਤਾ ਗਿਆ।

15 ਅਗਸਤ 1947 ਨੂੰ ਭਾਰਤ ਆਜ਼ਾਦ ਹੋਇਆ। 26 ਜਨਵਰੀ 1950 ਨੂੰ ਭਾਰਤ ਦਾ ਆਪਣਾ ਸੰਵਿਧਾਨ ਭਾਰਤ ਉਤੇ ਲਾਗੂ ਕੀਤਾ ਗਿਆ ਜੋ ਕਿ ਮਨੁੱਖੀ ਅਧਿਕਾਰਾਂ ਦਾ ਭਰਪੂਰ ਦਸਤਾਵੇਜ਼ ਹੈ। ਇਸ ਰਾਹੀਂ ਦਲਿਤ ਪਛੜੇ ਲੋਕਾਂ ਨੂੰ ਜ਼ਿੰਦਗੀ ਜਿਉਣ ਲਈ ਉਤਸ਼ਾਹ ਤੇ ਹਲੂਣਾ ਮਿਲਣਾ ਸ਼ੁਰੂ ਹੋਇਆ ।ਲੋਕਾਂ ਨੇ ਪੜ੍ਹਾਈ ਲਿਖਾਈ ਸ਼ੁਰੂ ਕੀਤੀ । ਸਰਕਾਰੀ ਨੌਕਰੀਆਂ ਵਿਚ ਆਏ। ਆਪਣੀ ਜ਼ਿੰਦਗੀ ਵਿਚ ਸੁਧਾਰ ਹੋਇਆ।ਲੋਕ ਸੁਹਣੇ ਸੁਹਣੇ ਕੱਪੜੇ ਪਹਿਨਣ ਲੱਗੇ , ਸੁਹਣੇ ਸੁਹਣੇ ਮਕਾਨਾਂ ਵਿਚ ਰਹਿਣ ਲੱਗੇ। ਜ਼ਿੰਦਗੀ ਵਿਚ ਇਕ ਨਿਖਾਰ ਆਇਆ, ਜ਼ਿੰਦਗੀ ਸੁਧਰ ਗਈ ।ਪਿੰਡਾਂ ਵਿਚ ਬੈਠੇ ਚੰਗੀ ਜ਼ਿੰਦਗੀ ਵਲ ਮੁੜੇ ਲੋਕਾਂ ਵਲ ਦੇਖ ਕੇ ਕਹੇ ਜਾਂਦੇ ਉਚ ਜਾਤੀਏ ਲੋਕ ਈਰਖਾ ਕਰਨ ਲੱਗੇ। ਉਨ੍ਹਾਂ ਨੂੰ ਖ਼ੁਸ਼ਹਾਲੀ ਵੈਭਵ ਵਲ ਮੁੜਦਾ ਦੇਖ ਸੜਨ, ਭੁੱਜਣ ਲਗ ਪਏ।ਉਨ੍ਹਾਂ ਨੂੰ ਕੰਮ ਦੇਣੋ ਆਨਾ ਕਾਨੀ ਕਰਨ ਲਗੇ । ਗੱਲ ਗਲ ਤੇ ਸਮਾਜਿਕ ਬਾਈ ਕਾਟ ਕਰਨ ਲੱਗੇ। ਸਾੜੇ ਦੀ ਪਰਚੰਡ ਅੱਗ ਵਿਚ ਭੁੱਜ ਕੇ ਲੜਾਈਆਂ ਲੈਣ ਲੱਗੇ,ਦਾਅ ਲੱਗਣ ਤੇ ਧੀਆਂ ਭੈਣਾ ਦੀ ਬੇ-ਹੁਰਮਤੀ ਕਰਨ ਲੱਗੇ। ਇਸ ਤਰ੍ਹਾਂ ਦਲਿਤ ਪਛੜਿਆਂ ਵਿਚ ਆਪਣੇ ਬਚਾਅ ਲਈ ਇਕ ਨਵੀਂ ਸੋਚ ਉਭਰੀ। ਉਨ੍ਹਾਂ ਨੇ ਆਪਣੇ ਵਰਗੇ ਸ਼ਹਿਰੀ ਹਮ ਰੁਤਬਾ ਲੋਕਾਂ ਦੀ ਜ਼ਿੰਦਗੀ ਜ਼ਰਾ ਸੌਖੀ ਕੱਟਦੀ ਦੇਖੀ ਤੇ ਆਪ ਵੀ ਉਸ ਪਾਸੇ ਦਾ ਰੁਖ਼ ਕੀਤਾ। ਇਸ ਤਰ੍ਹਾਂ ਹੋਇਆ ਦਲਿਤ ਪਛੜੇ ਲੋਕਾਂ ਦਾ ਸ਼ਹਿਰਾਂ ਵਲ ਨੂੰ ਪਲਾਣ।ਸ਼ਹਿਰਾਂ ਵਿਚ ਆ ਕੇ ਵੀ ਇਨ੍ਹਾਂ ਨੇ ਲਗਭਗ ਪਿੰਡਾਂ ਵਾਲੀ ਜ਼ਿੰਦਗੀ ਵਾਲਾ ਹੀ ਚਿਹਰਾ ਮੁਹਰਾ ਸਥਾਪਿਤ ਕੀਤਾ ਤੇ ਲਗਭਗ ਹਰੇਕ ਹੀ ਸ਼ਹਿਰ ਕਸਬੇ ਵਿਚ ਆਪਣੀਆਂ ਆਪਣੀਆਂ ਅੱਡ ਅੱਡ ਬਸਤੀਆਂ ਮਹੱਲੇ ਬਣਾ ਕੇ ਰਹਿਣ ਲੱਗੇ। ਮੁਢਲੀਆਂ ਇਨਸਾਨੀ ਜ਼ਰੂਰੀਆਤ, ਲੋੜਾਂ, ਦੀ ਸਦਾ ਘਾਟ ਇਥੇ ਬਣੀ ਹੀ ਰਹਿੰਦੀ ਹੈ ।ਕਿਤੇ ਗਲੀਆਂ ਪੱਕੀਆਂ ਨਹੀਂ ਹਨ, ਕਿਤੇ ਗੰਦੇ ਪਾਣੀ ਦੇ ਨਿਕਾਸ ਲਈ ਨਾਲੀਆਂ ਨਹੀਂ ਹਨ, ਕਿਤੇ ਵਾਟਰ ਸਪਲਾਈ ਸਿਸਟਮ ਨਹੀਂ ਵਿਛਿਆ ਹੋਇਆ ਤੇ ਕਿਤੇ ਸੀਵਰੇਜ ਸਿਸਟਮ ਵੀ ਹਾਲੇ ਤੱਕ ਨਹੀਂ ਪਾਇਆ ਹੋਇਆ।ਇਨ੍ਹਾਂ ਇਲਾਕਿਆਂ ਨੂੰ ਹੀ ਸਰਕਾਰੀ ਭਾਸ਼ਾ ਵਿਚ ਸਲੱਮ ਇਲਾਕੇ ਸ਼ਲੱਮ ਅਰਏਸ (ਭਾਵ ਗੰਦੇ, ਗ਼ਲੀਜ਼, ਮੈਲੇ ,ਪਛੜੇ ਹੋਏ , ਲਿੱਬੜੇ ਹੋਏ) ਕਿਹਾ ਜਾਂਦਾ ਹੈ)।

ਨਤੀਜਾ ਇਹ ਨਿਕਲਦਾ ਹੈ ਕਿ ਇਥੇ ਹਰ ਕਿਸਮ ਦੀ ਗੰਦਗੀ ਇਕੱਠੀ ਹੁੰਦੀ ਰਹਿੰਦੀ ਹੈ ।ਮੱਖੀਆਂ ਮੱਛਰਾਂ ਦੀ ਭਰਮਾਰ, ਨਾ ਕੋਈ ਸਰਕਾਰੀ ਕਰਮਚਾਰੀ ਫੌਗਿੰਗ ਕਰਨ ਵਾਲਾ ਕਦੇ ਬਹੁੜਦਾ ਹੈ ਤੇ ਨਾ ਕਦੇ ਪਾਣੀ ਨੂੰ ਸਾਫ ਕਰਨ ਲਈ ਗੋਲੀਆਂ ਵੰਡੀਆਂ ਜਾਂਦੀਆਂ ਹਨ। ਸਰਕਾਰੀ ਡਿਸਪੈਂਸਰੀਆਂ ਚੱਲਦੇ ਸਰਦੇ ਲੋਕਾਂ ਦੇ ਇਲਾਕਿਆਂ ਵਿਚ ਖੋਲ੍ਹੀਆਂ ਜਾਂਦੀਆਂ ਹਨ। ਨਤੀਜਾ ਕੀ ਹੁੰਦਾ ਹੈ ਕਿ ਇਨ੍ਹਾਂ ਸਲੱਮ ਬਸਤੀਆਂ ਦੇ ਲੋਕ ਰੱਬ ਦੇ ਰਹਿਮ ਤੇ ਝੋਲਾ ਛਾਪ ਡਾਕਟਰਾਂ ਦੇ ਆਸਰੇ ਆਪਣੀ ਜ਼ਿੰਦਗੀ ਦੀ ਗੱਡੀ ਤੋਰੀ ਜਾਂਦੇ ਰਹਿੰਦੇ ਹਨ। ਇਸ ਤੋਂ ਵੀ ਵੱਧ ਇਨ੍ਹਾਂ ਮਹੱਲਿਆਂ ਦੀਆਂ ਗਲੀਆਂ ਦਾ ਇਹ ਹਾਲ ਹੁੰਦਾ ਹੈ ਕਿ ਹਰ ਸਮੇਂ ਇਥੇ ਅਵਾਰਾ ਕੁੱਤੇ ਹਰਲ ਹਰਲ ਕਰਦੇ ਝੁੰਡਾਂ ਦੇ ਝੁੰਡ ਇਕੱਠੇ ਹੋਕੇ ਘੁੰਮਦੇ ਫਿਰਦੇ ਰਹਿੰਦੇ ਹਨ। ਇਹ ਨਾ ਕੇਵਲ ਆਵਾਜਾਈ ਵਿਚ ਹੀ ਵਿਘਨ ਨਹੀਂ ਪਾਉਂਦੇ ਬਲਕਿ ਨਿੱਕੇ ਬੱਚਿਆਂ ਤੇ ਸਿਆਣੀ ਉਮਰ ਦੇ ਬਜ਼ੁਰਗਾਂ ਲਈ ਵੀ ਹਰ ਸਮੇਂ ਖ਼ਤਰਾ ਬਣੇ ਰਹਿੰਦੇ ਹਨ। Prevention of Cruelty to animass act 1960 ਦੇ ਹੋਂਦ ਵਿਚ ਆਉਣ ਨਾਲ ਕੁੱਤੇ ਦੇ ਇਕ ਸੋਟੀ ਮਾਰਨੀ ਵੀ ਭਾਰੀ ਗੁਨਾਹ ਤੇ ਜੁਰਮ ਹੈ ਤੇ ਕੁੱਤਾ ਭਾਵੇਂ ਕੋਈ ਨੁਕਸਾਨ ਕਰ ਦੇਵੇ। ਇਨ੍ਹਾਂ ਕੁੱਤਿਆਂ ਨੇ ਬਹੁਤ ਹੀ ਸੁੰਨਸਾਨ ਥਾਵਾਂ ਤੇ ਮਨੁੱਖ ਮੱਤਰ ਦਾ ਬੜਾ ਨੁਕਸਾਨ ਕੀਤਾ ਹੈ। ਪੰਜਾਬ ਭਰ ਵਿਚ ਹੁਣ ਤੱਕ ਕਿੰਨੇ ਹੀ ਵੱਡਿਆਂ ਛੋਟਿਆਂ ਇਨਸਾਨਾਂ ਨੂੰ ਕੁੱਤੇ ਆਪਣਾ ਸ਼ਿਕਾਰ ਬਣਾ ਚੁੱਕੇ ਹਨ ਤੇ ਸਰਕਾਰ ਹੈ ਕਿ ਇਸ ਦੇ ਕੰਨਾਂ ਤੇ ਜੂੰ ਤੱਕ ਨਹੀਂ ਰਿੰਗਦੀ ਕਿ ਇਨ੍ਹਾਂ ਨੂੰ ਫੜ ਕੇ ਕਿਧਰੇ ਜੰਗਲ ਬੀਆ ਬਾਨ ਧਰਤੀ ਤੇ ਇਨ੍ਹਾਂ ਨੂੰ ਛੱਡ ਦਿੱਤਾ ਜਾਵੇ ਜਾਂ ਇਨ੍ਹਾਂ ਦੀ ਗਿਣਤੀ ਘਟਾਉਣ ਲਈ ਇਨ੍ਹਾਂ ਦੀ ਨਸਬੰਦੀ/ਨਲਬੰਦੀ ਕਰ ਦਿੱਤੀ ਜਾਵੇ। ਇਹ ਸਮੱਸਿਆ ਖ਼ਾਸ ਕਰ ਕੇ ਇਨ੍ਹਾਂ ਗ਼ਰੀਬ ਬਸਤੀਆਂ ਵਿਚ ਹੀ ਦੇਖਣ ਨੂੰ ਮਿਲਦੀ ਹੈ। ਸ਼ਹਿਰ ਦੇ ਅੰਦਰਲੇ ਇਲਾਕੇ ਉੱਕਾ ਹੀ ਇਸ ਸਮੱਸਿਆ ਤੋਂ ਮੁਕਤ ਹੁੰਦੇ ਹਨ। ਫਿਰ ਅਜਿਹੀ ਹੀ ਸਮੱਸਿਆ ਅਵਾਰਾ ਗਊਆਂ ਤੇ ਸਾਨ੍ਹਾਂ ਦੀ ਆਉਂਦੀ ਹੈ। ਸ਼ਹਿਰ ਦੇ ਅੰਦਰਲੇ ਇਲਾਕਿਆਂ ਵਿਚ ਰਹਿੰਦੇ ਹੋਏ ਵੱਡੇ ਵੱਡੇ ਘਰਾਂ ਦੇ ਲੋਕ ਜੋ ਗਊ ਦੇ ਦੁੱਧ, ਮੱਖਣ, ਘੀ ਦੇ ਸ਼ੁਕੀਨ ਹੁੰਦੇ ਹਨ, ਦੇਖੇ ਗਏ ਹਨ ਕਿ ਦੁੱਧ ਪੀ ਕੇ ਜਦ ਗਊ ਦੁੱਧ ਦੇਣੋ ਹਟ ਜਾਂਦੀ ਹੈ ਤੇ ਅੱਗੇ ਤੋਂ ਵੀ ਕੋਈ ਆਸ ਨਹੀਂ ਹੁੰਦੀ ਅਕਸਰ ਕਿਸੇ ਨਾ ਕਿਸੇ ਗਲੀ ਵਿਚ ਸਫਾਈ ਕਰਨ ਵਾਲੇ ਨੂੰ ਜ਼ਰਾ ਲਾਲਚ ਦੇ ਕੇ ਗਊ ਦਾ ਰੱਸਾ ਖੋਲ੍ਹ ਦਿੰਦੇ ਹਨ ਜੋ ਕਿ ਉਸ ਫਾਲਤੂ ਹੋਏ ਡੰਗਰ ਨੂੰ ਇਨ੍ਹਾਂ ਬਸਤੀਆਂ ਵਿਚ ਛੱਡ ਜਾਂਦਾ ਹੈ ਜਿੱਥੇ ਦੁੱਧੋਂ ਛੁਡਾ ਕੇ ਉਸ ਦਾ ਵੱਛਾ ਪਹਿਲਾਂ ਹੀ ਕਿਸੇ ਨਾ ਕਿਸੇ ਗਲੀ ਵਿਚ ਤੁਰਿਆ ਫਿਰਦਾ ਜ਼ਿੰਦਗੀ ਦੇ ਦਿਨ ਪੂਰੇ ਕਰਨ ਲੱਗਾ ਹੋਇਆ ਹੁੰਦਾ ਹੈ। ਇਹੀ ਗਊ ਦਰ ਦਰ ਗਲੀ ਗਲੀ ਭਟਕਦੀ, ਕੂੜੇ ਦੇ ਢੇਰਾਂ ਉਤੇ ਮੂੰਹ ਮਾਰਦੀ, ਕਦੇ ਕੋਈ ਗੰਦਗੀ ਦਾ ਟੁਕੜਾ ਤੇ ਕੋਈ ਦਾਲ ਸਬਜ਼ੀ ਨਾਲ ਲਿੱਬੜਿਆ ਪਲਾਸਟਿਕ ਦਾ ਲਫਾਫਾ ਚੁੱਕ ਕੇ ਮੂੰਹ ਪਾਉਂਦੀ ਹੋਈ ਜਿਵੇਂ ਕਿਵੇਂ ਆਪਣੀ ਉਦਰ ਪੂਰਤੀ ਕਰ ਲੈਂਦੀ ਹੈ। ਇਕ ਦੋ ਮਹੀਨਿਆਂ ਵਿਚ ਫਿਰ ਪਲਾਸਟਿਕ ਦੇ ਲਫਾਫੇ ਖਾ ਖਾ ਕੇ ਇਸ ਦਾ ਪੇਟ ਇਕ ਡਰੱਮ ਦੀ ਤਰਾਂ ਫੁੱਲ ਜਾਂਦਾ ਹੈ ਤੇ ਅਖੀਰ ਇਹ ਮਰ ਜਾਂਦੀ ਹੈ। ਇਸ ਤਰਾਂ ਦੀਆਂ ਦਰਜਣਾਂ ਗਊਆਂ ਝੁੰਡਾਂ ਦੇ ਝੁੰਡ ਬਣਾ ਕੇ ਇਨ੍ਹਾਂ ਗਲੀਆਂ ਮਹੱਲਿਆ ਵਿਚ ਫਿਰਦੀਆਂ ਰਹਿੰਦੀਆਂ ਹਨ। ਟਰੈਫਿਕ ਵਿਚ ਵਿਘਨ ਪਾਉਣ ਦੇ ਨਾਲ ਨਾਲ ਇਹ ਜਾਨਵਰ ਬੱਚਿਆਂ ਤੇ ਬੁਢਿਆਂ ਲਈ ਵੀ ਹਰ ਸਮੇਂ ਖ਼ਤਰਾ ਬਣੇ ਰਹਿੰਦੇ ਹਨ। ਨਾ ਤਾਂ ਸਰਕਾਰ ਇਨ੍ਹਾਂ ਨੂੰ ਫੜ ਕੇ ਕਿਸੇ ਗਊ ਸ਼ਾਲਾ ਵਿਚ ਹੀ ਪਹੁੰਚਾਉਣ ਦਾ ਪ੍ਰਬੰਧ ਕਰਦੇ ਹੈ ਤੇ ਨਾ ਹੀ ਕਾਂਜੀ ਹਾਊਸ ਵਿਖੇ ।ਅਜਿਹਾ ਪ੍ਰਬੰਧ ਜ਼ਰੂਰ ਕੀਤਾ ਜਾ ਸਕਦਾ ਹੈ ਕਿ ਜਿਸ ਕਿਸੇ ਪਰਿਵਾਰ ਨੇ ਇਸ ਪਸ਼ੂ ਨੂੰ ਅਵਾਰਗੀ ਵਿਚ ਛਡਿਆ ਹੈ ਉਸ ਨੂੰ ਪਛਾਣ ਕੇ ਪਸ਼ੂ ਦੀ ਸਪੁਰਦਦਾਰੀ ਉਸ ਦੇ ਹਵਾਲੇ ਕੀਤੀ ਜਾਵੇ ਤੇ ਉਸ ਤੋਂ ਨਜਾਇਜ਼ ਤੌਰ ਤੇ ਜਾਨਵਰ ਛੱਡਣ ਦਾ ਜੁਰਮਾਨਾ ਭੀ ਵਸੂਲਿਆ ਜਾਵੇ। ਇਸ ਤਰ੍ਹਾਂ ਨਜਾਇਜ਼ ਪਸ਼ੂ ਛੱਡ ਕੇ ਅਵਾਰਾ ਪਸ਼ੂਆਂ ਦੀ ਫੌਜ ਵਿਚ ਵਾਧਾ ਰੋਕਿਆ ਜਾ ਸਕੇਗਾ।

ਅੱਜ ਕੱਲ੍ਹ ਇਕ ਹੋਰ ਸਮੱਸਿਆ ਨੇ ਅਜਿਹੇ ਸਲੱਮ ਇਲਾਕਿਆਂ ਨੂੰ ਘੇਰਾ ਪਾਇਆ ਹੋਇਆ ਹੈ। ਛਾਬੜੀ ਰੇਹੜੀ ਲਾ ਕੇ ਸਬਜ਼ੀ, ਪਾਪੜ, ਮੁਨਿਆਰੀ ਕੱਪੜਾ ,ਵੇਚਣ ਵਾਲੇ, ਸੀਤੇ ਕੱਪੜਿਆਂ ਦੀਆਂ ਜ਼ਿੱਪਾਂ ਠੀਕ ਕਰਨ ਵਾਲੇ, ਅਚਾਰ ਵੇਚਣ ਵਾਲੇ, ਸਿਰ ਦੇ ਵਾਲ ਇਕੱਠੇ ਕਰਨ ਵਾਲੇ, ਗੱਲ ਕੀ ਅਨੇਕ ਪਰਕਾਰ ਦੀ ਗਲੀਆਂ ਵਿਚ ਖਰੀਦ ,ਵੇਚ ਕਰਨ ਵਾਲੇ ਲੋਕ ਵੀ ਆਪਣੇ ਸਾਈਕਲਾਂ ਮੋਟਰ ਸਾਈਕਲਾਂ, ਰੇੜ੍ਹਿਆਂ ਉਤੇ ਛੋਟੇ ਸਪੀਕਰ ਫਿਟ ਕਰ ਕੇ ਬੈਟਰੀ ਲਾ ਕੇ ਸਵੇਰ ਸਾਰ ਹੁੰਦੇ ਹੀ ਆਪਣਾ ਸਮਾਨ ਵੇਚਣ ਲਈ ਆ ਗਲੀ ਵਿਚ ਉੱਚੀ ਅਵਾਜ਼ ਸਪੀਕਰ ਵਿਚ ਹੋਕਾ ਦੇਣ ਆ ਧਮਕਦੇ ਹਨ। ਕਿਸੇ ਨੇ ਕੁਝ ਲੈਣਾ ਹੋਵੇ ਜਾਂ ਨਾ, ਇਹ ਲੋਕ ਪਹਿਲਾਂ ਤੋਂ ਹੀ ਭਰੀ ਹੋਈ ਸੀ ਡੀ ਕਦੇ ਬੰਦ ਹੋਣ ਨਹੀਂ ਦਿੰਦੇ ਤੇ ਆਪਣੇ ਹੋਕੇ ਨਾਲ ਅਸਮਾਨ ਸਿਰ ਤੇ ਚੁੱਕੀ ਰੱਖਦੇ ਹਨ। ਘਰਾਂ ਦੇ ਅੰਦਰ ਬੈਠਿਆਂ ਨੂੰ ਵੀ ਚੈਨ ਨਹੀਂ ਆਉਣ ਦਿੰਦੇ। ਇਕ ਡਿਬ ਡਿਬੀ ਵਜਾਉਣ ਵਾਲੇ ਹਨ, ਉਹ ਆਈਸ ਕਰੀਮ ਵੇਚਣ ਲਈ ਇਨ੍ਹਾਂ ਦਲਿਤ ਪੱਛੜਿਆਂ ਲੋਕਾਂ ਦੇ ਸ਼ਹਿਰ ਤੋਂ ਬਾਹਰਲੇ ਇਲਾਕਿਆਂ ਵਿਚ ਰੇੜ੍ਹੀਆਂ ਲਾ ਕੇ ਘੁੰਮਦੇ ਫਿਰਦੇ ਡਿਬ ਡਿਬੀ ਵਜਾ ਕੇ ਕੰਨ ਖਾਂਦੇ ਰਹਿੰਦੇ ਹਨ।ਮੋਟਰ ਸਾਈਕਲਾਂ ਉਤੇ ਡਰੰਮਾਂ ਵਿਚ ਲੱਦ ਕੇ ਦੁੱਧ ਵੇਚਣ ਵਾਲੇ ਜੁਦਾ ਆ ਧਮਕਦੇ ਹਨ। ਪਹਿਲਾਂ ਪਹਿਲਾਂ ਜਦ ਕਿਸੇ ਜ਼ਮਾਨੇ ਵਿਚ ਸਾਈਕਲਾਂ/ਮੋਟਰ ਸਾਈਕਲਾਂ ਉੱਤੇ ਦੁੱਧ ਵੇਚਣਾ ਸ਼ੁਰੂ ਹੋਇਆ ਤਾਂ ਓਦੋਂ ਇਹ ਭੁਕਾਨੇ ਵਾਲਾ ਭੋਂਪੂ ਲਾ ਕੇ ਉਸ ਨੂੰ ਵਜਾ ਵਜਾ ਕੇ ਦੁੱਧ ਵੇਚਦੇ ਹੁੰਦੇ ਸਨ । ਪਰ ਅਜ ਇਨ੍ਹਾਂ ਨੇ ਵੀ ਨਵਾਂ ਹੀ ਤਰੀਕਾ ਈਜਾਦ ਕਰ ਲਿਆ ਹੈ, ਮੋਟਰ ਸਾਈਕਲ ਦਾ ਸਾਈਲੈਂਸਰ ਹੀ ਖੋਲ੍ਹ ਦਿੰਦੇ ਹਨ ਤੇ ਦੂਰ ਤੋਂ ਹੀ ਮੋਟਰ ਸਾਈਕਲ ਦੇ ਡੱਬ ਡੱਬ ਕਰਦੀ ਕੰਨ ਪਾੜਵੀਂ ਆਵਾਜ਼ ਸੁਣਾਈ ਦੇਣ ਲੱਗ ਜਾਂਦੀ ਹੈ।ਇਨ੍ਹਾਂ ਲੋਕਾਂ ਨੂੰ ਆਪਣੀ ਚੀਜ਼ ਵਸਤ ਵੇਚ ਕੇ ਕੇਵਲ ਤੇ ਕੇਵਲ ਆਪਣੀ ਰੋਜ਼ੀ ਰੋਟੀ ਕਮਾਉਣ ਨਾਲ ਹੀ ਸਰੋਕਾਰ ਹੈ। ਮਹੱਲਾ ਨਿਵਾਸੀਆਂ ਦੇ ਘਰਾਂ ਵਿਚ ਰਹਿੰਦੇ ਬਜ਼ੁਰਗਾਂ, ਬੱਚਿਆਂ ਤੇ ਸਕੂਲ ਜਾਂਦੇ ਪੜ੍ਹਦੇ ਬੱਚਿਆਂ ਦੀ ਬੇ-ਆਰਾਮੀ ਦਾ ਕੋਈ ਫਿਕਰ ਨਹੀਂ ਹੈ।



ਇਕ ਨਵੀਂ ਕਿਸਮ ਦੀ ਤਕਲੀਫ ਖੜ੍ਹੀ ਹੋ ਰਹੀ ਹੈ। ਛੋਟੇ ਛੋਟੇ ਸਨਅਤਕਾਰਾਂ ਇਨ੍ਹਾਂ ਇਲਾਕਿਆਂ ਵਿਚ (ਪੌਸ਼ ਇਲਾਕਿਆਂ ਵਿਚ ਨਹੀਂ) ਜਾਂ ਤਾਂ ਆਪਣੇ ਘਰਾਂ ਚ ਹੀ ਛੋਟੀ ਮੋਟੀ ਹੌਜ਼ਰੀ ਜਾਂ ਕੋਈ ਹੋਰ ਕਾਰਖਾਨਾ ਖੋਲ੍ਹ ਲੈਂਦੇ ਹਨ ਜਾਂ ਫਿਰ ਕਿਸੇ ਜ਼ਿਆਦਾ ਹੀ ਕਮਜ਼ੋਰ ਪਰਿਵਾਰ ਤੋਂ ਸਸਤੇ ਭਾਅ ਤੇ ਬਣਿਆਂ ਬਣਾਇਆ ਮਕਾਨ ਲੈ ਕੇ ਉਸ ਵਿਚ ਇੰਡਸਟਰੀ ਲਾ ਲੈਂਦੇ ਹਨ।

ਸਥਾਨਿਕ ਸਰਕਾਰ ਮਿਊਂਸਪਲ ਕਮੇਟੀ/ਨਗਰ ਨਿਗਮ ਆਦਿ ਦੇ ਕਰਮਚਾਰੀਆਂ/ਅਫਸਰਾਂ ਨਾਲ ਮਿਲ ਮਿਲਾ ਕੇ ਲਾਈਸੈਂਸ ਕਿਸੇ ਸਨਅਤੀ ਖੇਤਰ ਦਾ ਬਣਵਾ ਕੇ ਉਸੇ ਹੀ ਮਹੱਲੇ ਵਿਚ ਇੰਡਸਟਰੀ ਚਲਾਈ ਜਾਂਦੇ ਹਨ । ਇਸ ਤਰ੍ਹਾਂ ਉਹ ਮਹੱਲੇ ਦੀਆਂ ਸੜਕਾਂ ਤੇ ਹੀ ਸਨਅਤੀ ਭੀੜ ਇਕੱਠੀ ਨਹੀਂ ਕਰਦੇ ਬਲਕਿ ਘਰੇਲੂ ਵਾਟਰ ਸਪਲਾਈ ਤੇ ਸੀਵਰੇਜ ਨੂੰ ਭੀ ਬੁਰੀ ਤਰਾਂ ਅਸਰ ਅੰਦਾਜ਼ ਕਰਦੇ ਤੇ ਸਨਅਤੀ ਸ਼ੋਰ ਸ਼ਰਾਬਾ ਚੌਬੀ ਹੀ ਘੰਟੇ ਪਾਈ ਰੱਖਦੇ ਹਨ। ਇਹ ਲੋਕ ਇਨੇ ਅਸਰ ਰਸੂਖ ਵਾਲੇ ਹੋ ਜਾਂਦੇ ਹਨ ਕਿ ਹਰੇਕ ਥਾਂ ਆਪਣੀ ਪਹੁੰਚ ਬਣਾ ਲੈਂਦੇ ਹਨ ਫਿਰ ਮਜਾਲ ਕੀ ਕਿ ਕੋਈ ਮਹੱਲੇ ਜਾਂ ਇਲਾਕੇ ਦਾ ਵਾਸੀ ਇਨ੍ਹਾਂ ਸਾਹਮਣੇ ਆਪਣੇ ਦੁੱਖੜੇ ਨੂੰ ਲੈ ਕੇ ਚੂੰ ਵੀ ਕਰ ਜਾਵੇ। ਜਿਉਂ ਹੀ ਪਾਵਰ ਕੱਟ ਲਗਦੀ ਹੈ ਜਾਂ ਵੈਸੇ ਹੀ ਪਾਵਰ ਫੇਲ੍ਹ ਹੁੰਦੀ ਹੈ ਤਾਂ ਇਹ ਲੋਕ ਆਪਣਾ ਜਨਰੇਟਰ ਚਲਾ ਕੇ ਝੱਟ ਸ਼ੋਰ ਸ਼ਰਾਬਾ ਮਚਾ ਦਿੰਦੇ ਹਨ ਤੇ ਸ਼ੋਰ ਸ਼ਰਾਬੇ ਤੋਂ ਇਲਾਵਾ ਧੂਏਂ ਨਾਲ ਅਸਮਾਨ ਕਾਲਾ ਸਿਆਹ ਕਰ ਦਿੰਦੇ ਹਨ ਜਿਸ ਨਾਲ ਘਰ ਬੈਠੇ ਹੋਏ ਵੀ ਸਾਹ ਲੈਣਾ ਔਖਾ ਹੋ ਜਾਂਦਾ ਹੈ।ਇਕ ਬਿਜਲੀ ਦਾ ਮਹਿਕਮਾਂ ਹੈ ਕਿ ਇਨ੍ਹਾਂ ਦਾ ਵੀ ਬਹੁਤਾ ਹੱਥ ਇਨ੍ਹਾਂ ਗ਼ਰੀਬ ਬਸਤੀਆਂ ਉਤੇ ਹੀ ਜ਼ਿਆਦਾ ਉਠਦਾ ਹੈ ।ਜਦ ਕਦੇ ਸਿਸਟਮ ਓਵਰ ਲੋਡ ਹੁੰਦਾ ਦਿਸੇ ਤਾਂ ਇਨ੍ਹਾਂ ਦਾ ਯਤਨ ਹੁੰਦਾ ਹੈ ਕਿ ਬਾਹਰ ਦੀਆਂ ਗ਼ਰੀਬ ਬਸਤੀਆਂ ਜਾਂ ਪੇਂਡੂ ਇਲਾਕਿਆਂ ਦੀ ਬਿਜਲੀ ਕੱਟ ਕੇ ਸਿਸਟਮ ਨੂੰ ਓਵਰ ਲੋਡਿੰਗ ਤੋਂ ਬਚਾਅ ਲਿਆ ਜਾਵੇ। ਇਹ ਪੱਕੀ ਗੱਲ ਹੈ ਕਿ ਇਹ ਲੋਕ ਵੀ ਅਮੀਰ ਮਹੱਲਿਆ ਦੀ ਸਪਲਾਈ ਕਦੇ ਨਹੀਂ ਕੱਟਦੇ। ਉਨ੍ਹਾਂ ਦੇ ਫੀਡਰ ਹਮੇਸ਼ਾ ਨਿਰਵਿਘਨ ਚੱਲਦੇ ਰਹਿੰਦੇ ਹਨ। ਇਸ ਤਰਾਂ ਨਾਲ ਜਦ ਬਿਜਲੀ ਬੰਦ ਹੁੰਦੀ ਹੈ ਤਾਂ ਇਨ੍ਹਾਂ ਮਹੱਲਿਆ ਦੇ ਜ਼ਰਾ ਖਾਂਦੇ ਪੀਂਦੇ ਲੋਕ ਜਿਨ੍ਹਾਂ ਨੇ ਜਨਰੇਟਰ ਰੱਖੇ ਹੋਏ ਹੁੰਦੇ ਹਨ ਸਣੇ ਸਨਅਤਕਾਰਾਂ ਦੇ ਝੱਟ ਪਟ ਜਨਰੇਟਰ ਚਲਾ ਕੇ ਵਾਤਾਵਰਣ ਵਿਚ ਖੌਰੂ ਹੀ ਤਾਂ ਪੱਟ ਦਿੰਦੇ ਹਨ।

ਰਾਤ ਦਸ ਵਜੇ ਤੋਂ ਲੈ ਕੇ ਸਵੇਰੇ 6 ਵਜੇ ਤਕ ਦੇ ਸਮੇਂ ਵਿਚ ਉਚੀ ਅਵਾਜ਼ ਵਿਚ ਕੋਈ ਡੀ ਜੇ ਸੈਟ ਜਾਂ ਕੋਈ ਲਾਊਡ ਸਪੀਕਰ ਵਜਾਉਣ ਤੇ ਕਈ ਵਰ੍ਹੇ ਪਹਿਲਾਂ ਤੋਂ ਭਾਰਤ ਦੀ ਮਾਣਯੋਗ ਸਰਵ-ਉੱਚ ਅਦਾਲਤ ਵਲੋਂ ਪਾਬੰਦੀ ਲੱਗੀ ਚੱਲੀ ਆ ਰਹੀ ਹੈ। ਪਰ ਇਸ ਪਾਬੰਦੀ ਦੀ ਕਦੇ ਕਿਸੇ ਨੇ ਪਰਵਾਹ ਨਹੀਂ ਕੀਤੀ।

ਸ਼ਹਿਰਾਂ ਦੇ ਅੰਦਰਲੇ ਇਲਾਕਿਆਂ ਵਿਚ ਇਸ ਪਾਬੰਦੀ ਦਾ ਭਾਵੇਂ ਪੂਰੀ ਤਰਾਂ ਪਾਲਣ ਕੀਤਾ ਜਾਂਦਾ ਹੈ ਪਰ ਇਨ੍ਹਾਂ ਸਲੱਮਾਂ ਵਿਚ ਪੂਰੀਆਂ ਗਰਮੀਆਂ ਵਿਚ ਪੂਰਬੀਏ ਲੋਕਾਂ ਵਲੋਂ ਜਗਰਾਤੇ ਦੇ ਰੂਪ ਵਿਚ ਖ਼ੂਬ ਸ਼ੋਰ ਮਚਾਇਆ ਜਾਂਦਾ ਹੈ ਤੇ ਸਵੇਰ ਨੂੰ ਸਭ ਧਾਰਮਿਕ ਥਾਵਾਂ ਤੇ ਕੰਨ ਪਾੜਵੀਂ ਆਵਾਜ਼ ਵਿਚ ਲਾਊਡ ਸਪੀਕਰ ਵਜਾ ਵਜਾ ਕੇ ਕਥਾ ਕੀਰਤਨ ਕਰ ਕਰ ਕੇ ਲੋਕਾਂ ਦੇ ਕੰਨਾਂ ਵਿਚ ਠੋਸਿਆ ਜਾਂਦਾ ਹੈ।

ਚਾਹੇ ਕਿਸੇ ਦਾ ਦਿਲ ਸੁਣਨ ਨੂੰ ਕਰੇ ਜਾਂ ਨਾ ਕਰੇ। ਰਾਤ ਬਾਰਾਂ ਬਾਰਾਂ ਵਜੇ ਤੱਕ ਕਾਵਾਂ ਰੌਲੀ ਪਾਈ ਰੱਖੀ ਜਾਂਦੀ ਹੈ। ਚਾਹੇ ਕੋਈ ਸਾਰਥਕ ਗੱਲ ਨਾ ਵੀ ਆਖੀ ਜਾਂਦੀ ਹੋਵੇ।ਸਥਾਨਕ ਸਰਕਾਰ ਤੇ ਜ਼ਿਲਾ ਪ੍ਰਸ਼ਾਸਨ ਹੈ ਕਿ ਮਜਾਲ ਕੀ ਕਿ ਕਿਸੇ ਦੇ ਵਿਰੁਧ ਵੀ ਜ਼ਰਾ ਕਾਰਵਾਈ ਕਰ ਸਕੇ।

ਗੱਲ ਕੀ, ਆਪਣੀ ਹੰਕਾਰੀ ਬਿਰਤੀ ਪਾਲਣ ਲਈ ਦਬੰਗ ਕਿਸਮ ਦੇ ਲੋਕ ਇਨ੍ਹਾਂ ਬਾਹਰਲੀਆਂ ਰਾਜਨੀਤਕ ਮਾਇਕ ਆਦਿ ਤੌਰ ਤੇ ਕਮਜ਼ੋਰ ਲੋਕਾਂ ਦੇ ਇਲਾਕਿਆਂ ਨੂੰ ਲੱਭ ਕੇ ਆਪਣਾ ਟਿਕਾਣਾ ਬਣਾ ਲੈਂਦੇ ਹਨ ਤੇ ਆਪਣਾ ਧੰਦਾ ਚਲਾਉਂਦੇ ਹਨ। ਇਸ ਤੋਂ ਇਲਾਵ ਹੋਰ ਵੀ ਗ਼ੈਰ ਸਮਾਜਿਕ ਗਤੀਵਿਧੀਆਂ ਚੱਲਣ ਦੇ ਵੱਡੇ ਵੱਡੇ ਅੱਡੇ ਚਲਦੇ ਇਨ੍ਹਾਂ ਬਸਤੀਆਂ ਵਿਚੋਂ ਹੀ ਫੜੇ ਜਾਂਦੇ ਹਨ। ਮਜਾਲ ਕੀ ਕਿ ਸਰਕਾਰੀ ਤੰਤਰ ਇਨ੍ਹਾਂ ਦੀ ਹਵਾ ਵੱਲ ਵੀ ਦੇਖ ਜਾਵੇ। ਇਨ੍ਹਾਂ ਇਲਾਕਿਆਂ ਦੀ ਉੱਨਤੀ ਤਰੱਕੀ ਜਾਂ ਦਲਿਤ ਵੈੱਲਫੇਅਰ ਵਾਸਤੇ ਰੱਖੇ ਹੋਏ ਫੰਡ ਸਰਕਾਰਾਂ ਆਪਣੀ ਸੁਵਿਧਾ ਅਨੁਸਾਰ ਹੋਰ ਹੋਰ ਕੰਮਾਂ ਵਾਸਤੇ ਵਰਤ ਰਹੀਆਂ ਹਮੇਸ਼ਾ ਹੀ ਸਰਕਾਰੀ ਪੜਤਾਲ ਸੰਸਥਾਵਾਂ ਵਲੋਂ ਫੜੀਆਂ ਜਾਂਦੀਆਂ ਹਨ। ਪਰ ਇਨ੍ਹਾਂ ਵਿਰੁਧ ਕਾਰਵਾਈ ਕਦੇ ਘੱਟ ਹੀ ਅਮਲ ਵਿਚ ਆਉਂਦੀ ਹੈ।ਇਹ ਆਰਟੀਕਲ ਇਕ ਸੰਕੇਤ ਮਾਤਰ ਹੈ । ਹੋਰ ਬਹੁਤ ਕੁਝ ਹੈ ਜੋ ਕਿ ਸਮੇਂ ਸਥਾਨ ਦੀ ਕਮੀਂ ਕਰ ਕੇ ਇਥੇ ਬਿਆਨਿਆਂ ਨਹੀ ਜਾ ਰਿਹਾ।

ਇਨ੍ਹਾਂ ਸਭ ਗੱਲਾਂ ਤੋਂ ਸਦੀਵੀ ਛੁਟਕਾਰਾ ਪਾਉਣ ਲਈ ਕਹਿਣਾ ਹੀ ਪਵੇਗਾ ਕਿ ਆਪ ਲੋਕ ਆਪਣੇ ਬੱਚਿਆਂ ਨੂੰ ਚੰਗੇ ਸਰਕਾਰੀ ਸਕੂਲਾਂ ਵਿਚ ਪੜ੍ਹਾਓ।ਧੀਆਂ ਪੁੱਤਰਾਂ ਨੂੰ ਵਧ ਤੋਂ ਵੱਧ ਉਚ ਵਿਦਿਆ ਦਿਵਾਉਣ ਦਾ ਯਤਨ ਕਰੋ। ਆਪਣੀਆਂ ਸਮਾਜਿਕ, ਰਾਜਨੀਤਕ ਮਜ਼ਬੂਤ ਸੰਸਥਾਵਾਂ ਬਣਾਉ ਤੇ ਸਾਂਝੇ ਯਤਨਾਂ ਰਾਹੀਂ ਆਪਣੀਆਂ ਦੁੱਖ ਤਕਲੀਫਾਂ ਦੇ ਹੱਲ ਕਰਵਾਉ। ਇਸ ਨਿਜ਼ਾਮ ਵਿਚ ਤੁਹਾਡੇ ਦਰਵਾਜ਼ੇ ਉਤੇ ਕਦੇ ਕਿਸੇ ਨੇ ਤੁਹਾਡੀ ਤਕਲੀਫ ਸੁਣਨ ਲਈ ਨਹੀਂ ਆਉਣਾ।

# 'ਬੁੱਧ ਧਰਮ 'ਚ ਸਮਾਜਿਕ-ਬਰਾਬਰੀ ਦਾ ਸੰਕਲਪ'

**(ਸਫਾ 15 ਦੀ ਬਾਕੀ)**

ਅਵਤਾਰ ਤਾਂ ਹਨ, ਲੇਕਿਨ ਵਿਸ਼ਨੂੰ ਨੇ ਇਹ ਅਵਤਾਰ ਝੂਠ ਦਾ ਪ੍ਰਚਾਰ ਕਰਨ ਲਈ ਨਹੀਂ, ਬਲਕਿ ਅੰਧਾ-ਧੁੰਦ ਕਰਮਕਾਂਡ ਤੇ ਵੈਦਿਕ ਪਸ਼ੂਬਲੀ ਰੋਕਣ ਲਈ ਕੀਤਾ ਹੈ। ਗੌਤਮ ਬੁੱਧ ਚਾਹੇ ਵਿਸ਼ਨੂੰ ਜੀ ਦੇ ਅਵਤਾਰ ਹੋਣ ਜਾਂ ਨਹੀਂ ਲੇਕਿਨ ਇਹ ਪੂਜਣ ਦੇ ਯੋਗ ਤਾਂ ਹਨ ਹੀ।

ਸਭ ਵਿਦਵਾਨਾਂ ਤੇ ਚਿੰਤਕਾਂ ਦੇ ਆਪਣੇ-ਆਪਣੇ ਮੱਤ ਰਹੇ ਹਨ ਪਰ ਅੰਤ 'ਚ ਤੱਥਾਂ ਦੀ ਸਚਾਈ ਦਾ ਗਿਆਨ, ਇਸ ਤੱਥ ਤੋਂ ਲਗਾਇਆ ਹੀ ਜਾ ਸਕਦਾ ਹੈ ਕਿ ਸਭ 'ਚ ਗੌਤਮ ਬੁੱਧ ਨੂੰ ਇਕ ਮਹਾਨ ਪੱਥ ਪ੍ਰਦਰਸ਼ਕ ਦੇ ਰੂਪ 'ਚ ਸਥਾਨ ਦਿੱਤਾ ਗਿਆ ਹੈ ਤੇ ਉਹ ਮਾਨਵ ਕਲਿਆਣ ਦੀਆਂ ਭਾਵਨਾਵਾਂ ਨੂੰ ਬਿਆਨ ਕਰਦੇ ਰਹੇ ਹਨ ਤਾਂ ਹੀ ਤਾਂ ਉਨ੍ਹਾਂ ਦੇ ਆਪਣੇ ਚੇਲਿਆਂ ਨੂੰ ਆਪਣੇ ਅੰਤਿਮ ਕਥਨ ਇਹੀ ਕਹੇ ਸਨ ਕਿ 'ਆਪਣੇ ਦੀਪਕ, ਆਪ ਖੁਦ ਬਣੋ'। ਹਿੰਦੂ ਗ੍ਰੰਥਾਂ ਦਾ ਕਹਿਣਾ ਹੈ ਕਿ 'ਬੁੱਧ ਭਗਵਾਨ ਵਿਸ਼ਨੂੰ ਹਨ, ਜੋ ਧਰਤੀ 'ਤੇ ਆਏ'।

ਇਸਲਾਮ ਧਰਮ:- ਮਿਰਜ਼ਾ ਤਾਹਿਰ ਅਹਿਮਦ ਨੇ ਆਪਣੀ ਕਿਤਾਬ 'ਐਨ. ਐਲੀਮੈਂਟਰੀ ਸਟੱਡੀ ਆਫ ਇਸਲਾਮ' ਵਿਚ ਕਿਹਾ ਹੈ ਕਿ ਕੁਰਾਨ ਦੀ ਧੂਲ ਦਾ ਫੱਲ ਨਾਮਕ ਹਸਤੀ, ਬੁੱਧ ਹੋ ਸਕਦਾ ਹੈ। ਅਹਿਮਦੀਆਜ਼ ਦੁਆਰਾ ਬੁੱਧ ਇਕ 'ਨਵੀ' ਦੇ ਰੂਪ ਮੰਨਿਆ ਗਿਆ ਹੈ।

ਅੱਜ ਦੇ ਵਿਗਿਆਨਕ ਯੁੱਗ 'ਚ ਬੁੱਧ ਧਰਮ ਦੀ ਸਾਰਥਿਕਤਾ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿਉਂਕਿ ਇਸ ਧਰਮ 'ਚ ਊਚ-ਨੀਚ, ਜਾਤ-ਪਾਤ ਆਦਿ ਦਾ ਕੋਈ ਬੋਲਬਾਲਾ ਨਹੀਂ ਹੈ ਸਗੋਂ ਇਹ ਇਕ ਜਾਤ-ਪਾਤ ਰਹਿਤ ਸਮਾਜ ਹੈ। ਇਸ 'ਚ ਸਮਾਜਿਕ ਬਰਾਬਰੀ ਦਾ ਰੁਤਬਾ, ਹਰ ਇਨਸਾਨ ਲਈ ਹੈ। ਇਹ ਧਰਮ ਮਾਨਵਵਾਦ ਦੀ ਗੱਲ ਕਰਦਾ ਹੈ ਤੇ 'ਆਪੇ ਬਣੇ ਰੱਬ' ਅਖਵਾਉਣ ਵਾਲੇ ਬੰਦਿਆਂ ਦਾ ਵਿਰੋਧ ਕਰਦਾ ਹੈ। ਇਸ 'ਚ ਕਿਸੇ ਵੀ ਮਾਨਵ ਨੂੰ ਕਿਸੇ ਜਾਤੀ-ਸੂਚਕ ਸ਼ਬਦ ਨਾਲ ਨਹੀਂ ਪੁਕਾਰਿਆ ਜਾਂਦਾ ਸਗੋਂ ਹਰ ਇਨਸਾਨ 'ਬੋਧੀ' ਅਖਵਾਉਂਦਾ ਹੈ। ਇਸੇ ਲਈ ਹੀ ਤਾਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਇਸ ਧਰਮ 'ਚ ਇਹ ਚੰਗਿਆਈਆਂ ਦੇਖ ਕੇ 'ਬੁੱਧ ਧਰਮ' ਅਪਣਾ ਲਿਆ ਸੀ।

ਇਸੇ ਕਰਕੇ ਹੀ ਇਹ ਧਰਮ ਦੁਨੀਆਂ ਦੇ ਵੱਡੇ ਧਰਮਾਂ 'ਚ ਸ਼ਾਮਲ ਹੈ। ਜਿਨ੍ਹਾਂ ਧਰਮਾਂ 'ਚ ਮਾਨਵ ਲਈ ਸਮਾਜਿਕ-ਬਰਾਬਰੀ ਦਾ ਰੁਤਬਾ ਨਹੀਂ, ਊਚ-ਨੀਚ, ਜਾਤ-ਪਾਤ ਆਦਿ ਦਾ ਬੋਲਬਾਲਾ ਹੈ, ਅੱਜ ਉਨ੍ਹਾਂ ਧਰਮਾਂ ਦੇ ਉਪਾਸ਼ਕਾਂ ਦੀ ਗਿਣਤੀ ਘੱਟ ਰਹੀ ਹੈ ਤੇ ਸੰਸਾਰ ਪੱਧਰ ਤੇ ਉਹ ਬਹੁਤ ਛੋਟੇ ਧਰਮ ਅਖਵਾਉਂਦੇ ਹਨ।

ਇਸ ਲਈ ਇਨ੍ਹਾਂ ਧਰਮਾਂ ਨੂੰ ਬੁੱਧ ਧਰਮ ਤੋਂ ਸੇਧ ਲੈ ਕੇ ਮਾਨਵਵਾਦ ਦਾ ਸਿਧਾਂਤ ਅਪਣਾਉਣ ਦੀ ਲੋੜ ਹੈ ਤਾਂ ਜੋ ਹਰ ਮਾਨਵ ਨੂੰ ਊਚ-ਨੀਚ, ਜਾਤ-ਪਾਤ ਆਦਿ ਨੂੰ ਖਤਮ ਕਰਕੇ, ਸਮਾਜਿਕ ਬਰਾਬਰੀ ਦਾ ਰੁਤਬਾ ਦੇ ਕੇ, ਮਾਨਵਵਾਦ ਨੂੰ ਜੀ ਆਇਆਂ ਕਹਿਣ ਦੀ ਲੋੜ ਹੈ।

*******

# ਇੱਕ ਮਈ ਨੂੰ ਭਾਰਤ ਮਾਂ ਦੇ ਗੱਲ ਲਗ ਕਿ ਮਜ਼ਦੂਰ ਰੋਇਆ?



ਨਿਸ਼ਾਨ ਸਿੰਘ ਮੂਸੇ
91-98767-30001

ਗ਼ਰੀਬ ਵਿਚਾਰੇ ਦੇ ਸੁਫਨੇ ਅਤੇ ਖਿਆਲ ਵੀ ਗ਼ਰੀਬ ਜਿਹੇ ਹੀ ਹੁੰਦੇ ਹਨ, ਜਿੰਦਗੀ ਰੰਗੀਨ ਕੀ ਹੁੰਦੀਂ ਹੈ, ਇਸਦਾ ਤਾਂ ਗ਼ਰੀਬ ਨੇ ਕਦੀ ਸੁਫਨਾ ਵੀ ਨਹੀਂ ਲਿਆ। ਸਾਰੀ ਦਿਹਾੜੀ ਰੋਟੀ ਲਈ ਕੀਤੀ ਘਾਲ ਮੁਸ਼ੱਕਤ ਤੋਂ ਬਾਅਦ ਪਹਿਲੀ ਗੱਲ ਤਾਂ ਗ਼ਰੀਬਾ ਨੂੰ ਸੁਫਨੇ ਆਉਂਦੇ ਹੀ ਨਹੀਂ ਜੇ ਆਉਣ ਵੀ ਤਾਂ ਸਿਰਫ ਬਲੈਕ ਐਂਡ ਵਾਈਟ ਜਿਹੇ ਹੀ ਆਉਂਦੇ ਹਨ । ਜਿਨ੍ਹਾ ਵਿੱਚੋਂ ਭਾਵਿੱਖ ਤਾਂ ਬਲੈਕ ਹੀ ਨਜਰ ਆਉਂਦਾ ਹੈ, ਪਰ ਸੋਚ ਕਈ ਵਾਰ ਜਰੂਰ ਵਾਈਟ ਜਿਹਾ ਝਲਕਾਰਾ ਮਾਰ ਜਾਂਦੀ ਹੈ। ਲੋਹੜ੍ਹਾ ਪੈਜੇ ਇਸ ਚੰਦਰੀ ਮਹਿੰਗਆਈ ਨੂੰ ਜਿਹੜੀ ਗ਼ਰੀਬ ਦੀ ਖੁਸ਼ੀਆਂ ਦੀ ਕੱਟੜ ਦੁਸ਼ਮਣ ਬਣ ਕਿ ਗ਼ਰੀਬ ਦੇ ਘਰ ਦੀ ਸਰਦਲ ਤੇ ਬੈਠੀ ਮਾਤੜ ਦੇ ਹਾਸੇ ਠੱਠਿਆਂ ਦੀ ਕਤਲੋ ਗਾਰਤ ਕਰ ਰਹੀ ਹੈ । ਹਾਸਾ ਤਾਂ ਗਰੀਬ ਦੇ ਚਿਹਰੇ ਤੇ ਕਦੀ ਵੇਖਿਆ ਹੀ ਨਹੀਂ ਜਦੋਂ ਵੇਖੀ ਹੈ ਬਸ ਮੰਨੋ ਹੀ ਵੇਖੀ ਹੈ। ਕਿਉਂਕਿ ਅੱਜ ਦੇ ਅਧੁਨਿਕ ਜੁੱਗ ਵਿੱਚ ਹੱਸਣ ਲਈ ਚਾਹੀਦੀ ਹੈ ਖੁਸ਼ਹਾਲੀ ਪੈਸਾਂ (ਰੋਜਗਾਰ) ਇਹ ਸਰਕਾਰਾਂ ਪੈਦਾ ਹੀ ਨਹੀਂ ਕੀਤੇ ਫਿਰ ਹਾਸੇ ਗ਼ਰੀਬ ਦੇ ਚਿਹਰੇ ਤੇ ਕਿੰਝ ਪਰਤ ਆਉਣ। ਸਰਕਾਰਾਂ ਹਰ ਵਾਰੀ ਗ਼ਰੀਬ ਨੂੰ ਗ਼ੁਰਬਤ ਚੋ ਕੱਢਣ ਲਈ ਢੇਰਾਂ ਦੇ ਢੇਰ ਵਾਅਦਿਆਂ ਦੀਆਂ ਪੰਡਾਂ ਗਰੀਬ ਦੀ ਧੌਣ ਤੇ ਟਿੱਕਾਂ ਕਿ ਇਹਨਾਂ ਦੀਆਂ ਵੋਟਾਂ ਇਸ ਵਾਅਦੇ ਤੇ ਬਟੋਰ ਲੈਦੀਆਂ ਹਨ। ਕਿ ਤੁਹਡੇ ਚਿਹਰੇ ਦੀ ਰੌਣਕ ਇਸ ਵਾਰ ਜਰੂਰ ਪਰਤ ਆਵੇਗੀ? ਪਰ ਕਿੱਥੇ ਮਹਿੰਗਆਈ ਸਰਕਾਰਾਂ ਘੱਟ ਕੀਤੀ ਨਹੀਂ ਅਤੇ ਖੁਸ਼ੀ ਗ਼ਰੀਬ ਦੇ ਚਿਹਰੇ ਕਦੇ ਪਰਤੀ ਨਹੀਂ। ਦਹਾਕੇ ਪਹਿਲਾਂ ਵੀ ਮਾਤੜ ਦੇ ਪਾਟੇ ਮੈਲੇ ਕੁਚੈਲੇ ਕੱਪੜੇ ਸਨ ਅਤੇ ਹੁਣ ਵੀ ਥਾਉਂ ਥਾਉਂ ਕੱਪੜੇ ਪਾਟੇ ਅਤੇ ਰੰਗ ਬਰੰਗੀਆਂ ਲੱਗੀਆਂ ਟਾਕੀਆਂ ਨਾਲ ਸੀਤੇ ਸ਼ਾਇਦ ਸਰਕਾਰ ਦੇ ਡਿਜੀਟਲ ਇੰਡੀਆਂ ਤੇ ਸਵਾਲੀਆਂ ਚਿੰਨ ਖੜ੍ਹੇ ਕਰਦੇ ਹੋਣ? ਨਾਂਲ ਉੱਚੀ ਦੇਣੀ ਹਾਕ ਵੀ ਮਾਰਦੇ ਹੋਣ, 'ਜਰਾ ਸਾਡੀ ਵੀ ਸੁਣ ਸਰਕਾਰੇ, ਅਮੀਰਾਂ ਦੀ ਤੂੰ ਰੋਜ ਸੁਣਦੀ, ਵੈਸੇ ਸਰਕਾਰ ਗ਼ਰੀਬ ਅਤੇ ਅਮੀਰ ਤੋਂ ਵੋਟ ਇਸ ਵਾਅਦੇ ਤੇ ਪਵਾਉਂਦੀ ਹੈ। ਅਮੀਰ ਨੂੰ ਕਹਿੰਦੇ ਤੇਨੂੰ ਗ਼ਰੀਬ ਤੋਂ ਬਚਾਵਾਗੇਂ ਅਤੇ ਗ਼ਰੀਬ ਨੂੰ ਕਹਿੰਦੇ ਹਨ ਕਿ ਤੇਨੂੰ ਅਮੀਰ ਤੋਂ। ਬਸ ਇਹੋ ਲੁਕਣ ਮਿੱਚੀ ਖੇਡ ਲੋਕਤੰਤਤਰ ਦੇ ਗੱਡੇ ਦੀ ਪੰਜਾਲੀ ਵਿੱਚ ਗ਼ਰੀਬ ਦੀ ਧੌਣ ਦੇ ਕਿ ਅਮੀਰਾ ਵੱਲੋਂ ਹੱਕਾਇਆ ਜਾ ਰਿਹਾ ਹੈ। ਇਸ ਵਾਰ ਤਾਂ ਭਾਜਪਾ ਨੇ ਵੀ ਗਰੀਬਾਂ ਨਾਲ ਲਾਰੇ ਲਾਉਣ ਵਾਲੀ ਅਖੀਰ ਹੀ ਕਰ ਦਿੱਤੀ ਸੀ। ਅਖੇ ਹਰੇਕ ਗ਼ਰੀਬ ਦੀ ਥਾਲੀ ਵਿੱਚ ਭੋਜਨ ਆਏਗਾ ਹੁਣ ਕੋਈ ਵੀ ਗ਼ਰੀਬ ਭੁੱਖਾ ਨਹੀਂ ਸੌਂਵੇਗਾਂ, ਬਸ ਅੱਛੇ ਦਿਨ ਆਨੇਂ ਵਾਲੇ ਹੈ। ਪਤਾ ਨਹੀਂ ਹੋਰ ਕਿਨ੍ਹੇ ਕੁ ਲੌਲੀ ਪੌਪ ਗਰੀਬ ਜਨਤਾਂ ਨੂੰ ਦੇ ਕਿ ਮੋਦੀ ਦੀ ਸਿਆਸਤ ਵਾਲੀ ਗੱਡੀ ਦਾ ਤਾਂ ਟਾਪ ਗੇਅਰ ਪੈ ਗਿਆ। ਪਰ ਗ਼ਰੀਬ ਤਾਂ ਅੱਜ ਵੀ ਉਡੀਕ ਰਿਹਾ ਹੈ ਕਿ ਅੱਛੇ ਦਿਨ ਕਬ ਆਏਂਗੇ। ਪਿਛਲੀ ਸਰਕਾਰ ਤੋਂ ਗ਼ਰੀਬ ਤਾਂ ਡਾਹਡੇ ਦੁੱਖੀ ਸਨ ਕਿਉਂਕਿ ਵੀਹ ਰੁਪਏ ਕਮਾਂਉਣ ਵਾਲੇ ਨੂੰ ਸਰਕਾਰ ਗ਼ਰੀਬ ਮੰਨਦੀ ਵੀ ਨਹੀਂ ਸੀ । ਮੋਦੀ ਨੇ ਵੀ ਪਿਛਲੀ ਸਰਕਾਰ ਨੂੰ ਇਸ ਮਾਮਲੇ ਤੇ ਵੋਟਾਂ ਵੇਲੇ ਚੰਗਾ ਘੜੀਸਿਆ ਸੀ । ਗ਼ਰੀਬ ਨੂੰ ਆਸ ਸੀ ਕਿ ਚੱਲੋ ਕੋਈ ਤਾਂ ਹੈ ਜਿਹੜਾ ਗਰੀਬ ਦੀ ਗੱਲ ਕਰਦਾ ਹੈ । ਪਰ ਕੀ ਪਤਾ ਸੀ ਮਾਤੜਾ ਨੂੰ ਕਿ ਸਿਆਸਤ ਦਾ ਤਾਂ ਦਸਤੂਰ ਹੀ ਹੈ । ਕਹਿੰਦੇ ਨੇ ਕਿ ਇੱਕ ਵਾਰ ਕਿਸੇ ਮੱਚਲੇ ਜੱਟ ਦਾ ਕੱਟਾ ਗਵਾਚ ਗਿਆ ਬਸ ਫਿਰ ਕੀ ਸੀ ਜੱਟ ਲੱਗ ਪਿਆ ਮੱਥੇ ਰਗੜ੍ਹਣ ਜਿੱਥੇ ਜਾਵੇ ਪ੍ਰਸ਼ਾਦ ਸੁੱਖੀ ਜਾਵੇ, ਜਿੱਥੇ ਜਾਵੇ ਸੀਰਨੀਆਂ ਸੁੱਖੀ ਜਾਵੇ, ਜੱਟ ਦੀ ਘਰਵਾਲੀ ਆਪਣੇ ਪਤੀ ਨੂੰ ਕਹਿੰਦੀ ਕਿ ਪਤੀ ਜੀ ਜਿਹਨੀਆਂ ਜਗ੍ਹਾ ਤੇ ਤੁਸੀ ਪ੍ਰਸ਼ਾਦ ਸੁੱਖ ਲਿਆ ਉਹਨੇ ਪੈਸਿਆਂ ਦਾ ਤਾਂ ਕੱਟਾ ਹੈ ਨੀ, ਤੇ ਅੱਗਿਉਂ ਮਸ਼ਕਰੀ ਜਿਹੀ ਕਰਦਾ ਜੱਟ ਬੋਲਿਆਂ ਭਲੀਏ ਮਾਣਸੇ ਪਤਾ ਮਿੰਨੂ ਵੀ ਹੈ, ਕਿ ਕੱਟਾ ਇਹਨੇ ਪੈਸਿਆਂ ਦਾ ਨਹੀਂ, ਪਰ ਇੱਕ ਵਾਰੀ ਕੱਟੇ ਦੇ ਸਿੰਗਾਂ ਨੂੰ ਹੱਥ ਪੈ ਲੈਣ ਦੇ ਫਿਰ ਵੇਖੀ ਕਿਹਨੇ ਪ੍ਰਸ਼ਾਦ ਚੜ੍ਹਾਉਣਾ ਅਤੇ ਕਿਸ ਦੀਆਂ ਗੱਲਾਂ । ਉੱਹੀ ਹਾਲ ਭਾਜਪਾ ਅਤੇ ਮੋਦੀ ਦਾ ਹੋਇਆ, ਗ਼ਰੀਬਾਂ ਦੀਆਂ ਝੁਗੀਆਂ ਵਿੱਚ ਲਾਰਿਆਂ ਦੇ ਚਾਨਣ ਕਰ ਕਿ ਭਾਜਪਾ ਦੀ ਹਨੇਰੇ ਡੁੱਬੀ ਰਾਜ ਸਤਾ ਨੂੰ ਮੋਦੀ ਦਾ ਹੱਥ ਪੈ ਗਿਆ । ਜੱਦੋਂ ਹੀ ਜਨਾਬ ਹੋਣੀ ਸਤਾ ਵਿੱਚ ਆਏ ਤੂੰ ਕੌਣ ਅੱਖੇ ਖਾ ਮਖਾਹ ਵਾਲੀ ਗੱਲ ਹੋਈ, ਆਇਆ ਬੀਬੀ ਦਾ ਵਾਰਾ ਤੇ ਉਜੜ ਗਿਆ ਤੱਖਤ ਹਜਾਰਾ। ਜਿੱਥੇ ਮੋਦੀ ਨੇ ਆਉਣ ਸਾਰ ਹੀ ਗਰੀਬ ਜਨਤਾਂ ਦੀ ਸਾਰ ਲੈਣੀ ਸੀ । ਉੱਥੇ ਹੀ ਉਸਨੇ ਜੰਨ ਧੰਨ ਵਾਲਾ ਪੱਤਾ ਖੇਡਿਆ, ਵਿਚਾਰੇ ਗ਼ਰੀਬਾਂ, ਮਜਦੂਰਾਂ ਨੇ ਆਪਣੀਆਂ ਦਿਹਾੜੀਆਂ ਛੱਡ ਛੱਡ ਕੇ ਬੈਂਕਾ ਵਿੱਚ ਖਾਤੇ ਖੁਲਵਾਏ ਕਿ ਸ਼ਾਇਦ ਮੋਦੀ ਵਾਲਾ ਪੰਦਰਾਂ ਲੱਖ ਇਹਨਾਂ ਖਾਤਿਆਂ ਵਿੱਚ ਹੀ ਆਉਂਣਾ ਹੈ। ਸ਼ਾਇਦ ਮੋਦੀ ਸਾਹਬ ਨੂੰ ਛੱਕ ਸੀ ਕਾਲਾ ਧੰਨ ਇਹਨਾਂ ਗਰੀਬਾ ਕੋਲ ਹੀ ਹੈ। ਜਿਹੜਾ ਖਾਤੇ ਖੁਲਣ ਮਗਰੋਂ ਮਾਤੜਾਂ ਦੇ ਬੈਂਕਾ ਖਾਤਿਆ ਵਿੱਚ ਹੀ ਆ ਜਾਉ। ਪਰ ਗ਼ਰੀਬ ਕੋਲ ਕਾਲਾ ਧੰਨ ਕਿੱਥੇ, ਕਾਲੇ ਸੁਪਨੇ ਜਰੂਰ ਹਨ। ਜਿਹੜੇ ਝੂਠੀ ਉਮੀਦ ਵਿੱਚ ਸੱੜ ਕਿ ਸਵਾਹ ਹੋ ਚੁੱਕੇ ਹਨ। ਇਸਤੋਂ ਬਾਅਦ ਮੋਦੀ ਨੇ ਅਭਿਮ੍ਹਾਨ ਛੇੜਤਾ, ਸਵੱਛ ਭਾਰਤ ਮਹਿਮ, ਭਾਰਤ ਵਿੱਚੋਂ ਸਵੱਛਤਾਂ ਤੇ ਦਿਖਾਈ ਨਹੀਂ ਦਿੰਦੀ ਪਰ ਭਾਰਤ ਦੇ ਖਜਾਨੇ ਦੀ ਜਰੂਰ ਸਵੱਛਤਾਂ ਹੋ ਗਈ। ਗ਼ਰੀਬਾਂ ਦੇ ਹਿੱਸੇ ਆਉਂਣ ਵਾਲੇ ਕਰੋੜਾ ਰੁਪਏ ਮੋਦੀ ਸਰਕਾਰ ਨੇ ਇਸ਼ਤਿਹਾਰਾਂ ਉਪਰ ਖਰਚ ਕਰ ਦਿੱਤੇ। ਸਫਾਈ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਜੇ ਕਿਸੇ ਕੋਲ ਸਮਾਂ ਹੋਵੇ। ਪਰ ਗ਼ਰੀਬ ਕੋਲ ਸਮਾਂ ਕਿਥੇ ਜਿਹੜਾ ਪਾਪੀ ਪੇਟ ਨੂੰ ਝੁਲਕਾ ਦੇਣ ਦੀ ਖਾਤਰ ਦਰ ਦਰ ਦੀਆ ਠੋਕਰਾਂ ਖਾਦਾਂ ਫਿਰਦਾ ਉਸ ਕੋਲ ਸਫਾਈ ਦਾ ਵੱਖਤ ਕਿੱਥੇ । ਇੱਕ ਗੱਲ ਯਾਦ ਰਹੇ ਕਿ ਭਾਰਤ ਦੇਸ਼ ਵਿੱਚ ਬਾਈ ਕਰੋੜ ਤੋਂ ਵੱਧ ਲੋਕ ਰਾਤ ਨੂੰ ਭੁੱਖੇ ਪੇਟ ਹੀ ਸੌ ਜਾਂਦੇ ਹਨ। ਨਾ ਢਿੱਡ ਵਿੱਚ ਅੰਨ ਦਾ ਦਾਣਾ ਅਤੇ ਨਾ ਸਿਰ ਤੇ ਛੱਤ ਪੈਰਾਂ ਤੋਂ ਨੰਗੇ, ਵਿਚਾਰੇ ਬਿਮਾਰੀਆਂ ਨਾਲ ਘੁਲ ਘੁਲ ਕਿ ਆਖਰ ਦਮ ਤੋੜ ਦਿੰਦੇ ਹਨ ਅਤੇ ਦੇਸ਼ ਦੀ ਸੱਠ ਪ੍ਰਤੀ ਸ਼ਤ ਅਬਾਦੀ ਗ਼ਰੀਬੀ ਰੇਖਾ ਤੋਂ ਹੇਠਾ ਰਹੇ ਕਿ ਆਪਣਾ ਜੀਵਨ ਬਸਰ ਕਰਦੀ ਹੈ। ਪਰ ਮੋਦੀ ਸਾਹਬ ਤਾਂ ਨਵੇਂ ਤੋਂ ਨਵੇਂ ਸੰਦੇਸ਼ ਛੱਡਦੇ ਹਨ ਮੇਕ ਇਨ ਇੰਡੀਆਂ, ਡਿਜੀਟਲ



ਇੰਡੀਆ, ਠੀਕ ਹੈ ਡਿਜੀਟਲ ਹੋਣਾ ਚਾਹੀਦਾ ਹੈ । ਕੀ ਜਿਹੜੇ ਅੱਗੇ ਹੀ ਡਿਜੀਟਲ ਹਨ ਉਹਨਾਂ ਨੂੰ ਕੀ ਲੋੜ, ਲੋੜ ਤਾਂ ਹੈ ਗ਼ਰੀਬ ਅਤੇ ਮਜਦੂਰ ਦੇ ਸੁਫਨੇ ਡਿਜੀਟਲ ਕਰਨ ਦੀ ਜਿਹੜੇ ਆਸ ਦੇ ਸੁਮੰਦਰ ਵਿੱਚ ਤੈਰਦੇ ਤੈਰਦੇ ਮਹਿੰਗਾਈ ਰੂਪੀ ਮਗਰ ਮੱਛ ਨੇ ਹੜੱਪ ਲਏ। ਹਲਾਤ ਮਜਦੂਰ ਦੇ ਵੀ ਬੱਦ ਤੋਂ ਬੱਤਰ ਹੀ ਹਨ। ਇੱਕ ਕੰਮਾਉਣ ਵਾਲਾ ਬਾਕੀ ਸਭ ਖਾਣ ਵਾਲੇ ਜਿਹੜੇ ਮਨੁੱਖੀ ਜਾਮੇ ਵਿੱਚ ਹੁੰਦੇ ਹੋਏ ਮਨੁੱਖੀ ਜੀਵਨ ਜਿਉਣ ਤੋਂ ਵਾਂਝੇ ਹਨ। ਇਹਨਾਂ ਕਿਰਤੀਆਂ ਨੂੰ ਚੱੜਦੇ ਸੂਰਜ ਹੀ ਰੋਟੀ ਦੇ ਲਾਲੇ ਪਏ ਹੁੰਦੇ ਹਨ । ਪਹਿਲੀ ਗੱਲ ਦਿਹਾੜੀ ਨਹੀਂ ਮਿਲਦੀ ਜੇ ਮਿਲੇ ਤਾਂ ਤਿੰਨ ਸੌ ਅਤੇ ਗ਼ਰੀਬ ਦੇ ਹੱਕ ਤੇ ਡਾਕਾ ਅੱਡ ਕਾਨੂੰਨੀ ਮਾਪਦੰਡਾਂ ਮੁਤਾਬਕ ਅੱਠ ਘੰਟੇ ਤੋਂ ਵੱਧ ਕਿਰਤੀ ਤੋਂ ਕੰਮ ਕਰਾਉਂਣਾ ਕਾਨੂੰਨ ਅਪਰਾਧ ਹੈ । ਪਰ ਭਾਰਤ ਵਿੱਚ ਕਿਰਤੀ ਨੂੰ ਕੋਹਿਆ ਜਾ ਰਿਹਾ ਹੈ ਬਾਰਾ ਬਾਰਾ ਘੰਟੇ ਕੰਮ ਅਤੇ ਓਵਰ ਟਾਈਮ ਲਈ ਕੁੱਝ ਨਹੀਂ ਮਿਲਦਾ ਗ਼ਰੀਬ ਨੂੰ ਬਸ ਉੱਨੀ ਦਿਹਾੜੀ ਤੇ ਸਬਰ ਕਰਨਾਂ ਪੈਂਦਾਂ ਹੈ ਇੱਕ ਮਜਦੂਰ ਦੇ ਮਗਰ ਲੱਗਭੱਗ ਛੇ ਜਾਣੇ ਖਾਣ ਵਾਲੇ ਵਿੱਚੇ ਹੀ ਬੱਚਿਆ ਦੀ ਪੜਾਈ ਨਾਲ ਹੀ ਬੁੱਢੇ ਮਾਂ ਬਾਪ ਦੀ ਦਵਾਈ ਬਸ ਕੋਈ ਨੀ ਪੁਸ਼ਦਾ ਸਰਕਾਰਾਂ ਇਹਨਾਂ ਕਿਰਤੀਆਂ ਨੂੰ ਗਰੀਬ ਮੰਨਣ ਤੋਂ ਇੰਨਕਾਰ ਕਰਦੀਆਂ ਹਨ । ਇਹਨਾਂ ਕਿਰਤੀਆਂ ਦੇ ਪੱਲੇ ਪੈਣ ਵਾਲੀਆਂ ਸਕੀਮਾਂ ਦਾ ਵੀ ਦਿਵਾਲਾ ਨਿਕਲਇਆ ਹੈ । ਬੇਰੋਜਗਾਰੀ ਭੱਤੇ ਸਿਹਤ ਸਹੂਲਤਾਂ ਬੀਮਾਂ ਯੋਜਨਾਵਾਂ ਦੇ ਲਾਗੇ ਬੰਨੇ ਅਫਸਰਸ਼ਾਹੀ ਇਹਨਾਂ ਨੂੰ ਫਟਕਣ ਨਹੀਂ ਦਿੰਦੀ। ਪ੍ਰਾਈਵੇਟ ਹਸਪਤਾਲ, ਸਕੂਲ ਤਾਂ ਇਹ ਸੁਫਨੇ ਵਿੱਚ ਵੀ ਨਹੀਂ ਜਾ ਸਕਦੇ । ਸਗੋਂ ਸਰਕਾਰੀ ਹਸਪਤਾਲਾਂ ਦੀ ਸਰਦਲ ਤੇ ਚੱੜ੍ਹਨਾਂ ਵੀ ਇਹਨਾਂ ਲਈ ਸਰਾਫ ਬੱਣਦਾ ਜਾ ਰਿਹਾ ਹੈ । ਇਹਨਾਂ ਨੂੰ ਧੀਂਆ ਦੇ ਵਿਆਹਾ ਤੇ ਮਿਲਣ ਵਾਲੇ ਚਾਰ ਛਿਲੜਾ ਦਾ ਵੀ ਸਿਆਸੀ ਕਰਨ ਹੋ ਚੁੱਕਾ ਹੈ । ਇਸ ਵੇਲੇ ਬੋਝ ਦੀ ਪੰਡ ਚੁੱਕੀ ਖੜੇ ਮਜਦੂਰ ਦੇ ਪੈਰ ਵੀ ਲੜਖੜ੍ਹਾ ਰਹੇ ਹਨ, ਉਪਰੋਂ ਨੋਟਬੰਦੀ ਨੇ ਮਜੂਦਰ ਦੀਆਂ ਜੜ੍ਹਾ ਵਿੱਚ ਐਸਾ ਤੇਲ ਦਿੱਤਾ ਕਿ ਬੈਂਕਾ ਦੀ ਲਾਈਨਾ ਵਿੱਚ ਖਲੋਤਾ ਹੀ ਸੁੱਕ ਗਿਆ। ਇੱਕ ਦਿਨ ਕੰਮਾਉਣ ਲਈ ਅਤੇ ਤਿੰਨ ਦਿਨ ਬਦਲਾਉਣ ਲਈ ਜਿਹੜਾ ਨੋਟਬੰਦੀ ਦੌਰਾਨ ਮਜਦੂਰ ਤੱਪਕੇ ਨੇ ਦਰਦ ਹੰਡਾਇਆਂ ਹੈ ਉਹ ਕਥਨ ਕਰਨ ਤੋਂ ਬਹਾਰਾ ਹੈ । ਨੋਟਬੰਦੀ ਦੀ ਬਰੀਕ ਚੱਕੀ ਵਿੱਚ ਪੀਸੀਆ ਮਜਦੂਰ ਨਾ ਜਿਉਂਦਿਆ ਵਿੱਚ ਨਾ ਮਰਿਆ ਵਾਲੀ ਸਥਿਤੀ ਵਿੱਚ ਪੁੱਠਾ ਲੱਟਕ ਰਿਹਾ ਹੈ । ਪਰ ਸਿਆਸੀ ਆਪਣੀ ਤੂਤੀ ਵਜਾਈ ਜਾਂਦੇ ਹਨ । ਭਾਂਵੇ ਕਿ ਮਜਦੂਰ ਗ਼ਰੀਬਾਂ ਨੇ ਪਸੀਨੇ ਦੀ ਥਾਵੇ ਆਪਣਾ ਖੂਨ ਰੋੜ ਕਿ ਇੱਕ ਮਈ ਨੂੰ ਮਜਦੂਰ ਦਿਹਾੜਾ ਆਪਣੇ ਨਾਮ ਕਰਵਾ ਲਿਆ ਪਰ ਗ਼ਰੀਬ ਦਾ ਕੁੱਝ ਨਹੀਂ ਬਦਲਿਆ । ਸਰਕਾਰਾਂ ਵੀ ਇੱਕ ਮਈ ਨੂੰ ਮਜਦੂਰਾਂ ਨੂੰ ਮੁਬਾਰਕਵਾਦ ਦੇਣ ਤੱਕ ਹੀ ਸੀਮਤ ਹਨ । ਪਰ ਮਜਦੂਰ ਨੂੰ ਨਿਤ ਰੋਜ ਆਉਂਦੀਆਂ ਮੁਸ਼ਕਲਾਂ ਤੋਂ ਸਰਕਾਰ ਰਤੀ ਭਰ ਵੀ ਜਾਣੂ ਨਹੀਂ ਹੈ ।ਇੱਕ ਪਾਸੇ ਭਾਰਤ ਚਮਕ ਰਿਹਾ ਹੈ ਉੱਚੀਆਂ ਇਮਾਰਤਾਂ ਕਰਕੇ ਪਰ ਦੂਜੇ ਬੰਨੇ ਉੱਹਨਾਂ ਦੇ ਪੈਰਾਂ ਵਿੱਚ ਝੁਗੀਆਂ ਦੀ ਲੰਮੀ ਹੁੰਦੀ ਕਤਾਰ ਵੱਲ ਸ਼ਾਇਦ ਕਿਸੇ ਦਾ ਧਿਆਨ ਨਹੀਂ। ਦੇਸ਼ ਦੀ ਨੱਬੇ ਫੀਸਦੀ ਪੂੰਜੀ ਉਪਰ ਦੇਸ਼ ਦੇ ਢਾਈ ਤਿੰਨ ਸੌ ਪ੍ਰਵਾਰਾ ਦਾ ਕੱਬਜਾ ਹੋਣ ਕਰਕੇ ਗਰੀਬ ਅਤੇ ਅਮੀਰ ਦਾ ਪਾੜਾ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ । ਭਾਰਤ ਅੰਦਰ ਅਮੀਰ ਬੱਸ ਹੋਰ ਅਮੀਰ ਹੋਈ ਜਾ ਰਿਹਾ ਅਤੇ ਮਜਦੂਰ ਗ਼ਰੀਬ ਅਤੇ ਗ਼ਰੀਬ ਲਚਾਰ ਹੋਈ ਜਾ ਰਿਹਾ ਹੈ । ਇੱਕ ਬੰਨੇ ਭਾਰਤ ਅੱਗੇ ਵੱਧ ਰਿਹਾ ਹੈ ਦੂਜੇ ਬੰਨੇ ਇਸ ਦੇਸ਼ ਦੇ ਬਾਸ਼ਿੰਦੇ ਦੇਸ਼ ਅੰਦਰ ਗ਼ਰੀਬ, ਮਜਦੂਰ ਲੋਕਾਂ ਦੀ ਮਾਸੂਮੀਅਤ ਅਤੇ ਗ਼ਰੀਬੀ ਦਾ ਫਾਇਦਾ ਚੁੱਕ ਕੇ ਇਹਨਾਂ ਦਾ ਧਰਮ ਤਬਦੀਲ ਕਰਵਾ ਰਹੇ ਹਨ। ਅਜਿਹੀ ਹੋਸ਼ੀ ਮੱਤ ਕਾਰਨ ਭਾਰਤ ਅੱਗੇ ਵੱਧਣ ਨਾਲੋਂ ਲਗਾਤਾਰ ਪਿੱਛੇ ਤਿਲਕ ਰਿਹਾ ਹੈ । ਜੇਕਰ ਮੋਦੀ ਸਰਕਾਰ ਚੁਹੰਦੀ ਹੈ ਦੇਸ਼ ਨੂੰ ਅੱਗੇ ਵਧਾਉਣਾ ਤਾਂ ਦੇਸ਼ ਦੀਆਂ ਜੜ੍ਹਾ ਭਾਵ ਗ਼ਰੀਬ, ਮਜਦੂਰ ਨੂੰ ਮਜਬੂਤ ਕਰਨਾ ਹੋਵੇਗਾ ਜਿਹ ਇਹ ਮਜਬੂਤ ਹੋ ਗਏ ਫਿਰ ਦੇਸ਼ ਅੱਗੇ ਵੱਧੇਗਾ।

# ਸੰਭਲਣ ਦੀ ਜਰੂਰਤ



ਜਗਮੀਤ ਨੀਟਾ ਜੈਤੋ
91-88729-63883

2017 ਦੀ ਮਾਰਚ ਨੇ ਆਂਉਦਿਆ ਹੀ ਇੱਕ ਦਮ ਹਲਚਲ ਪੈਦਾ ਕਰ ਦਿੱਤੀ ਮਾਰਚ 'ਚ ਹੀ ਤਾਪਮਾਨ 40 ਡਿਗਰੀ ਦੇ ਪਾਰ ਚਲਾ ਗਿਆ 'ਤੇ ਅਪ੍ਰੈਲ ਨੇ ਤਾਂ 46 ਡਿਗਰੀ ਟੱਪ ਕੇ ਸਭ ਹੱਦਾਂ ਬੰਨੇ ਤੋੜ ਦਿੱਤੇ । ਸ਼ਿਮਲੇ 'ਚ ਮਾਰਚ 137 ਸਾਲਾ 'ਚ ਸਭ ਤੋਂ ਗਰਮ ਸੀ । ਇੱਕ ਰਿਸਰਚ ਮੁਤਾਬਿਕ ਪਿਛਲੇ 10 ਸਾਲਾਂ 'ਚ ਧਰਤੀ ਦਾ ਤਾਪਮਾਨ 4 ਡਿਗਰੀ ਵੱਧ ਚੁੱਕਾ ਹੈ ਤੇ 2035 ਤੱਕ ਇਹ 8 ਡਿਗਰੀ ਵੱਧ ਜਾਣ ਦਾ ਖਦਸ਼ਾ ਹੈ।

ਹੁਣ ਸੋਚੀਏ ਕਿ 4 ਡਿਗਰੀ ਨੇ ਮਾਰਚ 40 ਤੋਂ ਉਪਰ ਤਾਪਮਾਨ ਕਰ ਦਿੱਤੀ ਤਾਂ 8 ਡਿਗਰੀ ਮਾਰਚ ਨੂੰ ਕਿੱਥੇ ਲੈਜਾ ਸਕਦੀ ਹੈ । ਗੱਲ ਸਿਰਫ ਮਾਰਚ ਦਾ ਤਾਪਮਾਨ ਵਧਣ ਦੀ ਨਹੀਂ , ਗਲ ਤਾਪਮਾਨ ਵਧਣ ਨਾਲ ਹੋਣ ਵਾਲੇ ਨੁਕਸਾਨ ਦੀ ਹੈ। ਇਹ ਨੁਕਸਾਨ ਐਨੇ ਕੁ ਮਾੜੇ ਨੇ ਕਿ ਇਨਸਾਨ ਦੀ ਹੋਂਦ ਤੇ ਹੀ ਭਾਰੀ ਪੇ ਜਾਣਗੇ। ਸਾਡੀ ਧਰਤੀ ਕੋਲ 71% ਪਾਣੀ ਹੈ ਜਿਸ ਵਿੱਚੋਂ 97.5% ਪਾਣੀ ਸਮੁੰਦਰਾਂ ਵਿੱਚ ਹੈ ਜੋ ਕਿ ਨਾ ਪੀਣ ਯੋਗ ਹੈ। ਬਾਕੀ ਬਚਦਾ 2.5% ਪਾਣੀ ਨੂੰ ਫ੍ਰੈਸ਼ ਵਾਟਰ ਕਹਿ ਸਕਦੇ ਹਾਂ ਜੋ ਪੀਣ ਯੋਗ ਹੈ। ਇਸ 2.5% ਦਾ 70% ਜੰਮਿਆ ਹੋਇਆ ਰੂਪ ਯਾਨੀ ਗਲੈਸ਼ੀਅਰਾਂ ਵਿੱਚ ਜੋ ਪਾਣੀ ਜਮਾਂ ਹੈ ਉਹ ਹੈ ਇਹਨਾਂ ਦਾ 30% ਸਾਡੇ ਕੋਲ ਗਲੈਸ਼ੀਅਰਾਂ ਚੋਂ ਵਹਿ ਕੇ ਪਹੁੰਚਦਾ ਹੈ ਜਿਸ ਦਾ ਜ਼ਿਆਦਾ ਤਰ ਹਿਸਾ ਅਸੀਂ ਕਿਸਾਨੀ ਲਈ ਇੰਡਸਟਰੀ ਲਈ ਤੇ ਇਸ ਵਿੱਚੋਂ ਬਹੁਤ ਥੋੜਾ ਹਿਸਾ ਘਰੇਲੂ ਵਰਤੋ ਲਈ ਵਰਤ ਲੈਂਦੇ ਹਾਂ। ਬਾਕੀ ਬਚਿਆ ਪਾਣੀ ਨਦੀਆਂ ਨਹਿਰਾ ਰਾਹੀਂ ਸਮੰਦਰ 'ਚ ਚਲਿਆ ਜਾਂਦਾ ਹੈ ਜੋ ਕਿ ਨਾ ਵਰਤੋ ਯੋਗ ਹੋ ਜਾਂਦਾ ਹੈ।

ਦੋਸਤੋ ਬੀ ਬੀ ਸੀ ਦੀ ਇੱਕ ਰਿਪੋਟ ਮੁਤਾਬਿਕ 2016 ਵਿੱਚ ਕੀਤੀਆਂ ਗਈ ਰਿਸਰਚਾਂ ਅਨੁਸਾਰ ਇਸ ਸਦੀ ਵਿੱਚ ਸਮੰਦਰ ਦਾ ਪਾਣੀ ਪਿਛਲੀਆਂ 27 ਸਦੀਆਂ ਨਾਲੋਂ ਬਹੁਤ ਜਿਆਦਾ ਤੇਜੀ ਨਾਲ ਵੱਧਿਆ ਹੈ ਕਾਰਨ ਸਾਫ ਹੈ ਤਾਪਮਾਨ ਦੀ ਬੜੋਤਰੀ, ਹਾਲੇ ਤਾਂ ਸਿਰਫ 4 ਡਿਗਰੀ ਹੀ ਧਰਤੀ ਦਾ ਤਾਪਮਾਂਨ ਵੱਧਿਆ ਹੈ ਜਿਸ ਨੇ 27 ਸਦੀਆਂ ਦਾ ਰਿਕਾਰਡ ਤੋੜ ਦਿੱਤਾ ਹੈ ਤਾਂ ਸੋਚੋ 2035 'ਚ ਜਦੋ ਤਾਪਮਾਨ 8 ਡਿਗਰੀ ਵੱਧ ਜਾਵੇਗਾ ਤਾਂ ਸਾਡਾਂ ਪੀਣ ਵਾਲਾ ਪਾਣੀ ਕਿਸ ਤੇਜੀ ਨਾਲ ਗਲੇਸ਼ੀਅਰਾਂ ਚ' ਪਿਘਲ ਕੇ ਸਮੰਦਰ ਵਿੱਚ ਰਲਦਾ ਜਾਵੇਗਾ ਤਾਂ ਸਾਡੇ ਕੋਲ ਸਿਰਫ ਪਛਤਾਵੇ ਤੋ ਬਿਨਾਂ ਕੋਈ ਵੀ ਚੀਜ ਨਹੀ ਬੱਚੇਗੀ ।

ਇਨਸਾਂਨ ਤਾਂ ਕੀ ਧਰਤੀ ਦੇ ਹਰ ਪ੍ਰਾਣੀ ਮਾਤਰ ਲਈ ਜਿੰਦਾ ਰਹਿਣ ਵਸਤੇ ਪਾਣੀ ਬਹੁਤ ਹੀ ਜਿਆਦਾ ਜਰੂਰੀ ਹੈ। ਜੇ ਪਾਣੀ ਨਾਂ ਰਿਹਾ ਤਾਂ ਫਿਰ ਸਾਡੀ ਵੀ ਹੋਂਦ ਹੋ ਹੀ ਨਹੀ ਸਕਦੀ । ਕਹਿੰਦੇ ਇਨਸਾਂਨ ਆਪਣੇ ਆਪ ਨੂੰ ਬਿਲਕੁਲ ਵੀ ਪਿਆਰ ਨਹੀ ਕਰਦਾ ਪਰ ਅਪਣੇ ਬੱਚਿਆਂ ਲਈ ਕੁੱਝ ਵੀ ਕਰਨ ਲਈ ਤਿਆਰ ਹੋ ਜਾਂਦਾ ਹੈ। ਸਾਡੇ ਸੰਭਲਣ ਦਾ ਵੇਲਾ ਹੈ ਸਾਡੇ ਲਈ ਨਾਂ ਸਹੀ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਹੀ ਸਹੀ। ਮਿਨਤ ਹੈ ਮੇਰੀ ਸੰਭਲ ਜਾਊ ਸੰਭਲ ਜਾਊ।

ਸੰਭਲਣ ਲਈ ਵੀ ਸਾਨੂੰ ਇੱਕ ਖਾਸ ਗੱਲ ਤੇ ਧਿਆਨ ਦੇਣਾ ਪਵੇਗਾ ਕਿ ਪਿਛਲੇ ਸਾਲ ਅਸੀਂ ਸਾਰਿਆਂ ਨੇ ਰੱਲ ਕੇ 38 ਬਿਲੀਅਨ ਟੱਨ ਕਾਰਬਨ ਪੈਦਾ ਕੀਤੀ। ਹੁਣ ਹਿਸਾਬ ਲਗਾਈਏ ਸਾਡੇ ਹਿੱਸੇ ਕਿੰਨੀ ਆਈ। ਇੰਟਰਨੈਟ ਦੇ ਮੁਤਾਬਿਕ ਇੱਕ ਰੁੱਖ ਹਰ ਸਾਲ 3 ਕਿਲੋ ਕਾਰਬਨ ਸੋਖਦਾ ਹੈ ,300 ਰੁੱਖ ਮਿਲ ਕੇ ਇੱਕ ਸਾਲ ਚ' ਇਕ ਇਨਸਾਨ ਦੁਆਰਾ ਪੈਦਾ ਕੀਤਾ ਪ੍ਰਦੂਸ਼ਣ ਸੋਖ ਕੇ ਖਤਮ ਕਰ ਸਕਦੇ ਨੇ। ਸਾਨੂੰ 300 ਰੁੱਖ ਲਗਾਉਣੇ ਤਾਂ ਸੱਚਮੁਚ ਮੁਸ਼ਕਿਲ ਨੇ ਪਰ ਘੱਟੋ ਘੱਟ ਇੱਕ ਰੁਖ ਲਗਾ ਕੇ ਅਸੀਂ ਉਸ ਨੂੰ ਪਾਲ ਪਲੋਸ ਕੇ ਵੱਡਾ ਜਰੂਰ ਕਰੀਏ ਤਾਂ ਜੋ ਸਾਡੇ ਵਲੋ ਫੈਲਾਇਆ ਜਾ ਰਿਹਾ ਪਰਦੂਸ਼ਣ ਅਸੀਂ ਉਸ ਨੂੰ ਪੂਰਾ ਨਾਂ ਤਾਂ ਘੱਟੋ ਘੱਟ ਸਤਰ ਤੇ ਤਾਂ ਲੈਜਾ ਸਕੀਏ। ਦੂਸਰਾ ਰੁੱਖ ਲਗਾਉਣ ਦਾ ਇਹ ਫਾਇਦਾ ਹੈ ਕਿ ਇਹ ਪਾਣੀ ਨੂੰ ਬਾਰਿਸ਼ ਦੁਆਰਾ ਹੀ ਸਾਈਕਲ ਕਰ ਦਿੰਦਾ ਹੈ ਜੋ ਪਾਣੀ ਅਸੀਂ ਵੇਸਟ ਕਰਕੇ ਸਮੁੰਦਰ 'ਚ ਬਹਾ ਦਿੰਦੇ ਹਾਂ ਇਹ ਉਸ ਨੂੰ ਫਿਰ ਤੋਂ ਪੀਣ ਦੇ ਕਾਬਿਲ ਬਣਾ ਦਿੰਦਾ ਹੈ ਤੇ ਸਾਡੀ ਜਿੰਦਗੀ ਜੀਣ ਦੇ ਅਸਾਰ ਹੋਰ ਵੱਧਾ ਦਿੰਦਾ ਹੈ। ਦੋਸਤੋ ਇਸ ਵੱਧ ਰਹੀ ਪ੍ਰਦੂਸ਼ਣ ਦੀ ਸਮੱਸਿਆ ਜੋ ਸਾਡਾ ਜੀਵਣ ਹੀ ਲੀਲਣ ਲਈ ਖੜੀ ਹੋਈ ਹੈ ਇਸ ਦਾ ਇੱਕ ਬਚਾਅ ਜੋ ਸਭ ਤੋ ਵੱਧ ਕਾਰਗਰ ਹੈ ਉਹ ਹੈ ਰੁੱਖ ਲਗਾਉਣਾ। ਦੂਸਰਾ ਇਹ ਕਿ ਅਸੀਂ ਅਪਣੀ ਜਿੰਮੇਵਾਰੀ ਨੂੰ ਸਮਝਦੇ ਹੋਏ ਅਪਣੇ ਜੀਵਨ ਨੂੰ ਜੀਣ 'ਚ ਨਿੱਕੇ ਨਿੱਕੇ ਬਦਲਾ ਲਿਆ ਕੇ ਧਰਤੀ ਲਈ ਸ਼ਰਾਪ ਦਾ ਕਾਰਨ ਨਾਂ ਬਣਦੇ ਹੋਏ ਵਰਦਾਨ ਦਾ ਕਾਰਨ ਬਣੀਏ।

# ਕੀ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਲਈ, ਸਰਕਾਰ ਫੜ੍ਹੇਗੀ ਹੱਥ ਚ ਠੂਠਾ...

ਦਲਜੀਤ ਸਿੰਘ ਸਿਧਾਣਾ (91-94643 51318)

ਪੰਜਾਬ ਸਰਕਾਰ ਵੱਲੋਂ ਚੋਣ ਮੈਨੀਫੈਸਟੋ ਚ ਕੀਤਾ ਵਾਅਦਾ ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ ਵਾਲਾ ਪੂਰਾ ਕਰਨ ਲਈ ਪੰਜਾਬ ਦੇ ਖਜਾਨੇ ਚ ਫੁੱਟੀ ਕੌਡੀ ਵੀ ਨਹੀਂ ਪੰਜਾਬ ਦੇ ਖਜਾਨੇ ਨੂੰ ਟਿੱਡੀ ਦਲ ਵਾਗ ਚੱਟ ਕੇ ਤੁਰ ਗਈ ਪਿਛਲੀ ਬਾਦਲ ਪਰਿਵਾਰ ਦੀ ਸਰਕਾਰ ਜਿਸ ਕਾਰਨ ਆਪਣੇ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਕਾਂਗਰਸ ਦੀ ਸਰਕਾਰ ਕੋਲ ਹੋਰ ਕੋਈ ਚਾਰਾ ਨਹੀਂ ਸੀ ਜਿਸ ਕਾਰਨ ਉਹਨਾਂ ਨੇ ਇਸ ਵਾਅਦੇ ਨੂੰ ਪੂਰਾ ਕਰਨ ਲਈ ਇੱਕ ਨਵੀਂ ਸਕੀਮ ਸਾਹਮਣੇ ਲਿਆਂਦੀ ਹੈ । ਇਸ ਸਕੀਮ ਰਾਹੀ ਸਰਕਾਰ ਨੇ ਹੱਥ ਚ ਠੂਠਾ ਫੜ ਕੇ ਪ੍ਰਵਾਸੀ ਪੰਜਾਬੀਆ, ਅਮੀਰ ਘਰਾਣਿਆਂ ਤੇ ਇੰਡਸਟਰੀਆਂ ਦੇ ਮਾਲਕਾ ਤੋ ਸਰਕਾਰ ਦੀ ਯੋਜਨਾ ਅਨੁਸਾਰ 20000 ਹਜ਼ਾਰ ਕਰੋੜ ਦੇ ਬਾਂਡ ਜਾਰੀ ਕੀਤੇ ਜਾਣਗੇ ਜਿਸ ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ ਤੋ ਇਸ ਠੂਠੇ ਨੂੰ ਭਰਨ ਲਈ ਪ੍ਰਵਾਸੀ, ਧਨਾਢ ਤੇ ਫੈਕਟਰੀ ਵਾਲਿਆਂ ਦੇ ਮਿੰਨਤਾਂ ਤਰਲੇ ਕਰਨਗੇ। ਜਦੋਂ ਇਸ ਤਰੀਕੇ ਨਾਲ ਰੁਪਇਆ ਇਕੱਠਾ ਹੋ ਜਾਵੇਗਾ ਤਾਂ ਕਿਸਾਨਾਂ ਨੂੰ ਦਿੱਤਾ ਜਾਵੇਗਾ ਜਿਸ ਤੋ ਪਤਾ ਲੱਗ ਰਿਹਾ ਕੇ ਇਹ ਵਾਅਦਾ ਵਫ਼ਾ ਹੁੰਦਾ ਦਿਸ ਨਹੀਂ ਰਿਹਾ ਤੇ ਇੱਕ ਨੂੰ ਬਚਾਉਣ ਲਈ ਦੂਸਰੇ ਵਪਾਰੀ ਵਰਗ ਜਾ ਬੰਦ ਹੋਣ ਕਿਨਾਰੇ ਚਲ ਰਹੀਆਂ ਫੈਕਟਰੀਆਂ ਦੇ ਗਲ 'ਚ ਅੰਗੂਠਾ ਦੇ ਕੇ ਇੰਨਾ ਕੁ ਰੁਪਇਆ ਇਕੱਠਾ ਹੋ ਜਾਵੇਗਾ ਜਦੋਂ ਕੇ ਸਰਕਾਰ ਕੋਲ ਇਸ ਦੀ ਕੋਈ ਠੋਸ ਯੋਜਨਾ ਨਹੀਂ ਸੀ ਤਾਂ ਸੱਤਾਂ ਪ੍ਰਾਪਤ ਕਰਨ ਲਈ ਕਾਂਗਰਸ ਪਾਰਟੀ ਨੇ ਕਿਸਾਨਾਂ ਨੂੰ ਇਹ ਕਰਜ਼ੇ ਮੁਆਫ਼ ਕਰਨ ਦਾ ਲਾਲੀ ਪਾਪ ਕਿਉਂ ਦਿੱਤਾ ਗਿਆ । ਹਾਲਾਕਿ ਦੇਸ ਦੇ ਕੁਝ ਚਾਤਰ ਤੇ ਧਨਾਢ ਲੋਕ ਜਿੰਨਾ ਦੀ ਬਦੌਲਤ ਦੇਸ ਬਰਬਾਦ ਹੋ ਰਿਹਾ ਦੇਸ ਦਾ ਸਰਮਾਇਆ ਲੈ ਕੇ ਤਿੱਤਰ ਹੋ ਗਏ ਹਨ ਕੀ ਪੰਜਾਬ ਤੇ ਕੇਂਦਰ ਸਰਕਾਰ ਵਿਜੈ ਮਾਲੀਆ ਵਰਗੇ ਚੋਰ ਨੂੰ ਕਾਬੂ ਕਰਕੇ ਉਸ ਤੋ ਕਰਜ਼ੇ ਦੀ ਭਰਪਾਈ ਕੀਤੀ ਜਾ ਸਕਦੀ ਹੈ।









ਦੇਸ ਨੂੰ ਚੂਨਾ ਲਾਉਣ ਵਾਲੇ ਵਿਜੈ ਮਾਲੀਆ ਜੋ ਕੇ 7000 ਹਜ਼ਾਰ ਕਰੋੜ ਦਾ ਮਾਲਕ ਸੀ ਪਰ ਉਹ ਵੱਖ ਵੱਖ ਬੈਂਕਾਂ ਤੋ 9000 ਹਜ਼ਾਰ ਕਰੋੜ ਦਾ ਕਰਜ਼ ਲੈਕੇ ਰਫੂ ਚੱਕਰ ਹੋ ਗਿਆ। ਵਿਜੈ ਮਾਲੀਆ ਨੇ ਐਸ ਬੀ ਆਈ ਤੋ 1600 ਕਰੋੜ, ਪੀ ਐਨ ਬੀ ਤੋ 800 ਕਰੋੜ, ਆਈ ਬੀ ਡੀ ਆਈ ਤੋ 800 ਕਰੋੜ,ਬੈਕ ਆਫ਼ ਇੰਡੀਆ ਤੋ 650 ਕਰੋੜ, ਯੂਨਾਈਟਿਡ ਬੈਕ ਆਫ਼ ਇੰਡੀਆ ਤੋ430 ਕਰੋੜ, ਸੈਂਟਰਲ ਬੈਕ ਆਫ਼ ਇੰਡੀਆ ਤੋ 410 ਕਰੋੜ, ਯੂਕੋ ਬੈਕ ਤੋ 320 ਕਰੋੜ, ਕਾਰਪੋਰੇਸਨ ਬੈਕ ਤੋ 310 ਕਰੋੜ,ਸਟੇਟ ਬੈਕ ਆਫ਼ ਮੈਸੂਰ 150 ਕਰੋੜ, ਇੰਡੀਅਨ ਓਵਰਸੀਜ ਬੈਕ ਤੋ 140 ਕਰੋੜ, ਫੈਡਰਲ ਬੈਕ ਤੋ 90 ਕਰੋੜ, ਪੰਜਾਬ ਐਂਡ ਸਿੰਧ ਬੈਕ ਤੋ 60 ਕਰੋੜ, ਐਕਸਿਸ ਬੈਕ ਤੋ 50 ਕਰੋੜ ਲੈ ਕੇ 17 ਬੈਂਕਾਂ ਨੂੰ ਚੂਨਾ ਲਾ ਕੇ ਰਫੂ ਚੱਕਰ ਹੋ ਗਿਆ ਤੇ ਇੱਧਰ ਪੰਜਾਬ ਦੇ ਕਿਸਾਨ ਨੂੰ ਕਰਜ਼ਾ ਦੇਣ ਲਈ ਬੈਂਕਾਂ ਵਾਲੇ ਦੋ ਦੋ ਏਕੜ ਤੇ ਮਸਾਂ ਇੱਕ ਦੋ ਲੱਖ ਦੀ ਲਿਮਟ ਬੰਨਦੇ ਹਨ ਜੋ ਕਿਸਾਨਾਂ ਨਾਲ ਸਰਾਸਰ ਧੱਕਾ ਹੈ।

ਇਸ ਤੋ ਇਲਾਵਾ ਪੰਜਾਬ ਸਰਕਾਰ ਨੇ ਹਾਲੇ ਕੋਈ ਠੋਸ ਯੋਜਨਾ ਨਹੀਂ ਬਣਾਈ ਕੇ ਕਿਸਾਨਾਂ ਦਾ ਕਰਜ਼ਾ ਕਿਵੇਂ ਤੋ ਕਿੰਨਾ ਮੁਆਫ਼ ਕਰਨਾ ਹੈ । ਠੂਠਾ ਫੜ ਕੇ ਮੰਗਣ ਵਾਲੇ ਵਾਲੇ ਰੁਪਇਆ ਤੇ ਸਰਕਾਰ ਨੇ ਦਾਨ ਕਰਨ ਵਾਲਿਆਂ ਨੂੰ 7 ਸਾਲਾ ਤੱਕ ਕੋਈ ਵਿਆਜ ਨਹੀਂ ਦੇਣਾ ਤੇ ਇਸ ਤਰਾ ਪ੍ਰਾਪਤ ਹੋਈ ਰਕਮ ਜੋ ਅੰਦਾਜ਼ੇ ਅਨੁਸਾਰ 8000 ਹਜ਼ਾਰ ਕਰੋੜ ਬਣਦੀ ਹੈ ਉਸ ਨੂੰ ਅੱਗੇ ਵਿਆਜ ਤੇ ਦੇ ਕੇ ਜੋ ਆਮਦਨ ਹੋਵੇਗੀ ਉਸ ਨਾਲ ਹਰ ਸਾਲ ਕਰਜ਼ਾ ਮੁਆਫ਼ ਕਰਨ ਦੀ ਸਕੀਮ ਹੈ।

ਇੱਕ ਮੋਟੇ ਅੰਦਾਜ਼ੇ ਅਨੁਸਾਰ ਖੇਤੀ ਕਰਜ਼ੇ ਜੋ ਬੈਂਕਾਂ , ਆੜ੍ਹਤੀਆਂ, ਜਾ ਸਹਿਕਾਰੀ ਸਭਾਵਾਂ ਦੇ ਕੁਲ ਮਿਲਾ ਕੇ 63000 ਹਜ਼ਾਰ ਕਰੋੜ ਤੋ 77000 ਹਜ਼ਾਰ ਕਰੋੜ ਦੇ ਬਣਦੇ ਹਨ। ਇਸ ਵੇਲੇ 30 ਲੱਖ ਕਿਸਾਨ ਕਰਜ਼ੇ ਹੇਠ ਦੱਬਿਆ ਹੋਇਆ ਹੈ ਤੇ ਮਾਹਰਾ ਨੇ ਇਸ ਯੋਜਨਾ ਤੇ ਉਗਲਾਂ ਉਠਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਕਿਉਂ ਕੇ ਅਮੀਰ ਵਰਗ ਬਿਨਾ ਵਿਆਜ ਤੋ ਸਰਕਾਰ ਨੂੰ ਸੱਤ ਸਾਲ ਵਾਸਤੇ ਰੁਪਇਆ ਕਿਉਂ ਦੇਵੇਗਾ ਜਦੋਂ ਕੇ ਸਰਕਾਰ ਦੀ ਮਿਆਦ ਪੰਜ ਸਾਲ ਹੈ। ਇਸ ਤੋ ਇਲਾਵਾ ਪੰਜਾਬ ਸਰਕਾਰ ਜੇ ਪ੍ਰਤੀ ਕਿਸਾਨ ਇੱਕ ਲੱਖ ਰੁਪਏ ਵੀ ਮੁਆਫ਼ ਕਰਦੀ ਹੈ ਤਾਂ ਵੀ 30000 ਹਜ਼ਾਰ ਕਰੋੜ ਰੁਪਏ ਬਣਦੇ ਹਨ ਫੇਰ 20000 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਮੁਆਫ਼ ਕਰਨ ਦੀ ਸਕੀਮ ਦਾ ਸਿਰੇ ਲੱਗਣਾ ਮੁਸ਼ਕਿਲ ਹੈ।

# ਫੋਕੀਆਂ ਫੜ੍ਹਾਂ

ਦੂਜੇ ਦੇ ਘਰਾਂ ਨੂੰ
ਅੱਗ ਲਾਉਣ ਵਾਲਿਉ
ਚੋਰਾਂ ਵਾਂਗ ਲੁਕ ਲੁਕ
ਆਉਣ ਵਾਲਿਓ।
ਫੋਕੀਆਂ ਫੜਾਂ ਨਾ ਕਦੇ, ਜਿੱਤੇ ਨਹੀਂ ਮੈਦਾਨ ਜਾਂਦੇ
ਇੰਡੀਆ ਦੇ ਨਾਲ ਮੱਥਾ ਲਾਉਣ ਵਾਲਿਓ।
ਖੜ੍ਹੇ ਆਂ ਮੈਦਾਨ ਵਿਚ
ਸੀਨਾ ਤਾਣ ਕੇ
ਦਮ ਹੈ ਤਾਂ ਜੰਗ
ਵਿਚ ਵੇਖੋ ਆਣਕੇ
ਲੁਕ ਲੁਕ ਛੁਰੀਆਂ ਚਲਾਉਣ ਵਾਲਿਉ
ਫੋਕੀਆਂ ਫੜਾਂ ਦੇ ਨਾ ਕਦੇ, ਜਿੱਤੇ ਨਹੀਂ ਮੈਦਾਨ ਜਾਂਦੇ
ਇੰਡੀਆ ਦੇ ਨਾਲ ਮੱਥਾ ਲਾਉਣ ਵਾਲਿਓ।
ਮੀਂਹ ਦੇ ਵਾਂਗ ਜਦੋਂ
ਅਸੀਂ ਗੋਲੀਆਂ ਵਰ੍ਹਾਉਣੀਆਂ
ਸੂਤੇ ਜਾਣੇ ਸਾਹ
ਸਲਵਾਰਾਂ ਭਿੱਜ ਜਾਣੀਆਂ।
ਮੰਜੇ ਖੜ੍ਹੇ ਕਰਕੇ ਨਹਾਉਣ ਵਾਲਿਓ
ਫੋਕੀਆਂ ਫੜ੍ਹਾਂ ਨਾ ਕਦੇ, ਜਿੱਤੇ ਨਹੀਂ ਮੈਦਾਨ ਜਾਂਦੇ
ਇੰਡੀਆ ਦੇ ਨਾਲ ਮੱਥਾ ਲਾਉਣ ਵਾਲਿਓ।
ਹਰੀ ਸਿੰਘ ਨਲੂਏ ਦੇ
ਵਾਂਗ ਸੱਕ ਲਾਵਾਂਗੇ
'ਨੂਰਪੁਰੀ' ਦੋ ਦੋ ਹੱਥ
ਕਰਕੇ ਵਿਖਾਵਾਂਗੇ।
ਖੁਸਰਿਆਂ ਨਾ ਡੌਲਕੀ ਵਜਾਉਣ ਵਾਲਿਓ
ਫੋਕੀਆਂ ਫੜ੍ਹਾਂ ਨਾ ਕਦੇ ਜਿੱਤੇ ਨਹੀਂ ਮੈਦਾਨ ਜਾਂਦੇ
ਇੰਡੀਆ ਦੇ ਨਾਲ ਮੱਥਾ ਲਾਉਣ ਵਾਲਿਓ।

**– ਗੁਰਦਿਆਲ ਸਿੰਘ 'ਨੂਰਪੁਰੀ'**
408-659-5880

# ਉਧਾਰਬਾਜ਼ੀ



ਦੇਕੇ ਮਦਦ ਪੈਸਿਆਂ ਦੀ ਅੱਜ ਕੱਲ ਪਛਤਾਉਣਾ ਪੈਂਦਾ ਹੈ
ਵਾਪਿਸ ਲੈਣ ਦੀ ਖਾਤਿਰ ਸਾਰਾ ਜ਼ੋਰ ਲਗਾਉਣਾ ਪੈਂਦਾ ਹੈ ।

ਬੰਦਾ ਪੂਰਾ ਮਿੱਠਾ ਬਣਦਾ ਹੈ ਹੁੰਦੀ ਹੈ ਜਦ ਲੋੜ ਕੋਈ
ਲੈਕੇ ਪੈਸੇ ਇੰਝ ਦਿਖਾਵੇ ਉਸਨੂੰ ਨਾ ਹੈ ਹੁਣ ਥੋੜ ਕੋਈ ।

ਝੂਠੇ ਬੰਦੇ ਉਧਰ ਦੀ ਖ਼ਾਤਿਰ ਘੜਦੇ ਨਿੱਤ ਸਕੀਮਾਂ
ਨਸ਼ਿਆਂ ਵਿੱਚ ਉਡਾਉਂਦੇ ਬਾਹਲੇ ਖਾਕੇ ਚਰਸਾਂ ਅਫੀਮਾਂ ।

ਆਪਾਂ ਕਿਹੜਾ ਹੁਣ ਭੱਜ ਚੱਲੇ ਆਂ ਇੱਥੇ ਹੀ ਰਹਿਨੇ ਆਂ
ਬੁਰੇ ਵਕਤ ਵਿੱਚ ਸਾਥ ਦਿਓ ਅਸੀਂ ਵੀ ਤਾਂ ਸਹਿਨੇ ਆਂ ।

ਤੁਹਾਡਾ ਪੈਸਾ ਨਾ ਕੀਤੇ ਵੀ ਚੱਲਿਆ ਲਿਓ ਆਵਾਜ਼ ਮਾਰਕੇ
ਸਾਡੇ ਤੇ ਅਹਿਸਾਨ ਕਰੋ ਕੰਮ ਬੁਰੇ ਵਕਤ
ਵਿੱਚ ਸਾਰਕੇ ।

ਫਿਰ ਪੈਸਾ ਲੈਕੇ ਹੁੰਦੇ ਐਸੇ ਤਿੱਤਰ ਨਜ਼ਰ ਨਾ ਆਉਂਦੇ ਨੇ
ਲੈਣ ਵਾਲੇ ਫਿਰ ਸੌ ਸੌ ਚੱਕਰ ਘਰ ਇਹਨਾਂ ਦੇ ਲਾਉਂਦੇ ਨੇ ।

ਘਸ ਜਾਂਦੇ ਨੇ ਜੋੜੇ ਕਈ ਪੈਸੇ ਵਾਪਿਸ ਮੰਗਦਿਆਂ ਦੇ
ਸਦਕੇ ਜਾਵਾਂ ਉਹਨਾਂ ਦੇ ਮੈਂ ਖਚਰੀ "ਖੰਗ" ਖੰਗਦਿਆਂ ਦੇ ।

ਨਾ ਮੋੜਨ ਵਾਲੇ ਅੱਗੇ ਤੋਂ ਕੰਨਾਂ ਨੂੰ ਹਥ ਲਗਵਾ ਜਾਂਦੇ
ਇਹੋ ਜਿਹੇ ਬੰਦੇ ਤਾਂ ਹਰ ਇੱਕ ਤੋਂ ਵਿਸ਼ਵਾਸ਼ ਉਠਾ ਜਾਂਦੇ ।

**– ਹਰਦੀਪ ਬਿਰਦੀ, ਲੁਧਿਆਣਾ**
91-90416-00900

# ਪੰਜਾਬੀ ਲੇਖਿਕਾ 'ਗੁਰਦੀਸ਼ ਕੌਰ ਗਰੇਵਾਲ' ਦੀਆਂ ਦੋ ਪੁਸਤਕਾਂ ਦਾ ਪਾਠਕ ਅਰਪਣ








ਚੰਦ ਸਿੰਘ ਸਦਿਓੜਾ (ਕੈਲਗਰੀ ਰਿਪੋਰਟਰ)- 'ਸੰਸਾਰ ਪੁਸਤਕ ਦਿਵਸ' ਤੇ ਵਿਸ਼ੇਸ਼ -"ਪੁਸਤਕਾਂ ਮਨੁੱਖ ਦੁਆਰਾ ਸਿਰਜੇ ਸਾਰੇ ਚਮਤਕਾਰਾਂ 'ਚੋਂ ਸਭ ਤੋਂ ਵੱਡਾ ਚਮਤਕਾਰ ਹੈ"- ਮੈਕਸਿਮ ਗੋਰਕੀ

23 ਅਪ੍ਰੈਲ, 2017 ਦੀ ਬਾਅਦ ਦੁਪਹਿਰ, ਕੈਲਗਰੀ ਸ਼ਹਿਰ ਦੇ ਐਕਸ-ਸਰਵਿਸਮੈਨ ਐਸੋਸੀਏਸ਼ਨ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਦੀ ਸਿਰਜਣਾ ਕੀਤੀ ਗਈ। ਜਿਸ ਵਿੱਚ ਪੰਜਾਬੀ ਭਾਸ਼ਾ ਦੀ ਜਾਣੀ ਪਹਿਚਾਣੀ ਲੇਖਿਕਾ ਸ਼੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਦੀਆਂ ਦੋ ਪੁਸਤਕਾਂ- 'ਸਰਘੀ ਦਾ ਸੁਰਜ' ਕਾਵਿ- ਸੰਗ੍ਰਹਿ ਅਤੇ 'ਮੋਹ ਦੀਆਂ ਤੰਦਾਂ' ਨਿਬੰਧ-ਸੰਗ੍ਰਹਿ ਦਾ ਵਿਧੀਵਤ ਲੋਕ ਅਰਪਣ ਕੀਤਾ ਗਿਆ।

ਸ਼ਮਾਗਮ ਦੀ ਸ਼ੁਰੂਆਤ ਕਰਦੇ ਹੋਏ, ਸੂਝਵਾਨ ਮੰਚ ਸੰਚਾਲਕ ਬੀਬਾ ਨਵਪ੍ਰੀਤ ਰੰਧਾਵਾ ਨੇ, ਸਤਿਕਾਰਤ ਸ਼ਬਦਾਂ ਵਿੱਚ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਕੋ-ਆਰਡੀਨੇਟਰ ਡਾ. ਬਲਵਿੰਦਰ ਕੌਰ ਬਰਾੜ, ਲੇਖਿਕਾ ਸ਼੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ, ਨਾਮਵਰ ਗਜ਼ਲਗੋ ਮਹਿੰਦਰਪਾਲ ਐਸ ਪਾਲ, ਭਾਰਤ ਤੋਂ ਵਿਸ਼ੇਸ਼ ਤੌਰ ਤੇ ਆਏ ਸਾਹਿਤਕਾਰ ਸੁਸ਼ੀਲ ਦੁਸਾਂਝ ਅਤੇ ਮੇਜਰ ਦਲਬੀਰ ਸਿੰਘ ਮੱਲ੍ਹੀ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ੁਸ਼ੋਭਿਤ ਕਰਵਾਇਆ। ਮੰਚ ਸੰਚਾਲਿਕਾ ਨੇ ਸ਼੍ਰੀ ਮਤੀ ਗੁਰਦੀਸ਼ ਗਰੇਵਾਲ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹਨਾਂ ਦਾ ਜਨਮ 1950 ਵਿੱਚ, ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ, ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ। ਉੱਚ ਵਿਦਿਆ ਪ੍ਰਾਪਤੀ ਉਪਰੰਤ, ਲੰਬੇ ਸਮੇਂ ਤੱਕ ਪੰਜਾਬ ਸਿਖਿਆ ਵਿਭਾਗ ਵਿੱਚ ਸੇਵਾ ਨਿਭਾਉਣ ਮਗਰੋਂ- ਕੈਨੇਡਾ ਪਰਵਾਸ ਉਪਰੰਤ, ਟੋਰੰਟੋ ਤੇ ਸਰ੍ਹੀ ਵਿੱਚ ਆਪਣੀ ਸਾਹਿਤਕ ਪਛਾਣ ਬਣਾਉਂਦੇ ਹੋਏ, ਕੁੱਝ ਸਮੇਂ ਤੋਂ ਪਰਿਵਾਰ ਸਮੇਤ ਕੈਲਗਰੀ ਆ ਟਿਕੇ ਹਨ। ਭਾਵੇਂ ਲੇਖਿਕਾ ਦੀ ਕਲਮ ਨੇ 1973 ਤੋਂ ਹੀ ਪਰਵਾਜ਼ ਭਰਨੀ ਸ਼ੁਰੂ ਕਰ ਦਿੱਤੀ ਸੀ- ਲੇਕਿਨ 2011 ਵਿੱਚ 'ਹਰਫ਼ ਯਾਦਾਂ ਦੇ', 2013 ਵਿੱਚ 'ਸੋਚਾਂ ਦੇ ਸਿਰਨਾਵੇਂ' ਅਤੇ 2014 ਵਿੱਚ 'ਜਿਨੀ ਨਾਮੁ ਧਿਆਇਆ' ਤੋਂ ਬਾਅਦ ਹੁਣ 2017 ਵਿੱਚ 'ਸਰਘੀ ਦਾ ਸੁਰਜ' ਅਤੇ 'ਮੋਹ ਦੀਆਂ ਤੰਦਾਂ'- ਕੁੱਲ ਪੰਜ ਸੁੱਚੇ ਮੋਤੀ ਪੰਜਾਬੀ ਸਾਹਿਤ ਦੀ ਝੋਲੀ ਪਾ, ਮਾਂ ਬੋਲੀ ਦਾ ਮਾਣ ਵਧਾਇਆ ਹੈ।

ਸੰਸਥਾ ਦੀ ਕੋਆਰਡੀਨੇਟਰ ਡਾ. ਬਲਵਿੰਦਰ ਬਰਾੜ ਨੇ ਸਮੁੱਚੀ ਇਕੱਤਰਤਾ ਨੂੰ 'ਜੀ ਆਇਆਂ' ਕਹਿਣ ਉਪਰੰਤ, ਦਰਸ਼ਕਾਂ ਨਾਲ ਆਪਣੇ ਬੋਲਾਂ ਦੀ ਸਾਂਝ ਪਾਉਂਦੇ ਹੋਏ ਕਿਹਾ ਕਿ- 'ਪਾਠਕਾਂ ਦਾ ਹੁੰਗਾਰਾ ਕਿਸੇ ਵੀ ਲੇਖਕ ਲਈ ਲਾਈਫ ਲਾਈਨ ਹੁੰਦਾ ਹੈ'। ਵਾਰਤਕ ਦੀ ਪੁਸਤਕ 'ਮੋਹ ਦੀਆਂ ਤੰਦਾਂ' ਬਾਰੇ ਵਿਚਾਰ ਚਰਚਾ ਕਰਦੇ ਹੋਏ ਉਹਨਾਂ ਕਿਹਾ ਕਿ- ਲੇਖਿਕਾ ਨੇ ਲੋਕ ਪੱਧਰ ਤੇ ਜਾ ਕੇ ਉਹ ਵਿਸ਼ੇ ਚੁਣੇ ਹਨ, ਜਿਹਨਾਂ ਰਾਹੀਂ ਮਨੁੱਖ ਨੂੰ ਸੇਧ ਤੇ ਸਿੱਖਿਆ ਦਿੱਤੀ ਜਾ ਸਕੇ।

ਸ. ਜਸਵੰਤ ਸਿੰਘ ਸੇਖੋਂ ਅਤੇ ਅਮਰੀਕ ਸਿੰਘ ਚੀਮਾ ਨੇ-'ਲੱਥਣਾ ਨਹੀਂ ਰਿਣ ਸਾਥੋਂ, ਬਾਜਾਂ ਵਾਲੇ ਮਾਹੀ ਦਾ' ਗੁਰਦੀਸ਼ ਗਰੇਵਾਲ ਦੁਆਰਾ ਰਚਿਤ ਗੀਤ ਗਾ ਕੇ ਸ਼ੁਰੂਆਤ ਵਿੱਚ ਸਮਾਗਮ ਨੂੰ ਧਾਰਮਿਕ ਰੰਗਤ ਦੇ ਦਿੱਤੀ। ਕੈਲਗਰੀ ਦੀ ਜਾਣੀ ਪਛਾਣੀ ਲੇਖਿਕਾ ਗੁਰਚਰਨ ਥਿੰਦ ਨੇ ਬਹੁ ਵਿਧਾਵਾਂ ਵਾਲੀ ਕਾਵਿ ਪੁਸਤਕ 'ਸਰਘੀ ਦਾ ਸੂਰਜ' ਬਾਰੇ ਸਾਂਝ ਪਾਉਂਦਿਆਂ ਕਿਹਾ ਕਿ ਲੇਖਿਕਾ ਨੇ ਗੀਤ, ਕਵਿਤਾ, ਗਜ਼ਲ ਤੇ ਦੋਹੇ ਆਦਿ ਹਰ ਵਿਧਾ ਤੇ ਕਲਮ ਅਜ਼ਮਾਈ ਕਰਦੇ ਹੋਏ- ਸਮਾਜਿਕ ਬਦਲਾਵਾਂ, ਅੰਦਰੂਨੀ ਟੁੱਟ ਭੱਜ ਅਤੇ ਅਜੋਕੇ ਮਨੁੱਖ ਦੀ ਪਦਾਰਥਵਾਦੀ ਸੋਚ ਦੀ, ਸਫਲਤਾ ਨਾਲ ਪਾਠਕਾਂ ਨਾਲ ਸਾਂਝ ਪਾਉਣ ਦਾ ਯਤਨ ਕੀਤਾ ਹੈ। ਕੈਲਕਰੀ ਵਸਦੇ ਸੁਰੀਲੇ ਗਾਇਕ ਰਵੀ ਜਨਾਗਲ ਨੇ ਲੇਖਿਕਾ ਦੀ ਗਜ਼ਲ- 'ਹਉਕੇ ਤੇ ਹਾਵਿਆਂ ਨੂੰ ਨਾ ਦਿੱਲ 'ਚ ਪਾਲ਼ ਰੱਖਣਾ। ਜੇ ਹੋ ਸਕੇ ਤਾਂ ਸੱਜਣਾ ਹਾਸੇ ਸੰਭਾਲ ਰੱਖਣਾ।' ਤਰੰਨਮ ਵਿੱਚ ਸੁਣਾ ਕੇ ਸਮੁੱਚੇ ਇਕੱਠ ਨੂੰ ਮੰਤਰ ਮੁਗਧ ਕਰ ਦਿੱਤਾ। ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਪਧਾਰੇ ਨਾਮਵਰ ਸਾਹਿਤਕਾਰ ਅਤੇ 'ਹੁਣ' ਮੈਗਜ਼ੀਨ ਦੇ ਸੰਪਾਦਕ, ਸ਼੍ਰੀ ਸੁਸ਼ੀਲ ਦੁਸਾਂਝ- ਜੋ ਐਡਮੰਟਨ ਤੋਂ ਆਪਣੇ ਸਾਥੀਆਂ- 'ਨਵੀਂ ਦੁਨੀਆਂ' ਦੇ ਸੰਪਾਦਕ ਸ਼੍ਰੀ ਨਵਤੇਜ ਬੈਂਸ ਅਤੇ ਜਸਬੀਰ ਦਿਓਲ ਨਾਲ ਆਏ ਸਨ- ਨੇ ਕਿਹਾ ਕਿ ਸ਼੍ਰੀ ਮਤੀ ਗੁਰਦੀਸ਼ ਗਰੇਵਾਲ ਦੀ ਕਵਿਤਾ 'ਚੋਂ ਆਸ ਦੀ ਕਿਰਨ ਦਿਖਾਈ ਦਿੰਦੀ ਹੈ। ਦਰਸ਼ਕਾਂ ਦੀ ਜ਼ੋਰਦਾਰ ਮੰਗ ਤੇ ਉਹਨਾਂ ਨੇ ਆਪਣੀਆਂ ਦੋ ਭਾਵਪੂਰਤ ਗਜ਼ਲਾਂ ਨਾਲ ਭਰਵੀਂ ਹਾਜ਼ਰੀ ਲਵਾਈ।

ਉਪਰੰਤ ਕੈਮਰਿਆਂ ਦੀ ਚਮਚਮਾਹਟ, ਕਲਿੱਕ ਕਲਿੱਕ ਅਤੇ ਤਾੜੀਆਂ ਦੀ ਗੜਗੜਾਹਟ ਵਿੱਚ, ਕੈਲਗਰੀ ਸਕਾਈਵਿਊ ਤੋਂ ਮੈਂਬਰ ਪਾਰਲੀਮੈਂਟ ਸ਼੍ਰੀ ਦਰਸ਼ਨ ਕੰਗ, ਪ੍ਰਧਾਨਗੀ ਮੰਡਲ ਅਤੇ ਹੋਰ ਪਤਵੰਤੇ ਸੱਜਣਾ ਵਲੋਂ ਲੇਖਿਕਾ ਦੀਆਂ ਦੋਨੋਂ ਪੁਸਤਕਾਂ- 'ਸਰਘੀ ਦਾ ਸੂਰਜ' ਅਤੇ 'ਮੋਹ ਦੀਆਂ ਤੰਦਾਂ' ਨੂੰ ਪਾਠਕ ਅਰਪਣ ਕੀਤਾ ਗਿਆ। ਮਾਣਯੋਗ ਦਰਸ਼ਨ ਕੰਗ ਨੇ ਲੇਖਿਕਾ ਨੂੰ ਉਹਨਾਂ ਦੇ ਸਾਹਿਤਕ ਯੋਗਦਾਨ ਲਈ ਸਨਮਾਨ ਪੱਤਰ ਪ੍ਰਦਾਨ ਕੀਤਾ।

ਲੇਖਿਕਾ ਨੇ ਮੁੱਖ ਮਹਿਮਾਨ ਸ਼੍ਰੀ ਦਰਸ਼ਨ ਕੰਗ ਅਤੇ ਵਿਸ਼ੇਸ਼ ਮਹਿਮਾਨ ਸੁਸ਼ੀਲ ਦੁਸਾਂਝ ਨੂੰ ਆਪਣੀਆਂ ਪੁਸਤਕਾਂ ਦੇ ਸੈੱਟ ਭੇਟ ਕੀਤੇ। ਸਰੋਤਿਆਂ ਨਾਲ ਸਾਂਝ ਪਾਉਂਦਿਆਂ ਦਰਸ਼ਨ ਕੰਗ ਜੀ ਨੇ ਲੇਖਿਕਾ ਵਲੋਂ ਪਾਏ ਜਾ ਰਹੇ ਸਾਹਿਤਕ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ- ਕੈਨੇਡਾ ਵਿੱਚ ਪੰਜਾਬੀ ਤੀਜੀ ਭਾਸ਼ਾ ਵਜੋਂ ਬੋਲੀ ਜਾਂਦੀ ਹੈ ਤੇ ਸਾਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਉਹਨਾਂ ਪੰਜਾਬੀ ਮੀਡੀਆ ਦੀ ਹਾਜ਼ਰੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਪੰਜਾਬੀ ਭਾਈਚਾਰੇ ਦੇ ਸੂਝਵਾਨ ਗਾਇਕ, ਹਰਜੀਤ ਗਿੱਲ ਨੇ ਲੇਖਿਕਾ ਦਾ ਗੀਤ- 'ਆ ਪੁੱਤਰਾ ਤੈਨੂੰ ਮੈਂ ਤੇਰੇ ਪਿੰਡ ਦਾ ਹਾਲ ਸੁਣਾਵਾਂ, ਜਿਹੜੇ ਪਿੰਡ ਵਿੱਚ ਤੂੰ ਪ੍ਰਦੇਸੋਂ ਭੇਜੇਂ ਨਿੱਤ ਦੁਆਵਾਂ' ਅਤੇ ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਸ਼੍ਰੀ ਤਰਲੋਚਨ ਸੈਂਭੀ ਨੇ- ਗੁਰਦੀਸ਼ ਗਰੇਵਾਲ ਲਿਖਿਤ ਦੋਹੇ, ਬੁਲੰਦ ਆਵਾਜ਼ ਵਿੱਚ ਗਾ ਕੇ ਰੰਗ ਬੰਨ੍ਹ ਦਿੱਤਾ। ਸ਼੍ਰੀ ਮਹਿੰਦਰਪਾਲ ਵਲੋਂ 'ਸਰਘੀ ਦਾ ਸੂਰਜ' ਅਤੇ ਇਸ ਸ਼ਹਿਰ ਦੀ ਨੌਜਵਾਨ ਸਾਹਿਤਕ ਹਸਤੀ ਅਤੇ ਮੀਡੀਆ ਕਰਮੀ ਸ਼੍ਰੀ ਬਲਜਿੰਦਰ ਸੰਘਾ ਵਲੋਂ 'ਮੋਹ ਦੀਆਂ ਤੰਦਾਂ' ਤੇ ਵਿਸ਼ੇਸ਼ ਪੇਪਰ ਪੜ੍ਹੇ ਗਏ। ਸ਼੍ਰੀ ਮਤੀ ਗੁਰਦੀਸ਼ ਗਰੇਵਾਲ ਦੇ ਬੇਟੇ- ਡਾ. ਸਨੀ ਗਰੇਵਾਲ, ਨੇ ਸਮੁੱਚੀ ਇਕੱਤਰਤਾ ਦਾ ਧੰਨਵਾਦ ਕੀਤਾ। ਸ਼੍ਰੀ ਤਰਲੋਕ ਚੁੱਘ ਵਲੋਂ, ਇੱਕ ਪਾਠਕ ਵਜੋਂ ਲੇਖਿਕਾ ਦਾ ਸਮਾਜਿਕ ਕਿਰਤਾਂ ਲਿਖਣ ਲਈ ਧੰਨਵਾਦ ਕਰਦੇ ਹੋਏ, ਹਲਕਾ ਫੁਲਕਾ ਹਾਸ-ਵਿਅੰਗ ਵੀ ਸਾਂਝਾ ਕੀਤਾ ਗਿਆ। ਸ਼੍ਰੀ ਦਲਬੀਰ ਸਿੰਘ ਮੱਲ੍ਹੀ ਨੇ, ਲੇਖਿਕਾ ਦੀਆਂ ਲਿਖਤਾਂ ਨਾਲ ਪ੍ਰਪੱਕ ਸਾਂਝ ਵਜੋਂ, ਉਸਦੀ ਲਿਖੀ ਹੋਈ ਕਵਿਤਾ ਸਾਂਝੀ ਕੀਤੀ।

ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਵਲੋਂ ਆਯੋਜਿਤ ਇਸ ਭਰਵੇਂ ਇਕੱਠ ਵਿੱਚ, ਭਾਈਚਾਰੇ ਦੇ ਪਤਵੰਤੇ ਭੈਣਾਂ ਭਰਾਵਾਂ ਤੋਂ ਇਲਾਵਾ-ਸਾਰੀਆਂ ਪ੍ਰਮੁੱਖ ਸੀਨੀਅਰ ਸੰਸਥਾਵਾਂ, ਸਾਰੀਆਂ ਲਿਖਾਰੀ ਸਭਾਵਾਂ, ਹੈਲਦੀ ਲਾਈਫ ਸਟਾਈਲ ਨੌਲੇਜ ਫਾਊਂਡੇਸ਼ਨ, ਅੰਮ੍ਰਿਤ ਸਾਗਰ ਫਾਊਂਡੇਸ਼ਨ, ਪੰਜਾਬੀ ਸ਼ਬਦ ਸਾਂਝ ਸੁਸਾਇਟੀ ਅਤੇ ਪੰਜਾਬੀ ਮੀਡੀਆ ਵਲੋਂ- ਸ਼੍ਰੀ ਹਰਚਰਨ ਪਰਹਾਰ, ਗੁਰਦੀਪ ਪਰਹਾਰ, ਸਤਵਿੰਦਰ ਸਿੰਘ, ਜਗਤਾਰ ਸਿੰਘ, ਬਲਜਿੰਦਰ ਸੰਘਾ ਅਤੇ ਚੰਦ ਸਿੰਘ ਸਦਿਉੜਾ ਨੇ ਸ਼ਮੂਲੀਅਤ ਕੀਤੀ। ਸ਼੍ਰੀ ਮਤੀ ਗੁਰਦੀਸ਼ ਗਰੇਵਾਲ ਨੇ ਅੰਤ ਵਿੱਚ ਇਹਨਾਂ ਸਤਰਾਂ ਨਾਲ ਆਪਣੇ ਪਾਠਕਾਂ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ-

'ਤੁਸਾਂ ਜੋ ਮਾਣ ਦਿੱਤਾ ਏ, ਮੈਂ ਉਸ ਤੇ ਫੁੱਲ ਚੜ੍ਹਾਉਂਦੀ ਹਾਂ।
ਤੁਹਾਡੇ ਪਰਾਂ ਦੇ ਸਦਕੇ, ਅਕਾਸ਼ੇ ਉਡਣਾ ਚਾਹੁੰਦੀ ਹਾਂ।
ਮੈਂ ਇੱਕ ਝਰਨੇ ਦਾ ਪਾਣੀ, ਨਾ ਸਾਗਰ ਤੱਕ ਪਹੁੰਚ ਮੇਰੀ,
ਤੁਹਾਡੀ ਤਾਕਤ ਸਦਕਾ ਹੀ, ਮੈਂ ਇੱਕ ਨਦੀ ਕਹਾਉਂਦੀ ਹਾਂ।
ਤੁੱਛ ਜਿਹੇ ਸ਼ਬਦ ਇਹ ਮੇਰੇ, ਬਣਨ ਧੜਕਣ ਕਿਸੇ ਦਿੱਲ ਦੀ,
ਖ਼ੁਦਾ ਤੋਂ ਹਿੰਮਤ ਮੰਗਦੀ ਹਾਂ, ਤੁਹਾਡੀ ਅਸੀਸ ਚਾਹੁੰਦੀ ਹਾਂ।

# ਬਹੁਪੱਖੀ ਕਲਾਵਾਂ ਦਾ ਧੰਨੀ- ਦਿਲਬਾਗ ਮੋਰਿੰਡਾ

ਕਿਸੇ ਵੀ ਸਟੇਜੀ ਬੁਲਾਰੇ ਕੋਲ ਮਿਆਰੀ ਸ਼ਬਦਾਵਲੀ ਦਾ ਭੰਡਾਰ ਹੋਣਾ ਹੀ ਕਾਫੀ ਨਹੀਂ ਹੁੰਦਾ,ਸਗੋਂ ਉਸ ਸ਼ਬਦਾਵਲੀ ਨੂੰ ਸਰੋਤਿਆਂ ਦੀ ਨਜਰ ਨੂੰ ਪਛਾਣਦਿਆਂ ਸਮੇਂ ਤੇ ਸਥਾਨ ਅਨੁਸਾਰ ਢੁੱਕਵੀ ਤਰਤੀਬ ਨਾਲ ਪੇਸ਼ ਕਰਨ ਦਾ ਵੱਲ ਵੀ ਆਉਣਾ ਚਾਹੀਦਾ ਹੈ। ਇਸ ਵਿੱਚ ਹੀ ਉਸ ਦੀ ਕਲਾ ਮੰਨੀ ਜਾਂਦੀ ਹੈ। ਇਹੋ ਜਿਹੀਆਂ ਖੂਬੀਆਂ ਆਪਣੇ ਅੰਦਰ ਸਮੋਈ ਬੈਠੇ ਮਿਹਨਤੀ ਤੇ ਸਿਰੜੀ ਤੇ ਕਲਾਕਾਰ ਦਾ ਨਾਮ ਹੈ ਦਿਲਬਾਗ। ਥੀਏਟਰ ਚੋਂ ਸਟੇਜੀ ਸੰਚਾਲਕ ਦੇ ਸਫਰ ਵੱਲ ਆ ਕੇ ਕਾਮਯਾਬੀ ਭਰੀਆਂ ਪੁਲਾਂਗਾਂ ਨਾਲ ਅੱਗੇ ਵੱਧ ਰਿਹਾ ਇਹ ਕਲਾਕਾਰ ਉੱਤਰੀ ਭਾਰਤ ਵਿੱਚੋਂ ਕਾਮੇਡੀ ਕਲਾਕਾਰ ਦੇ ਕਰਵਾਏ ਮੁਕਾਬਲਿਆਂ ਲਾਫਟਰ ਚੈਲੇਂਜ 4 ਵਿੱਚ ਸਫਲ ਰਿਹਾ। ਇਸ ਮਿਲਾਪੜੇ ਤੇ ਹੱਸਮੁੱਖ ਸੁਭਾਅ ਵਾਲੇ ਕਲਾਕਾਰ ਦਾ ਜਨਮ ਮੋਰਿੰਡਾ ਸ਼ਹਿਰ (ਰੋਪੜ) ਵਿੱਚ ਪਿਤਾ ਰਾਮ ਸ਼ਰਨ ਦੇ ਘਰ ਮਾਤਾ ਮਹਿੰਦਰ ਕੋਰ ਦੀ ਕੱਖੋਂ ਹੋਇਆ। ਦਿਲਬਾਗ ਨੇ ਇਸ ਖੇਤਰ ਵਿੱਚ ਆਪਣੇ ਭਰਾ ਗੀਤਕਾਰ ਪ੍ਰੀਤ ਮੋਰਿੰਡਾ ਦੀ ਉਂਗਲ ਫੜ ਕੇ ਤੁਰਨਾ ਸਿੱਖਿਆ, ਤੇ ਉਹ ਕ੍ਰਿਸ਼ਨ ਲਾਲ ਭਾਟੀਆ ਨੂੰ ਆਪਣਾ ਉਸਤਾਦ ਮੰਨਦਾ ਹੈ,ਜਿਨ੍ਹਾਂ ਤੋਂ ਉਸ ਨੂੰ ਬਹੁਤ ਕੁੱਝ ਪ੍ਰਾਪਤ ਹੋਇਆ। ਦਿਲਬਾਗ ਨੂੰ ਉੱਘੇ ਰੰਗਕਰਮੀ ਤੇ ਸਾਹਿਤਕਾਰ ਰਾਬਿੰਦਰ ਸਿੰਘ ਰੱਬੀ ਨੇ ਆਪਣੇ ਨਾਟਕਾਂ ਵਿੱਚ ਕਲਾਕਾਰੀ ਕਰਨ ਦਾ ਮੌਕਾ ਦਿੱਤਾ ਜਿੱਥੇ ਉਸ ਨੇ ਆਪਣੀ ਕਲਾ ਦੇ ਜੌਹਰ ਦਿਖਾ ਚੰਗੀ ਵਾਹ ਵਾਹ ਖੱਟੀ। ਦਿਲਬਾਗ ਯੂਥ ਵੈਲਫੇਅਰ ਐਸੋਸੀਏਸ਼ਨ ਪੰਜਾਬ ਵਲੋਂ ਚਲਾਈ ਲੋਕ ਜਾਗ੍ਰਿਤੀ ਮੁਹਿੰਮ ਦੌਰਾਨ ਸੱਜਰੀ ਸਵੇਰ ਕਲਾ ਕੇਂਦਰ ਮੋਰਿੰਡਾ ਦੇ ਬੈਨਰ ਹੇਠ ਅਨੇਕਾਂ ਵਾਰ ਖੁੱਲ੍ਹੀਆਂ ਸਟੇਜਾਂ 'ਤੇ ਨਾਟਕ ਖੇਡਦਾ ਰਿਹਾ ਹੈ। ਇਨ੍ਹਾਂ ਨਾਟਕਾਂ ਰਾਂਹੀ ਕਮੇਡੀ ਦੇ ਰੂਪ ਵਿੱਚ ਕੀਤੀ ਅਦਾਕਾਰੀ ਨੇ ਲੋਕਾਂ ਦੇ ਦਿਲਾਂ ਉੱਤੇ ਵੱਖਰੀ ਛਾਪ ਛੱਡੀ,ਦਿਲਬਾਗ ਦੀ ਅਦਾਕਾਰੀ ਦੀ ਜਿੰਨੀ ਤਰੀਫ ਕੀਤੀ ਜਾਵੇ ਘੱਟ ਹੈ। ਇਸ ਕਮੇਡੀ ਦੀ ਬਦੌਲਤ ਦਿਲਬਾਗ ਨੂੰ ਜਲੰਧਰ ਦੂਰਦਰਸ਼ਨ ਕੇਂਦਰ ਵਿੱਚ ਪਹੁੰਚਣ ਦਾ ਸੁਭਾਗ ਪ੍ਰਾਪਤ ਹੋਇਆ। ਡੀ.ਡੀ ਪੰਜਾਬੀ ਚੈਨਲ ਦੇ ਪ੍ਰੋਗਰਾਮ ਕਿੰਗ ਕੌਣ ਹਾਸਿਆਂ ਦਾ ਵਿੱਚ ਦਿਲਬਾਗ ਨੇ ਆਪਣੀ ਕਲਾ ਦੇ ਰੰਗਾਂ ਰਾਂਹੀ ਲੋਕਾਂ ਦਾ ਖੂਬ ਮਨੋਰੰਜਨ ਕੀਤਾ ਹੈ। ਇਸ ਤੋਂ ਇਲਾਵਾ ਇਸ ਕਲਾਕਾਰ ਨੂੰ ਕਾਮੇਡੀ ਕਲਾਕਾਰ ਗੁਰਪ੍ਰੀਤ ਘੁੱਗੀ ਨਾਲ ਪੰਜਾਬੀ ਫਿਲਮ "ਜੀ ਆਇਆਂ ਨੂੰ" ਤੋਂ ਇਲਾਵਾ ਟੈਲੀਫਿਲਮ "ਪ੍ਰਦੇਸ" ਕਾਮੇਡੀ ਫਿਲਮ "ਭੁੱਖ ਦੇ ਫੁੱਫੜ" ਅਤੇ ਸੀਰੀਅਲ "ਕੱਚ ਦੀਆਂ ਵੰਗਾਂ" ਵਿੱਚ ਕੰਮ



ਕਰਨ ਦਾ ਮੌਕਾ ਮਿਲਿਆ। ਮਾਵੀ ਇੰਟਰਟੇਨਮੈਂਟ ਗੱਰੁਪ ਨਾਲ ਜੁੜ ਕੇ ਜਿੱਥੇ ਦਿਲਬਾਗ ਲੋਕਾਂ ਦਾ ਮਨੋਰੰਜਨ ਕਰਦਾ ਹੈ, ਉੱਥੇ ਹੀ ਮੂਰਖ ਕਲਾ ਮੰਚ ਰਾਂਹੀ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਮਹਿੰਗਾਈ ਅਤੇ ਸਮਾਜਿਕ ਕੁਰੀਤੀਆਂ ਨੂੰ ਵਿਅੰਗਮਈ ਢੰਗ ਨਾਲ ਪੇਸ਼ ਕਰਕੇ ਲੋਕਾਂ ਨੂੰ ਜਾਗਰੂਕ ਕਰਦਾ ਹੈ। ਇਸ ਕਲਾਕਾਰ ਨੇ ਪੰਜਾਬ ਦੇ ਕਈ ਨਾਮਵਰ ਕਲਾਕਾਰਾਂ ਨਾਲ ਸੱਭਿਆਚਾਰਕ ਮੇਲਿਆਂ ਵਿੱਚ ਬਤੌਰ ਮੰਚ ਸੰਚਾਲਕ ਦੇ ਤੌਰ 'ਤੇ ਨਾਮਣਾ ਖੱਟਿਆ ਹੈ। ਕਾਮੇਡੀ ਖੇਤਰ ਵਿੱਚ ਭਗਵੰਤ ਮਾਨ ਨੂੰ ਆਪਣਾ ਆਦਰਸ਼ ਮੰਨਦਾ ਹੋਇਆ ਇਹ ਕਲਾਕਾਰ ਦੋ ਅਰਥੀ ਅਤੇ ਲੱਚਰ ਕਮੇਡੀ ਤੋਂ ਕੋਹਾਂ ਦੂਰ ਰਹਿ ਕੇ ਪੰਜਾਬੀ ਸੱਭਿਆਚਾਰ ਦੇ ਵਿਕਾਸ ਦੀ ਖੈਰ ਲੋਚਦਾ ਹੈ। ਇਸ ਖੇਤਰ ਸੰਬੰਧੀ ਗੱਲ ਕਰਦਿਆਂ ਦਿਲਬਾਗ ਦਾ ਕਹਿਣਾ ਹੈ ਕਿ ਮੈਂ ਹਰ ਵੇਲੇ ਪ੍ਰਮਾਤਮਾ ਅੱਗੇ ਇਹੀ ਦੁਆ ਕਰਦਾ ਹਾਂ ਕਿ ਮੈਂ ਓਹੀ ਕੁੱਝ ਸਰੋਤਿਆਂ ਦੇ ਰੂਬਰੂ ਕਰਾਂ,ਜਿਸ ਤੋਂ ਸਾਡਾ ਸਮਾਜ ਸਮਾਜਿਕ ਕੁਰੀਤੀਆਂ ਤੋਂ ਜਾਗਰੂਕ ਹੋ ਸਕੇ, ਕਮੇਡੀ ਦੇ ਨਾਲ ਨਾਲ ਗੀਤਕਾਰੀ ਅਤੇ ਗਾਇਕੀ ਦਾ ਸ਼ੌਂਕ ਰੱਖਣ ਵਾਲੇ ਦਿਲਬਾਗ ਦਾ ਹਾਲ ਹੀ ਵਿੱਚ ਕਲਮਬੱਧ ਕੀਤਾ ਗੀਤ ਸੰਦੀਪ ਸਾਰੰਗ ਤੇ ਮਿਸ ਕੋਮਲ ਦੀ ਆਵਾਜ ਵਿੱਚ "ਬਲੈਕ ਸੂਟ" ਰਿਕਾਰਡ ਹੋਇਆ ਹੈ। ਜਲਦ ਹੀ ਦਿਲਬਾਗ ਆਪਣੀ ਸੁਰੀਲੀ ਆਵਾਜ ਵਿੱਚ "ਜੋਗ ਲੈ ਕੇ ਜੋਗੀ ਤੋਂ, ਬੂਹੇ ਆਣ ਕੇ ਹੀਰ ਦੇ ਖੜੇ ਆ" ਗੀਤ ਲੈ ਕੇ ਸਰੋਤਿਆਂ ਦੀ ਕਚਿਹਰੀ ਵਿੱਚ ਹਾਜ਼ਰ ਹੋ ਰਿਹਾ ਹੈ।



**ਗੁਰਪ੍ਰੀਤ ਬੱਲ**
**ਰਾਜਪੁਰਾ**

ਦਿਲਬਾਗ ਦਾ ਮੰਨਣਾ ਹੈ ਕਿ ਲਗਨ,ਮਿਹਨਤ ਤੇ ਇਮਾਨਦਾਰੀ ਨਾਲ ਕੀਤੇ ਕੰਮ ਫਲ ਜ਼ਰੂਰ ਮਿਲਦਾ ਹੈ, ਸ਼ਾਲਾ ਸਰੋਤੇ ਬਹੁਪੱਖੀ ਕਲਾਵਾਂ ਦੇ ਧੰਨੀ ਦਿਲਬਾਗ ਨੂੰ ਏਦਾਂ ਹੀ ਪਿਆਰ ਬਖਸ਼ਦੇ ਰਹਿਣ ਅਤੇ ਦਿਲਬਾਗ ਆਪਣੀ ਸਾਫ-ਸੁਥਰੀ ਕਲਾ ਨੂੰ ਸਮਰਪਿਤ ਰਹਿੰਦਿਆਂ ਇਸੇ ਤਰਾਂ ਅੱਗੇ ਵਧਦਾ ਰਹੇ।

# ਪੀ.ਸੀ.ਐਸ. ਸੈਕਰਾਮੈਂਟੋ ਦੇ 28ਵੇਂ ਵਿਸਾਖੀ ਮੇਲੇ ਨੇ ਕਰਾਈ ਬੱਲੇ-ਬੱਲੇ

## 150 ਕਲਾਕਾਰਾਂ ਨੇ ਸਿਰਜਿਆ ਰੰਗੀਨ ਮਹੌਲ




















**ਸੈਕਰਾਮੈਂਟੋ (ਹਰਜਿੰਦਰ ਪੰਧੇਰ):** ਸਥਾਨਕ ਸ਼ੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿੱਚ ਲੰਘੇ ਸਨਿਚਰਵਾ ਵਿਸਾਖੀ ਦੇ ਮੇਲੇ ਵਿੱਚ ਹਿਸਾ ਲੈਣ ਆਏ ਕਲਾਕਾਰਾਂ ਨੇ ਇੱਕ ਤੋਂ ਵਧਕੇ ਇੱ ਆਪਣੀ ਕਲਾ ਦੇ ਉਹ ਬਾ-ਕਮਾਲ ਜ਼ੌਹਰ ਵਿਖਾਏ ਕਿ ਭਰੇ ਹਾਲ ਵਿੱਚ ਬੈਠੇ ਦਰਸ਼ਕ ਉਹਨਾਂ ਦੀ ਮਿਹਨਤ ਅਤੇ ਸ਼ੋਖ ਅਦਾਵਾਂ ਤੱਕ ਅੱਸ਼ ਅੱਸ਼ ਕਰ ਉੱਠੇ। ਉਹਨਾਂ ਦੀ ਪ੍ਰਸ਼ੰਸਾ 'ਚ ਹਾਲ ਵਾਰ ਵਾਰ ਤਾੜੀਆਂ ਤੇ ਹੱਲਾ ਸ਼ੇਰੀਆਂ ਨਾਲ ਗੂੰਜਦਾ ਰਿਹਾ। ਮੇਲੇ ਦਾ ਅਰੰਭ ਮਿਥੇ ਸਮੇਂ ਅਨੁਸਾਰ ਸੰਸਥਾ ਦੀ ਰੂਹੇ-ਰਵਾਂ ਰਛਪਾਲ ਫਰਵਾਲਾ ਦੁਆਰਾ ਮੇਲਾ ਦੇਖਣ ਆਏ ਸਮੂਹ ਮਹਿਮਾਨ ਦਰਸ਼ਕਾਂ ਦਾ ਸਵਾਗਤ ਕਰਨ ਨਾਲ ਹੋਇਆ। ਉਹਨਾਂ ਦੱਸਿਆ ਕਿ ਇਸ ਸੰਸਥਾ ਦਾ ਮੂਲ ਮੰਤਵ ਇਸ ਬਹੁਸੱਭਿਆਚਾਰੀ ਗਲੋਬਲ ਖੇਤਰ ਵਿੱਚ ਪੰਜਾਬੀ ਸੱਭਿਆਚਾਰ ਦੀਆਂ ਨਰੋਈਆਂ ਕਦਰਾਂ ਕੀਮਤਾਂ, ਸਨੇਹ ਤੇ ਅਪਣੱਤ ਭਰੇ ਪਿਆਰੇ ਵਿਰਸੇ ਨੂੰ ਮੌਲਿਕ ਰੂਪ ਦੇਕੇ ਸੰਜੀਵ ਰੱਖਣਾ ਹੈ। ਇਸ ਉਪਰੰਤ ਜਸਵੰਤ ਸ਼ਾਦ ਨੇ ਆਪਣੇ ਨਾਟਕੀ ਅੰਦਾਜ਼ ਵਿੱਚ ਸਟੇਜ ਸੰਭਾਲਦਿਆਂ ਕਲਾਕਾਰਾਂ ਨੂੰ ਮੰਚ ਤੇ ਆਉਣ ਦਾ ਸੱਦਾ ਦਿਤਾ। ਸੱਭ ਤੋਂ ਪਹਿਲਾਂ ਬੇ-ਏਰੀਏ ਤੋਂ ਆਈ 'ਬਲਜੀਤ ਸਿੰਘ ਬੰਬਾ ਉਸਤਾਦ ਜੀ' ਦੀ ਗੱਤਕਾ ਟੀਮ ਨੇ ਆਪਣੇ ਜੋਸ਼ ਭਰੇ ਖਾਲਸਾਈ ਰੂਪ ਵਿੱਚ ਗੱਤਕੇ ਦੇ ਜੌਹਰ ਵਿਖਾਉਂਦਿਆਂ ਦਰਸ਼ਕਾਂ ਨੂੰ ਇੱਕ ਖਾਸ ਭਾਵਨਾ ਨਾਲ ਧੁਰ ਅੰਦਰ ਤੀਕ ਟੁੰਬ ਦਿੱਤਾ।

ਇਸ ਤੋਂ ਬਾਅਦ ਵਰਿੰਦਰ ਫਰਵਾਲਾ, ਜਸਵੰਤ ਸ਼ਾਦ ਅਤੇ ਪ੍ਰਨੀਤ ਸਿੱਧੂ ਦੁਆਰਾ ਤਿਆਰ ਕਰਵਾਈਆਂ ਗਈਆਂ ਨਿੱਕੇ ਨਿੱਕੇ ਬੱਚਿਆਂ ਦੀਆਂ ਟੀਮਾਂ ਨੇ ਸਟੇਜ ਤੇ ਸਿਤਾਰੇ ਜੜ੍ਹਨ ਵਾਲੀ ਗੱਲ ਕੀਤੀ।

ਤਿੰਨ ਤਿੰਨ ਚਾਰ ਚਾਰ ਸਾਲ ਦੀਆਂ ਬੱਚੀਆਂ ਰੰਗ ਬਰੰਗੀਆਂ ਪੰਜਾਬੀ ਪੁਸ਼ਾਕਾਂ ਤੇ ਝਿਲਮਿਲ ਕਰਦੇ ਗਹਿਣੇ ਪਾਈ ਸਟੇਜ ਤੇ ਤਿਤਲੀਆਂ ਵਾਂਗਰ ਉੱਡ ਰਹੀਆਂ ਸੱਨ। ਉਹਨਾਂ ਦੀ ਕਲਾ ਅਤੇ ਅਦਾਕਾਰੀ ਦੇ ਕਮਾਲ ਪਿੱਛੇ ਉਹਨਾਂ ਦੇ ਆਪਣੇ ਸ਼ੌਕ ਤੇ ਮਿਹਨੱਤ ਤੋਂ ਦੇਖਣ ਵਾਲੀਆਂ ਅੱਖੀਆਂ ਵਾਰੇ ਵਾਰੇ ਜਾ ਰਹੀਆਂ ਸੱਨ। ਪ੍ਰਨੀਤ ਸਿੱਧੂ ਨੇ ਤਾਂ ਆਪਣੀ ਅਣਥੱਕ ਮਿਹਨਤ ਨਾਲ 6 ਟੀਮਾਂ ਨੂੰ ਜਿਸ ਸੰਜੀਦਗੀ ਨਾਲ ਤਿਆਰ ਕਰਕੇ ਲਿਆਂਦਾ ਸੀ ਉਸ ਦੀ ਦਾਦ ਦੇਣੀ ਬਣਦੀ ਹੈ।

ਗਿੱਧੇ, ਭੰਗੜੇ ਤੇ ਡਾਂਸ ਦੀਆਂ ਟੀਮਾਂ ਜੋ ਇਕ ਤੋਂ ਵੱਧ ਇੱਕ ਖੂਬਸੂਰਤ ਸੀ ਵਿੱਚ 150 ਕਲਾਕਾਰਾਂ ਨੇ ਵੱਧ ਚੜ੍ਹ ਕੇ ਹਿਸਾ ਲਿਆ। ਗਾਇਕੀ ਦੇ ਦੌਰ ਵਿੱਚ ਸਾਫ ਸੁਥਰੀ ਪੰਜਾਬੀ ਸਭਿਆਚਾਰ ਗਾਇਕੀ ਦੇ ਨਾਮਵਰ ਗਾਇਕਾਂ ਹਰਦੀਪ ਦੁਆਬੀਆ, ਪੰਮੀ ਮਾਨ, ਗੁਰਿੰਦਰ ਗੁਰੀ, ਜੀਤਾ ਗਿੱਲ, ਅਤੇ ਰਛਪਾਲ ਫਰਵਾਲਾ ਨੇ ਆਪੋ ਆਪਣੇ ਰਸ-ਭਿੰਨੇ ਅੰਦਾਜਾਂ ਨਾਲ ਪੂਰੇ ਹਾਲ ਨੂੰ ਮੰਤਰ-ਮੁਗਦ ਕਰੀ ਰੱਖਿਆ।

ਇਸ ਸੁਸਾਇਟੀ ਵਲੋਂ ਸਾਹਿਤ ਅਤੇ ਸਮਾਜ ਦੀ ਸੇਵਾ ਕਰਨ ਵਾਲ਼ੀਆਂ ਉਘੀਆਂ ਸ਼ਖਸੀਅਤਾਂ ਨੂੰ ਸਨਮਾਨਤ ਕਰਨ ਵਾਲੀ ਪਾਈ ਸ਼ਾਨਦਾਰ ਪ੍ਰਥਾ ਅਨੁਸਾਰ ਇਸ ਵਾਰ ਪੰਜਾਬੀ ਸਾਹਿਤ ਵਿੱਚ ਜੀਵਨੀ ਮੂਲਕ ਨਾਵਲ ਪ੍ਰਥਾ ਦੇ ਸਿਰਜਣਹਾਰੇ: ਇੰਦਰ ਸਿੰਘ ਖ਼ਾਮੋਸ਼ ਤੋਂ ਇਲਾਵਾ ਇਸ ਸੰਸਥਾ ਨਾਲ 20 ਸਾਲਾਂ ਤੋ ਜੁੜੇ ਰਾਜਿੰਦਰ ਪਾਲ ਸਿੰਘ ਅਤੇ ਉਹਨਾਂ ਦੀ ਸੁਪਤਨੀ ਬਲਦੇਵ ਕੌਰ ਨੂੰ ਵਿਸ਼ੇਸ ਸਨਮਾਨ ਨਾਲ ਨਿਵਾਜਿਆ ਗਿਆ। ਹਰਜਿੰਦਰ ਪੰਧੇਰ ਵਲੋਂ ਇੰਦਰ ਸਿੰਘ ਖ਼ਾਮੋਸ਼ ਦੀਆਂ ਸਾਹਿਤਕ ਪ੍ਰਾਪਤੀਆਂ ਦੀ ਸੰਖੇਪ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ ਗਈ। ਮੇਲੇ ਵਿੱਚ ਪੰਜਾਬੀ ਸਾਹਿਤ ਸਭਾ ਸਟਾਕਟਨ ਤੋਂ ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ, ਅਤੇ ਚਰਨਜੀਤ ਸਿੰਘ ਸਾਹੀ ਨੇ ਪਰਿਵਾਰ ਸਮੇਤ ਭਾਗ ਲਿਆ। ਉਹਨਾਂ ਇਸ ਮੇਲੇ ਦੀ ਖੂਬ ਪ੍ਰਸ਼ੰਸਾ ਵੀ ਕੀਤੀ।

ਪ੍ਰਬੰਧਕ ਕਮੇਟੀ ਵਲੋਂ ਮੇਲੇ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੇ ਕਲਾਕਾਰਾਂ ਨੂੰ ਉਤਸ਼ਾਹਤ ਕਰਨ ਲਈ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਸਟੇਜ ਨੂੰ ਪੂਰਾ ਸਮਾਂ ਜਸਵੰਤ ਸ਼ਾਦ ਨੇ ਪੂਰੀ ਸ਼ਿਦਤ ਨਾਲ ਆਪਣੇ ਅੰਦਾਜ਼ ਰਾਹੀਂ ਸੰਭਾਲਿਆ।

ਸਮਾਗਮ ਦੇ ਅੰਤ ਉਤੇ ਕਮੇਟੀ ਵਲੋਂ ਪ੍ਰਵਾਰਾਂ ਸਮੇਤ ਮੇਲਾ ਵੇਖਣ ਪਹੁੰਚੇ ਸਮੂਹ ਦਰਸ਼ਕਾਂ, ਸਪਾਂਸਰਾਂ ਅਤੇ ਨਿਊਜ਼ ਮੀਡੀਏ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਚੁੰਬਰ ਦਾ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ। ਸਮੁੱਚੇ ਸਮਾਗਮ ਦੀ ਫੋਟੋਗਰਾਫੀ ਦੀ ਜਿੰਮੇਵਾਰੀ ਭੁਪਿੰਦਰ ਰੇਹਲ ਅਤੇ ਪ੍ਰੇਮ ਚੁੰਬਰ ਜੀ ਨੇ ਬਾਖ਼ਬੀ ਨਿਭਾਈ ਮੇਲੇ ਨੂੰ ਕਾਮਯਾਬ ਕਰਨ ਲਈ ਸਮੂਹ ਮੈਂਬਰਾਂ:ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ, ਤੀਰਥ ਸਹੋਤਾ, ਪਰਮਜੀਤ ਢਿਲੋਂ, ਅਜਾਇਬ ਕਾਹਲੋਂ, ਦੇਬੀ ਗਿੱਲ, ਸੁੱਖਰਾਜ ਔਲੱਖ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਡੌਡ, ਹਰਜਿੰਦਰ ਪੰਧੇਰ, ਮਨੋਹਰ ਲਾਲ ਰੱਤੀ, ਵਿਜੇ ਪਰਿਹਾਰ, ਰਾਜ ਬਰਾੜ, ਬਖ਼ਸ਼ੀਸ ਗਿੱਲ, ਦਲਜੀਤ ਲੋਪੋਂ, ਬਲਵੰਤ ਕੰਦੋਲਾ, ਹਰਕਿੰਦਰ ਬਾਸੀ, ਪ੍ਰੇਮ ਚੁੰਬਰ, ਜਤਿੰਦਰ ਬੀਸਲਾ, ਬਲਦੇਵ ਗਰੇਵਾਲ, ਗੁਰਪਾਲ ਤੱਖਰ, ਰਛਪਾਲ ਫਰਵਾਲਾ, ਯਾਦਵਿੰਦਰ ਗਿੱਲ, ਲਖਵਿੰਦਰ ਸਿੰਘ, ਸਤਵਿੰਦਰ ਸਰਹੱਦੀ, ਗੁਰਮਿੰਦਰ ਗੁਰੀ, ਭੁਪਿੰਦਰ ਰਹਿਲ, ਜਰਨੈਲ ਮੰਦਰ, ਜਗਜੀਤ ਕੰਦੋਲਾ ਅਤੇ ਮਨਜੀਤ ਢਿਲੋਂ ਨੇ ਭਰਭੂਰ ਯੋਗਦਾਨ ਪਾਇਆ। ਅੰਤ ਉਤੇ ਬੀਬੀ ਮਨਦੀਪ ਕੌਰ ਫਰਵਾਲਾ ਨੇ ਵਿਸ਼ੇਸ ਜਾਣਕਾਰੀ ਦਿੰਦਿਆਂ ਦਸਿਆ ਕਿ ਇਸੇ ਸੰਸਥਾ ਵਲੋਂ ਤੀਆਂ ਦਾ ਮੇਲਾ 06 ਅਗਸਤ (ਦਿੱਨ ਐਤਵਾਰ)2017 ਨੂੰ 'ਲੂਥਰ ਬਰਬੈਂਕ ਹਾਈ ਸਕੂਲ' ਵਿੱਚ ਦਿੱਨੇ 01 ਵਜੇ ਮਨਾਇਆ ਜਾਵੇਗਾ। ਹੋਰ ਵਧੇਰੇ ਜਾਣਕਾਰੀ ਲਈ ਰਛਪਾਲ ਫਰਵਾਲਾ ਜੀ ਨੂੰ ( 916-880- 0531) ਤੇ ਫੋਨ ਕੀਤਾ ਜਾ ਸਕਦਾ ਹੈ। **(ਹੋਰ ਤਸਵੀਰਾਂ ਪੰਨਾ 20 ਤੇ)**

# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਸੈਕਰਾਮੈਂਟੋ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ













**ਸੈਕਰਾਮੈਂਟੋ –** ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਆਰਗੇਨਾਈਜੇਸ਼ਨ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਨ ਸੈਕਰਾਮੈਂਟੋ ਦੀਆਂ ਸਮੂਹ ਸੰਗਤਾਂ ਵੱਲੋਂ ਬੜੇ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਹੋਲੀਡੇ ਇਨ ਐਲਕਗਰੋਵ ਸੈਕਰਾਮੈਂਟੋ ਵਿਖੇ ਮਨਾਇਆ ਗਿਆ। ਜਿਸ ਵਿਚ ਅੰਬੇਡਕਰ ਸੋਚ ਅਤੇ ਵਿਚਾਰਧਾਰਾ ਰੱਖਣ ਵਾਲੀਆਂ ਸੰਗਤਾਂ ਨੇ ਦੂਰੋਂ-ਨੇੜਿਉਂ ਆ ਕੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸਭਾ ਦੇ ਸਕੱਤਰ ਜਸਵੰਤ ਸ਼ੀਮਾਰ ਹੱਪੋਵਾਲੀਆ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਸਭ ਤੋਂ ਪਹਿਲਾਂ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋਂ ਦੇ ਸੇਵਾਦਾਰ ਭਾਈ ਸਾਹਿਬ ਭਾਈ ਜਸਪਾਲ ਸਿੰਘ ਨੇ 'ਦੇਹ ਸ਼ਿਵਾ ਬਰ ਮੋਹਿ ਇਹੈ' ਸ਼ਬਦ ਗਾਇਨ ਕੀਤਾ ਅਤੇ ਭਾਈ ਅਮਰਜੀਤ ਸਿੰਘ ਨੇ ਉਹਨਾਂ ਦਾ ਸਾਥ ਦਿੱਤਾ। ਇਸ ਪਿੱਛੋਂ ਸਕੱਤਰ ਜਸਵੰਤ ਸ਼ੀਮਾਰ ਨੇ ਫਿਰ ਸਟੇਜ ਸੰਭਾਲਦਿਆਂ ਇਹ ਦੱਸਿਆ ਕਿ ਕਿਵੇਂ ਇਹ ਆਰਗੇਨਾਈਜੇਸ਼ਨ ਹੋਂਦ ਵਿਚ ਆਈ ਅਤੇ ਕੀ-ਕੀ ਭਾਰਤ ਪੰਜਾਬ ਵਿਚ ਕੰਮ ਕੀਤੇ ਅਤੇ ਭਵਿੱਖ ਵਿਚ ਹੋਰ ਕਿਹੜੇ ਟੀਚੇ ਹਨ। ਸਭ ਤੋਂ ਪਹਿਲਾਂ ਸ. ਲਛਕਰ ਸਿੰਘ ਬੱਧਣ ਅਤੇ ਇੰਦਰਜੀਤ ਪਡਵੱਗਾ ਦੇ ਸਹਿਯੋਗ ਸਦਕਾ ਪੰਜਾਬ ਨਵਾਂ ਸ਼ਹਿਰ ਵਿਖੇ ਦੋ ਕੈਂਪ ਲਗਵਾਏ ਗਏ, ਜਿਸ ਵਿਚ ਕੁੜੀਆਂ ਨੂੰ ਸਿਲਾਈ-ਕਢਾਈ ਦੀ ਟਰੇਨਿੰਗ ਦੇ ਕੇ ਆਪਣਾ ਖੁਦ ਕੰਮ ਕਰਨ ਦੇ ਲਾਇਕ ਬਣਾਇਆ। ਟਰੇਨਿੰਗ ਖਤਮ ਹੋਣ ਤੋਂ ਬਾਅਦ ਸੰਸਥਾ ਦੇ ਕਨਵੀਨਰ ਮਹਿੰਦਰ ਸਿੰਘ ਧਾਮੀ ਹੋਰਾਂ ਨੇ ਪੰਜਾਬ ਨਵਾਂਸ਼ਹਿਰ ਜਾ ਕੇ ਫੰਕਸ਼ਨ ਕਰਵਾ ਕੇ ਲੜਕੀਆਂ ਨੂੰ ਸਰਟੀਫਿਕੇਟ ਵੰਡੇ। ਇਸ ਫੰਕਸ਼ਨ ਵਿਚ ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬ ਮਨਿਓਰਟੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ। ਟਰੇਨਿੰਗ ਖਤਮ ਹੋਣ ਤੇ ਲੜਕੀਆਂ ਨੂੰ ਮਸ਼ੀਨਾਂ ਅਤੇ ਰਾਅ ਮਟੀਰੀਅਲ ਦੇ ਨਾਲ ਨਾਲ ਕੈਸ਼ ਵੀ ਦਿੱਤੀ ਗਈ। ਮਹਿ-ੰਦਰ ਸਿੰਘ ਧਾਮੀ ਹੋਰਾਂ ਨੇ ਵਿਸਥਾਰ ਵਿਚ ਦੱਸਿਆ ਕਿ ਇਸ ਵਕਤ ਹੁਸ਼ਿਆਰਪੁਰ ਦੇ ਮੱਲਮਜਾਰਾ ਬਲਾਕ ਵਿਚ ਤਿੰਨ ਕੈਂਪ ਜੇ. ਆਰ. ਗੌਰਮਿੰਟ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਜੂਨ 2016 ਅਤੇ ਜਨਵਰੀ 2017 ਵਿਚ ਸ਼ੁਰੂ ਕੀਤੇ ਗਏ। ਇਹ ਤਿੰਨ ਪ੍ਰੋਗਰਾਮ ਸਰਕਾਰ ਵੱਲੋਂ ਸਹਿਯੋਗ ਦੇਣ ਨਾਲ ਹੀ ਸੰਭਵ ਹੋਏ। ਇਹਨਾਂ ਵਿਚ ਟੇਲਰਿੰਗ ਐਂਡ ਕਟਿੰਗ, ਫੈਸ਼ਨ ਡਿਜ਼ਾਇਨਿੰਗ, ਇਲੈਕਟ੍ਰੀਸ਼ਨ ਅਤੇ ਬਿਊਟੀ ਪਾਰਲਰ ਆਦਿ ਸਿਖਾਇਆ ਜਾਂਦਾ ਹੈ। ਇਹਨਾਂ ਪ੍ਰੋਗਰਾਮਾਂ ਦੀ ਗ੍ਰੈਜੂਏਸ਼ਨ ਹੋਣ ਤੇ ਕਲੋਜ਼ਿੰਗ ਸਮੇਂ ਅਕਤੂਬਰ ਵਿਚ ਸਰਟੀਫਿਕੇਟ ਵੰਡੇ ਜਾਣਗੇ। ਮਹਿੰਦਰ ਸਿੰਘ ਧਾਮੀ ਨੇ ਇਹ ਵੀ ਦੱਸਿਆ ਕਿ ਪੰਜਾਬ ਵਿਚ ਨਾਨ ਗੌਰਮਿੰਟ ਆਰਗੇਨਾਈਜੇਸ਼ਨ 34 ਵਿਚੋਂ ਇਸ ਸੰਸਥਾ ਨੂੰ 9ਵੇਂ ਸਥਾਨ ਤੇ ਮਾਨਤਾ ਦਿੱਤੀ, ਜਦਕਿ ਕੁੱਲ ਮਿਲਾ ਕੇ 11 ਸੰਸਥਾਵਾਂ ਨੂੰ ਮਾਨਤਾ ਦਿੱਤੀ ਗਈ। ਇਸ ਪ੍ਰੋਗਰਾਮ ਵਿਚ ਸੰਸਥਾ ਦੇ ਟਰੱਸਟੀਜ਼ ਇਕ ਥਾਂ ਤੇ ਸੁਸ਼ੋਭਿਤ ਸਨ।ਜਿਸ ਵਿਚ ਪ੍ਰਧਾਨ ਜੋਗਿੰਦਰ ਚੁੰਬਰ, ਕਰਨੈਲ ਵਿਰਕ, ਦਰਸ਼ਨ ਵਿਰਕ, ਲਸ਼ਕਰ ਸਿੰਘ ਬੱਧਣ, ਜਸਵਿੰਦਰ ਬੰਗਾ, ਮਹਿੰਦਰ ਸਿੰਘ ਧਾਮੀ ਆਦਿ ਸ਼ਾਮਲ ਸਨ। ਇਸ ਮੌਕੇ ਸਰਗਰਮ ਮੈਂਬਰ ਇੰਦਰਜੀਤ ਪਡਵੱਗਾ, ਰਾਜ ਬੰਧਣ, ਮਨਜੀਤ ਪਾਲ, ਰਸੀਦਾਂ ਕੱਟਦੇ ਨਜ਼ਰ ਆਏ। ਇਸ ਪ੍ਰੋਗਰਾਮ ਵਿਚ ਬੁਲਾਰਿਆਂ ਵਿਚੋਂ ਮਹਿੰਦਰ ਸਿੰਘ ਧਾਮੀ, ਵਿਨੋਦ ਚੁੰਬਰ, ਗੁਰਨਾਮ ਸਿੰਘ ਭੰਡਾਲ, ਸੇਵਕ ਰਾਮ ਭਾਟੀਆ, ਜਸਵਿੰਦਰ ਬੰਗਾ, ਕਰਨੈਲ ਸਿੰਘ, ਰਾਮ ਮੂਰਤੀ ਸਰੋਏ, ਬਲਜੀਤ ਸਿੰਘ ਕਾਹਮਾ, ਡਾ. ਹਰਮੇਸ਼ ਕੁਮਾਰ, ਮਿਸਟਰ ਕਲੇਅ, ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਦੇ ਪ੍ਰਧਾਨ ਰਮੇਸ਼ ਬੰਗੜ, ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਸਕੱਤਰ ਜੋਤੀ ਸਿੰਘ, ਗੀਤਕਾਰੀ ਮੰਚ ਦੇ ਪ੍ਰਧਾਨ ਮੱਖਣ ਲੁਹਾਰ, ਅੰਬੇਡਕਰ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਪਲਵਿੰਦਰ ਮਾਹੀ ਨੇ ਡਾ. ਅੰਬੇਡਕਰ ਦੀ ਵਿਚਾਰਧਾਰਾ ਬਾਰੇ ਵਿਚਾਰ ਸਾਂਝੇ ਕੀਤੇ। ਰਾਜ ਕੁਮਾਰ ਲੱਧੜ ਅਤੇ ਮਨਜੀਤ ਰੱਲ੍ਹ ਨੇ ਕ੍ਰਾਂਤੀਕਾਰੀ ਗੀਤ ਗਾ ਕੇ ਹਾਜ਼ਰੀ ਲਵਾਈ। ਇਸ ਮੌਕੇ ਸੰਸਥਾ ਦੀ ਪ੍ਰੰਪਰਾ ਅਨੁਸਾਰ ਰਾਮਮੂਰਤੀ ਸਰੋਏ (ਬੇਅ ਏਰੀਆ) ਨੂੰ ਸਮਾਜ ਲਈ ਕੀਤੇ ਕੰਮਾਂ ਲਈ ਸੰਸਥਾ ਵੱਲੋਂ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਸਕੱਤਰ ਵੱਲੋਂ ਇੰਡੀਆ ਪੰਜਾਬ ਵਿਚ ਹੁਸ਼ਿਆਰਪੁਰ ਵਿਚ ਮਹਿੰਦਰ ਸਿੰਘ ਧਾਮੀ ਵੱਲੋਂ ਕੀਤੇ ਕਾਰਜਾਂ ਲਈ ਸਰਾਹਿਆ ਗਿਆ। ਪ੍ਰਧਾਨ ਜੋਗਿੰਦਰ ਚੁੰਬਰ ਵੱਲੋਂ 'ਹਰ ਵਕਤ ਵੱਧ ਚੜ੍ਹ ਕੇ ਦਾਨ ਕਰਨ ਦੀ ਇੱਛਾ ਸ਼ਕਤੀ ਦੀ ਸ਼ਲਾਘਾ ਕੀਤੀ। ਕਿਡਸ ਕਮੇਟੀ ਅਜੇ ਪਡਵੱਗਾ, ਬੌਬੀ ਮੱਲ੍ਹ, ਮਾਨਵ ਮੰਢਾਲੀ, ਬਿੰਦਾ ਵਿਰਕ, ਗੁਰੂ ਘਰ ਦੇ ਪ੍ਰਧਾਨ ਰਮੇਸ਼ ਬੰਗੜ, ਚੇਅਰਮੈਨ ਬਲਵਿੰਦਰ ਰੱਲ੍ਹ, ਯੂਬਾ ਸਿਟੀ ਦੇ ਪ੍ਰਧਾਨ ਸ਼ਿੰਗਾਰਾ ਰੱਲ੍ਹ, ਰਾਮ ਸੇਵਕ ਭਾਟੀਆ ਅਤੇ ਸੈਕਰਾਮੈਂਟੋ ਬੇ-ਏਰੀਆ ਜਿਹਨਾਂ ਨੇ ਇਸ ਪ੍ਰੋਗਰਾਮ ਵਿਚ ਹਾਜ਼ਰੀ ਲਵਾ ਕੇ ਸਤਿਯੋਗ ਦਿੱਤਾ। ਸੰਸਥਾ ਸਾਰੀਆਂ ਸੰਸਥਾਵਾਂ ਤੇ ਸੰਗਤਾਂ ਦਾ ਧੰਨਵਾਦ ਕਰਦੀ ਹੈ।

ਇਹ ਪ੍ਰੋਗਰਾਮ ਸਾਰੀਆਂ ਸੰਗਤਾਂ ਦੇ ਸਹਿਯੋਗ ਨਾਲ ਕਾਮਯਾਬ ਹੋ ਨਿੱਬੜਿਆ। ਇਸ ਪ੍ਰੋਗਰਾਮ ਦੀਆਂ ਚਾਰੇ ਪਾਸਿਉਂ ਕਾਮਯਾਬੀ ਲਈ ਵਧਾਈਆਂ ਦੇ ਸੁਨੇਹਾ ਵੀ ਆਏ। ਸਕੱਤਰ ਜਸਵੰਤ ਸ਼ੀਮਾਰ ਨੇ ਸਟੇਜ ਸੇਵਾ ਬਾਖੂਬੀ ਨਿਭਾਈ। ਇਹ ਪ੍ਰੋਗਰਾਮ ਟਰੱਸਟੀਜ਼, ਜੋਗਿੰਦਰ ਚੁੰਬਰ, ਮਹਿੰਦਰ ਸਿੰਘ ਧਾਮੀ, ਕਰਨੈਲ ਵਿਰਕ, ਦਰਸ਼ਨ ਵਿਰਕ, ਜਸਵੰਤ ਸ਼ੀਮਾਰ, ਲਛਕਰ ਸਿੰਘ ਬੱਧਣ, ਜਸਵਿੰਦਰ ਬੰਗਾ ਅਤੇ ਮੈਂਬਰ ਇੰਦਰਜੀਤ ਪਡਵੱਗਾ, ਰਾਜ ਬੱਧਣ, ਮਨਜੀਤ ਪਾਲ ਦੀ ਮਿਹਨਤ ਸਦਕਾ ਸੰਪੂਰਨ ਹੋਇਆ। ਜਿਹਨਾਂ ਸੱਜਣਾਂ ਨੇ ਉਸ ਦਿਨ ਮਾਇਆ ਨਾਲ ਯੋਗਦਾਨ ਪਾਇਆ, ਸੰਸਥਾ ਉਹਨਾਂ ਸੱਜਣਾਂ ਦਾ ਵੀ ਧੰਨਵਾਦ ਕਰਦੀ ਹੈ।

ਦੀਪਕ ਸਰੋਆ ਅਤੇ ਗੁਰਬਚਨ ਚੋਪੜਾ ਨੇ ਸਮੇਂ ਦੀ ਘਾਟ ਹੋਣ ਕਾਰਨ ਵਡੱਪਣ ਦਿਖਾਉਂਦੇ ਹੋਏ ਆਪਣਾ ਨਾਂ ਬੁਲਾਰਿਆਂ ਵਿਚੋਂ ਵਾਪਸ ਲੈ ਲਿਆ। ਰਾਮ ਕੁਮਾਰ ਸੂਦ ਕਿਸੇ ਮਜ਼ਬੂਰੀ ਕਾਰਨ ਸ਼ਾਮਲ ਨਹੀਂ ਹੋ ਸਕੇ। ਅੰਤ ਵਿਚ ਸਾਰਿਆਂ ਨੇ ਡਿਨਰ ਦਾ ਆਨੰਦ ਮਾਣਿਆ।

# ਪੀ.ਸੀ.ਐਸ.ਸੈਕਰਾਮੈਂਟੋ ਦੇ 28ਵੇਂ ਵਿਸਾਖੀ ਮੇਲੇ ਨੇ ਕਰਾਈ ਬੱਲੇ-ਬੱਲੇ






